17-JAN-PAGE-1.qxd 1/16/2026 8:26 PM Page 1

ਸ਼ਨੀਵਾਰ, 17 ਜਨਵਰੀ, 2026
4 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 228

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 17 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਐੱਸ ਕੇ ਐੱਮ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਡੀ ਸੀ ਦਫਤਰਾਂ ਅੱਗੇ ਵਿਸ਼ਾਲ ਧਰਨੇ

## ਬਿਜਲੀ ਸੋਧ ਬਿੱਲ, ਬੀਜ ਬਿੱਲ 2025 ਰੱਦ ਕਰਨ, ਕਿਸਾਨਾਂ-ਮਜ਼ਦੂਰਾਂ ਦਾ ਕਰਜ਼ਾ ਖਤਮ ਕਰਨ, ਸਾਰੀਆਂ ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ, ਹੜ੍ਹ ਪੀੜਤਾਂ ਨੂੰ ਮੁਆਵਜ਼ਾ, ਕਿਸਾਨਾਂ-ਮਜ਼ਦੂਰਾਂ ਨੂੰ ਪੈਨਸ਼ਨ ਦੇਣ, ਵੀ ਬੀ ਜੀ-ਰਾਮ-ਜੀ ਕਾਨੂੰਨ ਰੱਦ ਕਰਕੇ ਮਗਨਰੇਗਾ ਕਾਨੂੰਨ ਬਹਾਲ ਕਰਨ ਦੀ ਮੰਗ, ਮੁਕਤ ਵਪਾਰ ਸਮਝੌਤਿਆਂ ਖਿਲਾਫ ਕੇਂਦਰ ਸਰਕਾਰ ਨੂੰ ਚਿਤਾਵਨੀ







**ਜਲੰਧਰ/ਅੰਮ੍ਰਿਤਸਰ/ਲੁਧਿਆਣਾ/ਤਰਨ ਤਾਰਨ (ਗਿਆਨ ਸੈਦਪੁਰੀ, ਰਾਜੇਸ਼ ਥਾਪਾ/ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਮਨੋਜ ਕੁਮਾਰ, ਸ਼ਸ਼ਪਾਲ ਸਿੰਘ/ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਸਤੀਸ਼ ਸਚਦੇਵਾ, ਪ੍ਰਦੀਪ ਸ਼ਰਮਾ/ਰਣਜੀਤ ਸਿੰਘ)**

ਸੰਯੁਕਤ ਕਿਸਾਨ ਮੋਰਚਾ ਅਤੇ ਸਾਂਝੇ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਔਰਤ ਤੇ ਹੋਰ ਜਨਤਕ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਸ਼ੁੱਕਰਵਾਰ ਸਾਰੇ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ 12 ਵਜੇ ਤੋਂ ਤਿੰਨ ਵਜੇ ਤੱਕ ਤਿੰਨ ਘੰਟੇ ਵਿਸ਼ਾਲ ਧਰਨੇ ਦੇ ਕੇ ਮੰਗਾਂ ਲਈ ਆਵਾਜ਼ ਬੁਲੰਦ ਕੀਤੀ ਗਈ।

ਧਰਨਿਆਂ ਵਿੱਚ ਬੁਲਾਰਿਆਂ ਨੇ ਬਿਜਲੀ ਸੋਧ ਬਿੱਲ ਰੱਦ ਕਰਨ, ਬੀਜ ਬਿੱਲ ਰੱਦ ਕਰਨ, ਮੁਕਤ ਵਪਾਰ ਸਮਝੌਤਿਆਂ ਵਿੱਚੋਂ ਖੇਤੀ ਅਤੇ ਲਾਗਵੇਂ ਖੇਤਰਾਂ ਨੂੰ ਬਾਹਰ ਰੱਖਣ, ਚਾਰ ਲੇਬਰ ਕੋਡ ਰੱਦ ਕਰਨ, ਮਗਨਰੇਗਾ ਕਾਨੂੰਨ ਬਹਾਲ ਕਰਨ, ਸਾਰੀਆਂ ਫਸਲਾਂ ਦੀ ਐੱਮ ਐੱਸ ਪੀ ਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਖਰੀਦ ਨੂੰ ਯਕੀਨੀ ਬਣਾਉਣ, ਕਿਸਾਨਾਂ-ਮਜ਼ਦੂਰਾਂ ਦਾ ਸਾਰਾ ਕਰਜ਼ਾ ਰੱਦ ਕਰਨ, ਕਿਸਾਨਾਂ ਅਤੇ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ 'ਤੇ 10,000 ਰੁਪਏ ਮਹੀਨਾ ਪੈਨਸ਼ਨ ਦੇਣ ਦੀਆਂ ਮੰਗਾਂ ਕੀਤੀਆਂ। ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਹੜ੍ਹ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਪਹਿਲਾਂ ਦਿੱਤੇ ਗਏ ਮੰਗ ਪੱਤਰ ਅਨੁਸਾਰ ਮੁਆਵਜ਼ਾ ਦੇਣ ਦੀ ਮੰਗ ਕੀਤੀ। ਕੱਚੀਆਂ ਜ਼ਮੀਨਾਂ ਦੇ ਮਾਲਕਾਂ ਲਈ ਵੀ ਪੂਰਾ ਪੂਰਾ ਮੁਆਵਜ਼ਾ ਮੰਗਿਆ ਗਿਆ। ਵੱਖ-ਵੱਖ ਥਾਵਾਂ ਤੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਆਗੂਆਂ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ, ਬੂਟਾ ਸਿੰਘ ਬੁਰਜ ਗਿੱਲ, ਨਿਰਭੈ ਸਿੰਘ ਢੁੱਡੀਕੇ, ਡਾ. ਦਰਸ਼ਨ ਪਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ , ਡਾ. ਸਤਨਾਮ ਸਿੰਘ ਅਜਨਾਲਾ, ਹਰਮੀਤ ਸਿੰਘ ਕਾਦੀਆਂ, ਬਲਜੀਤ ਸਿੰਘ ਗਰੇਵਾਲ, ਸੁਖਦੇਵ ਸਿੰਘ ਅਰਾਈਆਂਵਾਲਾ, ਬਲਵਿੰਦਰ ਸਿੰਘ ਮੱਲੀ ਨੰਗਲ, ਬੋਘ ਸਿੰਘ ਮਾਨਸਾ, ਫੁਰਮਾਨ ਸਿੰਘ ਸੰਧੂ, ਮਲੂਕ ਸਿੰਘ ਹੀਰਕੇ, ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸ਼ਾਦੀਪੁਰ, ਜੰਗਵੀਰ ਸਿੰਘ ਚੌਹਾਨ, ਹਰਦੇਵ ਸਿੰਘ ਸੰਧੂ, ਵੀਰ ਸਿੰਘ ਬੜਵਾ, ਨਛੱਤਰ ਸਿੰਘ ਜੈਤੋ, ਹਰਬੰਸ ਸੰਘਾ, ਪ੍ਰੇਮ ਸਿੰਘ ਭੰਗੂ, ਮੇਜਰ ਸਿੰਘ ਪੁੰਨਾਂਵਾਲ, ਹਰਜਿੰਦਰ ਸਿੰਘ ਟਾਂਡਾ, ਕਿਰਨਜੀਤ ਸਿੰਘ ਸੇਖੋਂ, ਨਿਰਵੈਲ ਸਿੰਘ ਡਾਲੇਕੇ, ਬਲਵਿੰਦਰ ਸਿੰਘ ਰਾਜੂ ਔਲਖ, ਕੰਵਲਪ੍ਰੀਤ ਸਿੰਘ ਪੰਨੂ, ਬਿਜਲੀ ਮੁਲਾਜ਼ਮ ਜਥੇਬੰਦੀ ਦੇ ਰਤਨ ਸਿੰਘ ਮੁਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਏਟਕ ਆਗੂ ਨਿਰਮਲ ਸਿੰਘ ਧਾਲੀਵਾਲ, ਸੀਟੂ (ਚੰਦਰ ਸੇਖਰ) ਤੋਂ ਮਹਾਂ ਸਿੰਘ ਰੋੜੀ, ਇਫਟੂ ਦੇ ਕੁਲਵਿੰਦਰ ਸਿੰਘ ਵੜੈਚ, ਸਾਂਝੇ ਮਜ਼ਦੂਰ ਮੋਰਚੇ ਦੇ ਲਛਮਣ ਸਿੰਘ ਸੇਵੇਵਾਲਾ, ਤਰਸੇਮ ਪੀਟਰ, ਗੁਰਨਾਮ ਸਿੰਘ ਦਾਊਦ, ਦੇਵੀ ਕੁਮਾਰੀ, ਹਰਪਾਲ ਸਿੰਘ, ਗੋਬਿੰਦ ਸਿੰਘ ਛਾਜਲੀ, ਬਿੱਕਰ ਸਿੰਘ ਹਥੋਆ ਅਤੇ ਕੁਲਵੰਤ ਸਿੰਘ ਸੇਲਬਰਾਹ ਨੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਅਹਿਦ ਕੀਤਾ।

### 'ਉੱਠ ਕਿਰਤੀਆਂ ਉੱਠ ਵੇ...'

ਕਿਰਤੀਆਂ ਦੇ ਰੋਸ ਪ੍ਰਦਰਸ਼ਨਾਂ ਦੌਰਾਨ ਕਿਰਤੀ ਵਰਗ ਦੇ ਸਿਰਮੌਰ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ 'ਉੱਠ ਕਿਰਤੀਆਂ ਉੱਠ ਵੇ ਉੱਠਣ ਦਾ ਵੇਲਾ...' ਤੇ ਹੋਰ ਗੀਤਾਂ ਦੀ ਵੀ ਗੂੰਜ ਪੈਂਦੀ ਰਹੀ।

ਬੁਲਾਰਿਆਂ ਨੇ ਦੱਸਿਆ ਕਿ 26 ਜਨਵਰੀ ਨੂੰ ਸਾਰੇ ਭਾਰਤ ਵਿੱਚ ਜਨਤਕ ਮਾਰਚ ਕੀਤੇ ਜਾਣਗੇ ਅਤੇ ਨਿੱਜੀਕਰਨ ਦੀਆਂ ਨੀਤੀਆਂ ਦੇ ਖਿਲਾਫ ਘੋਲ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਨਿੱਜੀਕਰਨ ਦੀਆਂ ਨੀਤੀਆਂ ਨੇ ਦੇਸ਼ ਦੇ ਸਾਰੇ ਕਿਰਤੀ ਵਰਗ ਦਾ ਜਿਉਣਾ ਮੁਹਾਲ ਕਰ ਦੇਣਾ ਹੈ। ਇਸ ਲਈ ਇਹ ਲੜਾਈ ਸਾਰੇ ਲੋਕਾਂ ਦੀ ਸਾਂਝੀ ਹੈ।

ਜਲੰਧਰ 'ਚ ਕੜਾਕੇ ਦੀ ਠੰਢ ਦੇ ਬਾਵਜੂਦ ਡੀ ਸੀ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਪਛਾੜਨ ਲਈ ਕਿਰਤੀ ਲੋਕ ਮਿਲ ਕੇ ਇਕ ਵੱਡਾ ਜਨ ਅੰਦੋਲਨ ਖੜਾ ਕਰਨ। ਇਸ ਮੌਕੇ ਇਕ ਮਤੇ ਰਾਹੀਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜੇਲ੍ਹੀਂ ਡੱਕੇ ਬਲਦੇਵ ਸਿੰਘ ਅਤੇ ਸ਼ਗਨਦੀਪ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮੋਹਨ ਸਿੰਘ ਬੱਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਹਰਮੇਸ਼ ਮਾਲੜੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਤਰਸੇਮ ਪੀਟਰ, ਕਿਰਤੀ ਕਿਸਾਨ ਯੂਨੀਅਨ ਵੱਲੋਂ ਸੰਤੋਖ ਸਿੰਘ ਸੰਧੂ, ਦਿਹਾਤੀ ਮਜ਼ਦੂਰ ਸਭਾ ਵੱਲੋਂ ਬਲਦੇਵ ਨੂਰਪੁਰੀ, ਦੋਆਬਾ ਸੰਘਰਸ਼ ਕਮੇਟੀ ਵੱਲੋਂ ਬਲਵਿੰਦਰ ਸਿੰਘ ਮੱਲ੍ਹੀ, ਬੀ ਕੇ ਯੂ ਰਾਜੇਵਾਲ ਵੱਲੋਂ ਮਨਦੀਪ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਰਮਨਦੀਪ ਕੌਰ, ਬੀ ਕੇ ਯੂ ਕਾਦੀਆਂ ਵੱਲੋਂ ਅਮਰੀਕ ਸਿੰਘ, ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸੰਜੀਵ ਕੁਮਾਰ, ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਜਸਵਿੰਦਰ ਫਗਵਾੜਾ, ਜਮਹੂਰੀ ਕਿਸਾਨ ਸਭਾ ਦੇ ਜਸਵਿੰਦਰ ਢੇਸੀ, ਬੀ ਕੇ ਯੂ ਲੱਖੋਵਾਲ ਦੇ ਸੁਖਜਿੰਦਰ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਵੀਰ ਕੁਮਾਰ, ਪੰਜਾਬ ਕਿਸਾਨ ਸਭਾ ਦੇ ਸੰਦੀਪ ਅਰੋੜਾ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ ਸਾਥੀ ਜਗਤਾਰ ਸਿੰਘ ਭੁੰਗਰਨੀ, ਪੰਜਾਬ ਰਾਜ ਬਿਜਲੀ ਬੋਰਡ ਪੈਨਸ਼ਨਰ ਐਸੋਸੀਏਸ਼ਨ, ਪੰਜਾਬ ਸਰਵਿਸਿਜ਼ ਸੁਬਾਰਡੀਨੇਟ ਸਰਵਿਸਿਜ਼, ਆਲ ਇੰਡੀਆ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਖਹਿਰਾ, ਆਂਗਣਵਾੜੀ ਵਰਕਰ ਐਸੋਸੀਏਸ਼ਨ, ਇਸਤਰੀ ਜਾਗ੍ਰਿਤੀ ਮੰਚ, ਨੌਜਵਾਨ ਅਤੇ ਵਿਦਿਆਰਥੀ ਜਥੇਬੰਦੀਆਂ ਨੇ ਵੀ ਹਾਜ਼ਰੀ ਭਰੀ।

ਹਜ਼ਾਰਾਂ ਲੋਕਾਂ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਸਾਹਮਣੇ ਰੋਸ ਧਰਨਾ ਦਿੱਤਾ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਲਖਬੀਰ ਸਿੰਘ ਨਿਜ਼ਾਮਪੁਰਾ, ਡਾ. ਪਰਵਿੰਦਰ ਸਿੰਘ ਕਰਮਪੁਰਾ, ਭੁਪਿੰਦਰਜੀਤ ਸਿੰਘ ਛੀਨਾ, ਕਾਬਲ ਸਿੰਘ ਛੀਨਾ, ਹਰਜੀਤ ਸਿੰਘ ਝੀਤਾ, ਗੁਰਦੇਵ ਸਿੰਘ ਵਰਪਾਲ, ਬਲਬੀਰ ਸਿੰਘ ਮੂਧਲ, ਉਮਰਾਜ ਸਿੰਘ ਧਰਦਿਉ, ਟਰੇਡ ਯੂਨੀਅਨ ਆਗੂ ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਜਗਤਾਰ ਸਿੰਘ ਕਰਮਪੁਰਾ, ਬਿਜਲੀ ਮੁਲਾਜ਼ਮ ਆਗੂ ਕੁਲਦੀਪ ਸਿੰਘ ਉਦੋਕੇ, ਗੁਰਪ੍ਰੀਤ ਸਿੰਘ ਜੱਸਲ, ਕ੍ਰਿਸ਼ਨ ਸਿੰਘ, ਅਤੇ ਨਰੇਗਾ ਤੇ ਖੇਤ ਮਜ਼ਦੂਰ ਆਗੂਆਂ ਬਲਕਾਰ ਸਿੰਘ ਦੁਧਾਲਾ, ਅਮਰੀਕ ਸਿੰਘ ਦਾਊਦ, ਮੰਗਲ ਸਿੰਘ ਖੁਜਾਲਾ, ਭੈਣ ਜੀ ਕੰਵਲਜੀਤ ਕੌਰ ਆਦਿ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੀ ਵਾਗਡੋਰ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ ਅਤੇ ਦੇਸ਼ ਦੇ ਖੇਤੀ ਸੈਕਟਰ ਉੱਤੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਪ੍ਰਧਾਨ ਮੰਤਰੀ ਨੂੰ ਭੇਜਿਆ ਗਿਆ।

ਲੁਧਿਆਣਾ ਵਿੱਚ ਦਿੱਤੇ ਗਏ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ 'ਚ ਕਾਮਰੇਡ ਮੰਗਤ ਰਾਮ ਪਾਸਲਾ, ਪ੍ਰੋਫੈਸਰ ਜਗਮੋਹਨ ਸਿੰਘ, ਡੀ ਪੀ ਮੌੜ, ਰਘਬੀਰ ਸਿੰਘ ਬੈਨੀਪਾਲ, ਐਮ ਐਸ ਭਾਟੀਆ, ਗੁਰਜੀਤ ਸਿੰਘ ਜਗਪਾਲ, ਹਰਿੰਦਰ ਸਿੰਘ ਲੱਖੋਵਾਲ, ਮਨਪ੍ਰੀਤ ਸਿੰਘ, ਡਾਕਟਰ ਗੁਰਚਰਨ ਸਿੰਘ ,ਜਗਤਾਰ ਸਿੰਘ, ਸਾਧੂ ਸਿੰਘ, ਸਰਬਜੀਤ ਸਿੰਘ ਸਰਹਾਲੀ, ਜਗਦੀਸ਼ ਚੰਦ, ਚਮਕੌਰ ਸਿੰਘ ਬਰਮੀ, ਜਸਵੀਰ ਝੱਜ, ਹਰਨੇਕ ਸਿੰਘ ਗੁੱਜਰਵਾਲ, ਸੁਖਵਿੰਦਰ ਸਿੰਘ ਲੋਟੇ, ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਹਰਜਿੰਦਰ ਸਿੰਘ, ਲਖਵਿੰਦਰ ਸਿੰਘ, ਸੌਦਾਗਰ ਸਿੰਘ

• ਬਾਕੀ ਸਫਾ 2 'ਤੇ

## ਹਾਈਕੋਰਟ ਨੇ ਮੋਗਾ ਨਿਗਮ ਦਾ ਫੈਸਲਾ ਪਲਟਿਆ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇੱਕ ਅਹਿਮ ਫੈਸਲਾ ਸੁਣਾਉਂਦੇ ਹੋਏ ਸਪੱਸ਼ਟ ਕੀਤਾ ਹੈ ਕਿ ਕਿਸੇ ਉਮੀਦਵਾਰ ਨੂੰ ਸਿਰਫ਼ ਇਸ ਲਈ ਅਯੋਗ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਉਸ ਕੋਲ ਨਿਰਧਾਰਤ ਘੱਟੋ-ਘੱਟ ਯੋਗਤਾ ਨਾਲੋਂ ਉੱਚੀ ਡਿਗਰੀ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਨਗਰ ਨਿਗਮ ਮੋਗਾ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਇੱਕ ਉਮੀਦਵਾਰ ਨੂੰ 'ਬੇਲਦਾਰ' ਦੀ ਪੋਸਟ ਲਈ ਸਿਰਫ਼ ਇਸ ਕਰਕੇ ਰੱਦ ਕਰ ਦਿੱਤਾ ਗਿਆ ਸੀ, ਕਿਉਂਕਿ ਉਸ ਕੋਲ ਅੱਠਵੀਂ ਜਮਾਤ ਦਾ ਪੰਜਾਬੀ ਵਿਸ਼ੇ ਦਾ ਸਰਟੀਫਿਕੇਟ ਨਹੀਂ ਸੀ, ਜਦੋਂ ਕਿ ਉਸ ਨੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੰਜਾਬੀ ਵਿਸ਼ੇ ਨੂੰ ਵਧੀਆ ਅੰਕਾਂ ਨਾਲ ਪਾਸ ਕੀਤਾ ਹੋਇਆ ਸੀ। ਅਦਾਲਤ ਨੇ ਕਿਹਾ ਕਿ ਜਦੋਂ ਉਮੀਦਵਾਰ ਨੇ ਉੱਚ ਪੱਧਰ 'ਤੇ ਉਹ ਵਿਸ਼ਾ ਪੜ੍ਹਿਆ ਹੋਇਆ ਹੈ ਤਾਂ ਅੱਠਵੀਂ ਦੇ ਸਰਟੀਫਿਕੇਟ ਦੀ ਮੰਗ ਕਰਨਾ ਬੇਤੁਕੀ ਦਲੀਲ ਹੈ। ਅਦਾਲਤ ਨੇ ਨਿਰਦੇਸ਼ ਦਿੱਤੇ ਹਨ ਕਿ ਪਟੀਸ਼ਨਰ ਲਖਵਿੰਦਰ ਸਿੰਘ ਦੇ ਕੇਸ 'ਤੇ ਛੇ ਹਫ਼ਤਿਆਂ ਦੇ ਅੰਦਰ ਮੁੜ ਵਿਚਾਰ ਕੀਤਾ ਜਾਵੇ ਅਤੇ ਉਸ ਨੂੰ ਹੋਰ ਸਫ਼ਲ ਉਮੀਦਵਾਰਾਂ ਦੇ ਬਰਾਬਰ ਹੀ ਨਿਯੁਕਤੀ ਦੀ ਮਿਤੀ ਅਤੇ ਸੀਨੀਆਰਤਾ ਦਿੱਤੀ ਜਾਵੇ।

## ਬੰਗਾਲੀ ਬੋਲਦੇ ਕਾਮਿਆਂ ਨੂੰ ਭਾਜਪਾ ਸ਼ਾਸਿਤ ਰਾਜਾਂ 'ਚ ਤਸੀਹੇ : ਮਮਤਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਸੂਬੇ ਨਾਲ ਸਬੰਧਤ ਪਰਵਾਸੀ ਮਜ਼ਦੂਰਾਂ ਨੂੰ ਖਾਸ ਕਰਕੇ ਭਾਜਪਾ ਸ਼ਾਸਿਤ ਰਾਜਾਂ ਵਿਚ ਬੰਗਾਲੀ ਬੋਲਣ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਅਗਾਮੀ ਅਸੈਂਬਲੀ ਚੋਣਾਂ ਤੋਂ ਪਹਿਲਾਂ 'ਦੰਗੇ ਭੜਕਾਉਣ ਦੀ ਯੋਜਨਾਬੰਦੀ' ਕਰ ਰਹੀ ਹੈ। ਬੈਨਰਜੀ ਨੇ ਪ੍ਰਸ਼ਾਸਕੀ ਸਮਾਗਮਾਂ ਲਈ ਉੱਤਰੀ ਬੰਗਾਲ ਰਵਾਨਾ ਹੋਣ ਮੌਕੇ ਇਹ ਗੱਲ ਕਹੀ। ਮੁਰਸ਼ਿਦਾਬਾਦ ਦੇ ਬੇਲਡਾਂਗਾ ਵਿੱਚ ਰਾਜ ਤੋਂ ਬਾਹਰ ਪ੍ਰਵਾਸੀ ਮਜ਼ਦੂਰਾਂ 'ਤੇ ਹੋਏ ਕਥਿਤ ਹਮਲਿਆਂ ਨੂੰ ਲੈ ਕੇ ਹੋਏ ਵਿਰੋਧ ਪ੍ਰਦਰਸ਼ਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਘੱਟ ਗਿਣਤੀ ਭਾਈਚਾਰੇ ਦੇ ਗੁੱਸੇ ਨੂੰ 'ਜਾਇਜ਼' ਦੱਸਿਆ। ਟੀ ਐੱਮ ਸੀ ਸੁਪਰੀਮੋ ਨੇ ਕਿਹਾ ਕਿ ਇਹ ਵਿਰੋਧ ਪ੍ਰਦਰਸ਼ਨ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਹਿੰਸਾ ਦੀਆਂ ਵਾਰ-ਵਾਰ ਵਾਪਰੀਆਂ ਘਟਨਾਵਾਂ ਤੋਂ ਪੈਦਾ ਹੋਇਆ ਹੈ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, "ਬੰਗਾਲ ਦੇ ਪ੍ਰਵਾਸੀ ਮਜ਼ਦੂਰਾਂ ਨੂੰ ਸਿਰਫ਼ ਭਾਜਪਾ ਸ਼ਾਸਿਤ ਰਾਜਾਂ ਵਿੱਚ ਬੰਗਾਲੀ ਬੋਲਣ ਕਾਰਨ ਤਸੀਹੇ ਦਿੱਤੇ ਜਾ ਰਹੇ ਹਨ। ਇਹ ਗੈਰ-ਕਾਨੂੰਨੀ ਹੈ ਅਤੇ ਅਜਿਹਾ ਵਰਤਾਰਾ ਨਹੀਂ ਚੱਲ ਸਕਦਾ। ਅਸੀਂ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ।'

## ਮਾਨ ਵੱਲੋਂ ਬ੍ਰਿਟਿਸ਼ ਕੋਲੰਬੀਆ ਨੂੰ ਪੰਜਾਬ 'ਚ ਨਿਵੇਸ਼ ਦਾ ਸੱਦਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਕੈਨੇਡਾ, ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ ਨਾਲ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਆਪਸੀ ਸਹਿਯੋਗ ਵਧਾਇਆ ਜਾ ਸਕੇ ਅਤੇ ਦੋਵਾਂ ਖਿੱਤਿਆਂ ਦੇ ਕਾਰੋਬਾਰ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾ ਸਕੇ।

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ, 'ਕੈਨੇਡਾ ਹਮੇਸ਼ਾ ਭਾਰਤ ਅਤੇ ਪੰਜਾਬ ਲਈ ਇੱਕ ਮਜ਼ਬੂਤ ਭਾਈਵਾਲ ਰਿਹਾ ਹੈ ਅਤੇ ਅਸੀਂ ਇਸ ਰਿਸ਼ਤੇ ਦੀ ਤਹਿ ਦਿਲੋਂ ਕਦਰ ਕਰਦੇ ਹਾਂ। ਅਸੀਂ ਕੈਨੇਡਾ ਅਤੇ ਪੰਜਾਬ ਦਰਮਿਆਨ ਮਜ਼ਬੂਤ ਵਪਾਰਕ ਅਤੇ ਨਿਵੇਸ਼ ਸੰਬੰਧਾਂ ਦੀ ਸ਼ਲਾਘਾ ਕਰਦੇ ਹਾਂ ਅਤੇ ਇਸ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਉਮੀਦ ਕਰਦੇ ਹਾਂ।ਪੰਜਾਬ ਦੋਵਾਂ ਖਿੱਤਿਆਂ ਲਈ ਮਹੱਤਵ ਵਾਲੇ ਖੇਤਰਾਂ ਵਿੱਚ ਕੈਨੇਡੀਅਨ ਕਾਰੋਬਾਰ ਨਾਲ ਸਹਿਯੋਗ ਕਰਨ ਲਈ ਪੂਰੀ ਤਰ੍ਹਾਂ ਤਿਆਰ ਅਤੇ ਉਤਸੁਕ ਹੈ।'

ਪੰਜਾਬ ਦੀਆਂ ਆਰਥਿਕ ਸਮਰੱਥਾਵਾਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਪੰਜਾਬ ਐਗਰੋ-ਪ੍ਰੋਸੈਸਿੰਗ, ਟੈਕਸਟਾਈਲ, ਇੰਜੀਨੀਅਰਿੰਗ ਸਾਜ਼ੋ-ਸਾਮਾਨ, ਆਈ ਟੀ ਸੇਵਾਵਾਂ ਅਤੇ ਨਵਿਆਉਣਯੋਗ ਊਰਜਾ ਵਿੱਚ ਮੋਹਰੀ ਹੈ। ਮਜ਼ਬੂਤ ਬੁਨਿਆਦੀ ਢਾਂਚੇ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਰੱਖਣ ਵਾਲੇ ਹੁਨਰਮੰਦ ਮਨੁੱਖੀ ਸ਼ਕਤੀ ਦੇ ਨਾਲ ਪੰਜਾਬ, ਕੈਨੇਡੀਅਨ ਨਿਵੇਸ਼ਕਾਂ ਲਈ ਇੱਕ ਆਦਰਸ਼ ਸਥਾਨ ਵਜੋਂ ਉਭਰਿਆ ਹੈ।'

ਉਨ੍ਹਾਂ ਕਿਹਾ, ਕਾਰੋਬਾਰ ਕਰਨ ਵਿੱਚ ਸੌਖ ਦੇ ਮਾਮਲੇ ਵਿੱਚ ਪੰਜਾਬ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸ਼ੁਮਾਰ ਹੈ ਅਤੇ ਇਨਵੈਸਟ ਪੰਜਾਬ ਰਾਹੀਂ ਅਸੀਂ ਨਿਵੇਸ਼ਕਾਂ ਨੂੰ ਸਿੰਗਲ-ਵਿੰਡੋ ਕਲੀਅਰੈਂਸ ਸਿਸਟਮ ਅਤੇ ਵਿਆਪਕ ਸਹਾਇਤਾ ਪ੍ਰਦਾਨ ਕਰ ਰਹੇ ਹਾਂ।

ਮੁੱਖ ਮੰਤਰੀ ਨੇ ਕਿਹਾ, 'ਬ੍ਰਿਟਿਸ਼ ਕੋਲੰਬੀਆ ਦੀ ਮੁਹਾਰਤ ਪੰਜਾਬ ਦੀਆਂ ਵਿਕਾਸ ਤਰਜੀਹਾਂ ਨਾਲ ਬਾਖ਼ੂਬੀ ਮੇਲ ਖਾਂਦੀ ਹੈ। ਟਿਕਾਊ

• ਬਾਕੀ ਸਫਾ 2 'ਤੇ

## ਜਗਮੀਤ ਬਰਾੜ ਹੁਣ ਭਗਵਾਂਧਾਰੀ



**ਚੰਡੀਗੜ੍ਹ** : ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਸਾਬਕਾ ਓ ਐੱਸ ਡੀ ਓਂਕਾਰ ਸਿੰਘ ਸਣੇ 4 ਆਗੂ ਸ਼ੁੱਕਰਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਅਕਾਲੀ ਦਲ ਪੁਨਰ ਸੁਰਜੀਤੀ ਤੋਂ ਅਸਤੀਫਾ ਦੇ ਗਏ ਚਰਨਜੀਤ ਸਿੰਘ ਬਰਾੜ ਤੇ ਰਿਪਜੀਤ ਬਰਾੜ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ ਹੈ। ਉਨ੍ਹਾਂ ਦਾ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਦੇ ਸੈਕਟਰ-37 ਸਥਿਤ ਪੰਜਾਬ ਭਾਜਪਾ ਦਫ਼ਤਰ ਵਿਖੇ ਪਾਰਟੀ ਵਿੱਚ ਆਉਣ 'ਤੇ ਸਵਾਗਤ ਕੀਤਾ। ਚਰਨਜੀਤ ਬਰਾੜ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ ਸੀ, ਪਰ ਦੋ ਦਿਨ ਪਹਿਲਾਂ ਉਸ ਦਲ ਨੂੰ ਵੀ ਛੱਡ ਕੇ ਹੁਣ ਭਾਜਪਾ ਦਾ ਰੁਖ਼ ਕੀਤਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਏ ਆਗੂਆਂ ਨੇ ਪੰਜਾਬ ਦੀ ਭਲਾਈ ਲਈ ਅਹਿਮ ਕਦਮ ਚੁੱਕਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਪੰਜਾਬ ਵਿੱਚ ਉਦਯੋਗਪਤੀਆਂ ਤੋਂ ਲੈ ਕੇ ਆਮ ਲੋਕਾਂ ਤੱਕ ਡਰ ਦਾ ਮਾਹੌਲ ਹੈ ਅਤੇ ਪੀ ਐੱਮ ਮੋਦੀ ਦੀ ਅਗਵਾਈ ਵਿੱਚ ਭਾਜਪਾ ਪੰਜਾਬ ਨੂੰ ਮਜ਼ਬੂਤ ਕਰੇਗੀ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਅੱਜ ਬਿਨਾਂ ਸਰਕਾਰ ਦੇ ਚੱਲ ਰਿਹਾ

• ਬਾਕੀ ਸਫਾ 2 'ਤੇ

## ਮੁਕੁਲ ਰਾਏ ਦੀ ਵਿਧਾਇਕੀ ਰੱਦ ਕਰਨ ਦੇ ਫੈਸਲੇ 'ਤੇ ਰੋਕ

**ਨਵੀਂ ਦਿੱਲੀ** : ਪੱਛਮੀ ਬੰਗਾਲ ਦੇ ਸੀਨੀਅਰ ਨੇਤਾ ਮੁਕੁਲ ਰਾਏ ਨੂੰ ਸੁਪਰੀਮ ਕੋਰਟ ਵੱਲੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਖਤਮ ਕਰਨ ਸੰਬੰਧੀ ਕਲਕੱਤਾ ਹਾਈ ਕੋਰਟ ਦੇ ਹੁਕਮ 'ਤੇ ਆਰਜ਼ੀ ਰੋਕ ਲਗਾ ਦਿੱਤੀ ਹੈ। ਮੁਕੁਲ ਰਾਏ ਨੇ ਭਾਜਪਾ ਦੀ ਟਿਕਟ 'ਤੇ ਚੋਣ ਜਿੱਤੀ ਸੀ, ਪਰ ਬਾਅਦ ਵਿੱਚ ਉਹ ਭਾਜਪਾ ਛੱਡ ਕੇ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੂੰ ਅਯੋਗ ਕਰਾਰ ਦੇਣ ਦਾ ਮਾਮਲਾ ਅਦਾਲਤ ਤੱਕ ਪਹੁੰਚਿਆ। ਕਲਕੱਤਾ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਮੁਕੁਲ ਰਾਏ ਦੀ ਵਿਧਾਇਕੀ ਰੱਦ ਕਰ ਦਿੱਤੀ ਸੀ, ਜਿਸ ਨੂੰ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ।

## ਬਿੱਟੂ ਨੇ ਮੰਨਿਆ ਕਿ ਬਾਦਲਾਂ ਨਾਲ ਗਠਜੋੜ ਦਾ ਮਤਲਬ ਨਸ਼ਿਆਂ ਅਤੇ ਗੈਂਗਸਟਰਵਾਦ ਦੀ ਵਾਪਸੀ : ਬਲਤੇਜ ਪੰਨੂ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਖੁਦ 2007-17 ਤੱਕ ਦੇ ਅਕਾਲੀ-ਭਾਜਪਾ ਸ਼ਾਸਨ, 2017-22 ਦੀ ਫੇਲ੍ਹ ਰਹੀ ਕਾਂਗਰਸ ਸਰਕਾਰ ਅਤੇ ਹੁਣ ਭਾਜਪਾ ਦੇ ਕੁਝ ਆਗੂਆਂ ਦੀ ਬਾਦਲਾਂ ਨਾਲ ਗਠਜੋੜ ਦੀ ਤੜਫ ਪਿੱਛੇ ਦੀ ਸੱਚਾਈ ਨੂੰ ਬੇਨਕਾਬ ਕਰ ਦਿੱਤਾ ਹੈ। ਬਿੱਟੂ ਨੇ ਖੁਦ ਕਬੂਲ ਕੀਤਾ ਹੈ ਕਿ ਜੇਕਰ ਅਜਿਹਾ ਗਠਜੋੜ ਹੁੰਦਾ ਹੈ ਤਾਂ ਪੰਜਾਬ ਵਿੱਚ ਨਸ਼ੇ ਅਤੇ ਗੈਂਗਸਟਰਵਾਦ ਦੀ ਵਾਪਸੀ ਹੋਵੇਗੀ।ਸ਼ੁੱਕਰਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਇਹ ਸਿਰਫ਼ ਸਿਆਸੀ ਬਿਆਨ ਨਹੀਂ ਹਨ ਬਲ ਕਿ ਇਹ ਉਹ ਇਕਬਾਲੀਆ ਬਿਆਨ ਹਨ ਜੋ ਸਪੱਸ਼ਟ ਕਰਦੇ ਹਨ ਕਿ 2007 ਤੋਂ 2017 ਦਰਮਿਆਨ ਪੰਜਾਬ ਨੂੰ ਕਿਸ ਨੇ ਬਰਬਾਦ ਕੀਤਾ। ਪੰਨੂ ਨੇ ਬਿੱਟੂ ਨੂੰ ਸਵਾਲ ਪੁੱਛਦਿਆਂ ਕਿਹਾ ਕਿ ਜੇਕਰ ਉਹ ਜਾਣਦੇ ਹਨ ਕਿ ਪੰਜਾਬ ਨੂੰ ਨਸ਼ਿਆਂ ਅਤੇ ਗੈਂਗਸਟਰ ਹਿੰਸਾ ਵਿੱਚ ਧੱਕਣ ਲਈ ਬਾਦਲ ਜ਼ਿੰਮੇਵਾਰ ਸਨ, ਤਾਂ ਪੰਜਾਬ ਵਿੱਚ ਭਾਜਪਾ ਦੇ ਕੁਝ ਆਗੂ ਉਨ੍ਹਾਂ ਨਾਲ ਗਠਜੋੜ ਦੀ ਵਕਾਲਤ ਕਿਉਂ ਕਰ ਰਹੇ ਹਨ ? ਪੰਨੂ ਨੇ ਕਿਹਾ ਕਿ ਇਸ ਦਾ ਜਵਾਬ ਭਾਜਪਾ ਦੇ ਅੰਦਰ ਹੀ ਛੁਪਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਭਾਜਪਾ ਦੀ ਅਗਵਾਈ ਸਾਬਕਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਕਰ ਰਹੇ ਹਨ, ਜਦੋਂ ਕਿ ਸਾਬਕਾ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੇ ਸੀਨੀਅਰ ਆਗੂ ਹਨ। ਇਹ ਦੋਵੇਂ ਖੁੱਲ੍ਹ ਕੇ ਤਰਕ ਦਿੰਦੇ ਹਨ ਕਿ ਭਾਜਪਾ ਬਾਦਲਾਂ ਨਾਲ ਗਠਜੋੜ ਕੀਤੇ ਬਿਨਾਂ ਪੰਜਾਬ ਵਿੱਚ ਨਹੀਂ ਬਚ ਸਕਦੀ। ਕੀ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਪੰਜਾਬ ਵਿੱਚ ਨਸ਼ਾ ਕਿਸ ਨੇ ਫੈਲਾਇਆ ਅਤੇ ਗੈਂਗਸਟਰਾਂ ਨੂੰ ਕਿਸ ਨੇ ਪਾਲਿਆ, ਜਾਂ ਉਹ ਸਿਆਸੀ ਸਹੂਲਤ ਲਈ ਇਸ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ? ਪੰਨੂ ਨੇ ਯਾਦ ਦਿਵਾਇਆ ਕਿ 2007 ਤੋਂ 2017 ਤੱਕ ਅਕਾਲੀ-ਭਾਜਪਾ ਦੇ ਰਾਜ

• ਬਾਕੀ ਸਫਾ 2 'ਤੇ

## ਬਾਬਾ ਬੂਝਾ ਸਿੰਘ ਦੇ ਪਰਵਾਰ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ



**ਜਲੰਧਰ (ਕੇਸਰ)**-ਮਹਾਨ ਗ਼ਦਰ ਲਹਿਰ, ਕਿਰਤੀ ਲਹਿਰ ਤੋਂ ਹੁੰਦੇ ਹੋਏ ਦੇਸ਼ ਭਗਤ ਯਾਦਗਾਰ ਹਾਲ ਦੀ ਸਿਰਜਣਾ ਦੇ ਮੋਢੀਆਂ ਦੀ ਪਾਲ ਦੇ ਮਾਣਮੱਤੇ ਕਮਿਊਨਿਸਟ ਇਨਕਲਾਬੀ, ਮੁਢਲੇ ਟਰੱਸਟੀ, ਬਾਬਾ ਬੂਝਾ ਸਿੰਘ ਦੇ ਇੰਗਲੈਂਡ ਅਤੇ ਕੈਨੇਡਾ ਤੋਂ ਆਏ ਪਰਵਾਰ ਨੇ ਸ਼ੁੱਕਰਵਾਰ ਦੇਸ਼ ਭਗਤ ਯਾਦਗਾਰ ਹਾਲ ਪੁੱਜ ਕੇ ਦੇਸ਼ ਭਗਤਾਂ ਦੀ ਇਬਾਦਤਗਾਹ ਨੂੰ ਸਿਜਦਾ ਕੀਤਾ।

ਚੇਤੇ ਰਹੇ ਕਿ 70ਵੇਂ ਦੇ ਦੌਰ ਵਿੱਚ ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਦੇ ਨਿਧੜਕ ਇਨਕਲਾਬੀ ਕਾਮਰੇਡ ਬਾਬਾ ਬੂਝਾ ਸਿੰਘ ਨੂੰ ਬਾਦਲ ਹਕੂਮਤ ਦੇ ਦੌਰ ਅੰਦਰ ਫੜ ਕੇ ਤਸ਼ੱਦਦ ਢਾਹੁਣ ਉਪਰੰਤ ਝੂਠੇ ਪੁਲਸ ਮੁਕਾਬਲੇ ਦੀ ਮਨਘੜਤ ਕਹਾਣੀ ਘੜ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹਨਾਂ ਦੇ ਰਿਸ਼ਤੇਦਾਰ ਸੁਖਜਿੰਦਰ ਸਿੰਘ, ਉਹਨਾਂ ਦੇ ਛੋਟੇ ਭਰਾ ਅਜਮੇਰ ਸਿੰਘ, ਜਿਨ੍ਹਾਂ ਦੇ ਪਿਤਾ ਦੇ ਬਾਬਾ ਬੂਝਾ ਸਿੰਘ ਫੁੱਫੜ ਲੱਗਦੇ ਸਨ, ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਮਿਊਜ਼ੀਅਮ, ਕਿਤਾਬ ਘਰ ਨੂੰ ਨਿਹਾਰਿਆ। ਉਹਨਾਂ ਦੇ ਨਾਲ ਪਰਵਾਰ ਦੇ ਮੈਂਬਰ ਜੋਗਿੰਦਰਜੀਤ ਕੌਰ, ਜਸਬੀਰ ਕੌਰ, ਉਨ੍ਹਾਂ ਦੇ ਬੇਟੇ ਦੀਪ ਕੰਧੋਲਾ ਅਤੇ ਨੂੰਹ ਕੋਮਲਪ੍ਰੀਤ ਕੌਰ, ਸੁਖਵਿੰਦਰ ਹੁਰਾਂ ਦੇ ਚਾਚਾ ਦੇ ਲੜਕੇ ਇਕਬਾਲ ਸਿੰਘ ਵੀ ਕੈਨੇਡਾ ਤੋਂ ਆਏ ਹੋਏ ਸਨ, ਉਹਨਾਂ ਨੇ ਬਾਬਾ ਬੂਝਾ ਸਿੰਘ ਅਤੇ ਅਨੇਕਾਂ ਦੇਸ਼ ਭਗਤਾਂ ਨੂੰ ਸਲਾਮ ਕਰਦਿਆਂ ਆਪਣੇ ਅੰਦਰਲੀ ਹੂਕ ਸਾਂਝੀ ਕੀਤੀ, ਜਿਵੇਂ ਉਹ ਕਹਿ ਰਹੇ ਹੋਣ :

*ਕਾਫ਼ਲੇ 'ਚ ਤੂੰ ਭਾਵੇਂ ਨਹੀਂ ਰਿਹਾ*
*ਪਰ ਯਾਦ ਤੇਰੀ ਦਿਲਾਂ 'ਚੋਂ ਜਾਣੀ ਨਹੀਂ*

ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫੋਂ ਕਮੇਟੀ ਦੇ ਸਹਾਇਕ ਸਕੱਤਰ ਡਾ.

• ਬਾਕੀ ਸਫਾ 2 'ਤੇ

## ਅੱਜ-ਨਾਮਾ

ਮਾਰਿਆ ਠੂੰਗਾ ਪੰਜਾਬ ਵਿੱਚ ਭਾਜਪਾ ਨੇ,
ਲੀਡਰ ਪੁੱਟ ਲਏ ਚਾਰ ਹਨ ਹੋਰ ਮੀਆਂ।
ਇੱਕ ਅਕਾਲੀ ਤਾਂ ਆਪ ਦਾ ਇੱਕ ਆਗੂ,
ਲੱਗਾ ਬਹੁਤ ਨਾ ਖਿੱਚਣ ਦਾ ਜ਼ੋਰ ਮੀਆਂ।
ਸੈਨਤਾਂ ਖੁਦ ਉਹ ਸਾਰੇ ਪਏ ਮਾਰਦੇ ਸੀ,
ਫੜਿਆ ਹੱਥ ਤਾਂ ਨਾਲ ਲਏ ਤੋਰ ਮੀਆਂ।
ਅਗਲੇ ਦਿਨੀਂ ਕਈ ਹੋਰ ਆ ਜਾਣ ਵਾਲੇ,
ਗਿਣਿਉਂ ਵੰਨ, ਟੂ, ਥਰੀ ਆ ਫੋਰ ਮੀਆਂ।
ਜਿਨ੍ਹਾਂ ਦਲਾਂ ਵਿੱਚ ਸੰਕਟ ਜਰਨੈਲੀਆਂ ਦਾ,
ਅਖਾੜਾ ਓਧਰ ਦੀ ਫੌਜ ਰਹੀ ਛੱਡ ਮੀਆਂ।
ਲੀਡਰੀ ਰੱਖਣ ਨੂੰ ਰਹਿੰਦਾ ਹੈ ਜ਼ੋਰ ਲੱਗਾ,
ਵੇਖਦੇ ਫਸੀ ਨਾ ਚਿੱਕੜ ਵਿੱਚ ਗੱਡ ਮੀਆਂ।

-ਤੀਸ ਮਾਰ ਖਾਂ

## ਕਾਮਰੇਡ ਜਗਰੂਪ ਵੱਲੋਂ ਆਰਥਿਕ ਲੜਾਈ ਦਾ ਸੱਦਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**

ਭਾਰਤੀ ਕਮਿਊਨਿਸਟ ਪਾਰਟੀ ਦੀ ਸਿਆਸੀ ਕਾਨਫਰੰਸ ਤਖਤੂਪੁਰਾ ਸਾਹਿਬ ਵਿਖੇ ਸਫਲਤਾ-ਪੂਰਵਕ ਸੰਪੰਨ ਹੋਈ। ਕਾਨਫਰੰਸ ਦੀ ਪ੍ਰਧਾਨਗੀ ਨਰੇਗਾ ਆਗੂ ਮਹਿੰਦਰ ਸਿੰਘ ਧੂੜਕੋਟ ਤੇ ਸੂਬੇਦਾਰ ਜੋਗਿੰਦਰ ਸਿੰਘ ਨੇ ਕੀਤੀ। ਕਾਨਫਰੰਸ ਵਿੱਚ ਜ਼ਿਲ੍ਹੇ ਦੇ ਆਗੂਆਂ ਤੋਂ ਇਲਾਵਾ ਸੂਬਾਈ ਤੇ ਕੌਮੀ ਆਗੂਆਂ ਨੇ ਸ਼ਮੂਲੀਅਤ ਕੀਤੀ। ਕੌਮੀ ਕੌਂਸਲ ਮੈਂਬਰ ਕਾਮਰੇਡ ਜਗਰੂਪ ਨੇ ਬੋਲਦਿਆਂ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਨੂੰ ਬਦਲਣ ਦੇ ਲਈ ਸਾਨੂੰ ਆਰਥਿਕ ਲੜਾਈ ਲੜਨ ਦੀ ਜ਼ਰੂਰਤ ਹੈ।

ਉਨ੍ਹਾ ਕਿਹਾ ਕਿ ਕਿਸਾਨੀ ਅੰਦੋਲਨ ਵੀ ਆਰਥਿਕ ਅੰਦੋਲਨ ਹੋਣ ਕਰਕੇ ਹੀ ਸਾਨੂੰ ਉਸ ਵਿੱਚ ਵੱਡੀ ਜਿੱਤ ਹਾਸਲ ਹੋਈ ਸੀ। ਅੱਜ ਵੀ ਜੇ ਅਸੀਂ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੂੰ ਬਚਾਉਣਾ ਹੈ ਤਾਂ ਸਾਨੂੰ ਵੱਡਾ ਆਰਥਿਕ ਅੰਦੋਲਨ ਛੇੜਨ ਦੀ ਜ਼ਰੂਰਤ ਹੈ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਨੂੰ ਹੁਣ ਤੱਕ ਲੋਕਾਂ ਨੇ ਜਦੋਂ-ਜਦੋਂ ਵੀ ਤਾਕਤ ਬਖਸ਼ੀ ਹੈ ਤਾਂ ਲੋਕ ਹਿੱਤਾਂ ਦੇ ਕਾਨੂੰਨ ਬਣਾਉਣ ਵਿੱਚ ਸਫਲ ਹੋਏ ਹਾਂ। ਉਹ ਚਾਹੇ ਫਸਲਾਂ ਦਾ ਭਾਅ ਬੰਨ੍ਹਣ ਦੀ ਗੱਲ ਹੋਵੇ, ਰਾਸ਼ਨ ਡੀਪੂ ਖੋਲ੍ਹਣ ਦੀ ਗੱਲ ਹੋਵੇ, ਜਾਂ ਨਰੇਗਾ ਦਾ ਕਾਨੂੰਨ, ਇਹ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਦੀ ਦੇਣ ਰਹੀ ਹੈ।

ਏਟਕ ਆਗੂ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਕਿਹਾ ਕਿ 44 ਕਾਨੂੰਨਾਂ ਨੂੰ ਖ਼ਤਮ ਕਰਕੇ ਲਿਆਂਦੇ ਗਏ ਚਾਰ ਕੋਡ ਲੋਕਾਂ ਨੂੰ ਹੋਰ ਨਿਘਾਰ ਵਾਲੇ ਪਾਸੇ ਲੈ ਕੇ ਜਾਣ ਵਾਲੇ ਹਨ। ਉਹਨਾ ਕਿਹਾ ਕਿ ਨਿੱਜੀਕਰਨ ਨੂੰ ਖਤਮ ਕਰਨ ਲਈ ਲੋਕਾਂ ਦੇ ਪੱਖ ਦੇ ਕਾਨੂੰਨ ਬਣਾਉਣ ਦੀ ਜ਼ਰੂਰਤ ਹੈ । ਨਰੇਗਾ ਆਗੂ ਕਾਮਰੇਡ ਸ਼ੇਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਸਰਕਾਰਾਂ ਨਰੇਗਾ ਦੀ ਰੂਹ ਖਤਮ ਕਰ ਰਹੀਆਂ ਹਨ, ਜਿਸ ਨੂੰ ਭਾਰਤੀ ਕਮਿਊਨਿਸਟ ਪਾਰਟੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਨਰੇਗਾ ਨੇ ਹੁਣ ਤੱਕ ਲੋਕਾਂ ਦੀ ਆਰਥਿਕਤਾ ਵਿੱਚ ਵਾਧਾ ਕੀਤਾ ਹੈ। ਅਸੀਂ ਕਹਿੰਦੇ ਹਾਂ ਕਿ ਨਰੇਗਾ ਦਾ ਕੰਮ 200 ਦਿਨ ਹੋਣਾ ਚਾਹੀਦਾ ਤੇ ਦਿਹਾੜੀ ਹਜ਼ਾਰ ਰੁਪਏ ਪ੍ਰਤੀ ਦਿਨ ਹੋਣੀ ਚਾਹੀਦੀ ਹੈ। ਸਰਬ ਭਾਰਤ ਨੌਜਵਾਨ ਸਭਾ ਦੇ ਪੰਜਾਬ ਦੇ ਪ੍ਰਧਾਨ ਕਰਮਵੀਰ ਬਧਣੀ ਨੇ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਦੀਆਂ ਨੀਤੀਆਂ ਸਾਡੀ ਸਿੱਖਿਆ ਤੇ ਰੁਜ਼ਗਾਰ 'ਤੇ ਵੱਡੇ ਹਮਲੇ ਕਰ ਰਹੀਆਂ ਹਨ। ਦੇਸ਼ ਦੇ 40 ਕਰੋੜ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ। ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਪਾਸ ਕਰਕੇ ਹੀ ਅਸੀਂ ਉਹਨਾਂ ਨੂੰ ਖੁਸ਼ੀਆਂ ਭਰਿਆ ਜੀਵਨ ਦੇ ਸਕਦੇ ਹਾਂ। ਜਿਸ ਵਿੱਚ 18 ਤੋਂ 58 ਸਾਲ ਤੱਕ (ਜੋ ਚਾਹੁੰਦਾ ਹੈ) ਉਸ ਨੂੰ ਉਸ ਦੀ ਯੋਗਤਾ ਦੇ ਹਿਸਾਬ ਨਾਲ ਕੰਮ ਦੇਣ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' 2©571 ਜਿਸ ਤਹਿਤ ਅਣ-ਸਿੱਖਿਅਤ ਨੂੰ 35000, ਅਰਧ-ਸਿੱਖਿਅਤ ਨੂੰ 40000 ਸਿੱਖਿਅਤ ਨੂੰ 45000 ਅਤੇ ਉੱਚ-ਸਿੱਖਿਅਤ ਨੂੰ 'ਭਗਤ ਸਿੰਘ ਕੌਮੀ' ਰੁਜ਼ਗਾਰ ਗਰੰਟੀ ਐਕਟ

• ਬਾਕੀ ਸਫਾ 2 'ਤੇ

## ਪਾਠ ਦਾ ਭੋਗ ਅਤੇ ਅੰਤਮ ਅਰਦਾਸ



ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬੜੇ ਹੀ ਸਤਿਕਾਰਯੋਗ **ਸ੍ਰ. ਦਵਿੰਦਰ ਸਿੰਘ ਵੜੈਚ ਜੀ** ਮਿਤੀ 09.01.26 ਦਿਨ ਸ਼ੁੱਕਰਵਾਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅੰਤਮ ਅਰਦਾਸ 18.01.26 ਦਿਨ ਐਤਵਾਰ ਨੂੰ ਪਿੰਡ ਵਜ਼ੀਰ ਭੁੱਲਰ (ਬਿਆਸ) ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਹੋਵੇਗੀ। ਆਪ ਜੀ ਨੇ ਅੰਤਮ ਅਰਦਾਸ 'ਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਦੁਖੀ ਹਿਰਦੇ

• ਸ੍ਰ. ਜੈਮਲ ਸਿੰਘ ਸ਼ਾਹ (ਭਰਾ ਆੜ੍ਹਤੀ ਰਈਆ ਮੰਡੀ) • ਸ੍ਰ. ਸੱਜਣ ਸਿੰਘ (ਪਿਤਾ) • ਸੁਖਦੀਪ ਸਿੰਘ ਸੁੱਖ (ਭਤੀਜਾ) • ਖੁਸ਼ਬੀਰ ਸਿੰਘ (ਪੁੱਤਰ) • ਵਿਧਾਇਕ ਦਲਬੀਰ ਸਿੰਘ ਟੌਂਗ • ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ • ਲਵਜੀਤ ਸਿੰਘ ਖੋਜਕੀਪੁਰ • ਸੰਦੀਪ ਸਿੰਘ ਵਿਰਦੀ • ਜੋਤੀ ਢਿੱਲੋਂ • ਸਹਿਬਦਿਆਲ ਸਿੰਘ • ਸਰਵਣ ਸਿੰਘ ਸਰਾਏ • ਸਾਬਕਾ ਸਰਪੰਚ ਸਰਦੂਲ ਸਿੰਘ • ਯੁਵਰਾਜ ਸਿੰਘ ਰਈਆ

ਸੰਪਰਕ : 97809-58989

CMYK

## ਜਗਪਾਲ ਸਿੰਘ ਨੇ ਪੋਤੀ ਦੇ ਜਨਮ ਦਿਨ 'ਤੇ ਵਿਦਿਆਰਥੀਆਂ ਨੂੰ ਜਰਸੀਆਂ ਵੰਡੀਆਂ



**ਦੋਰਾਹਾ (ਹਰਮਿੰਦਰ ਸੇਠ)**-ਸਰਕਾਰੀ ਪ੍ਰਾਇਮਰੀ ਸਕੂਲ ਪੱਦੀ ਵਿਖੇ ਜਗਮਾਲ ਸਿੰਘ (ਰਿਟਾ. ਐੱਸ. ਡੀ. ਓ.) ਵੱਲੋਂ ਆਪਣੀ ਪੋਤੀ ਸੁੱਖਨਾਜ਼ ਕੌਰ ਦੇ ਜਨਮ ਦਿਨ ਮੌਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਗਰਮ ਜਰਸੀਆਂ ਵੰਡੀਆਂ ਗਈਆਂ।ਇਸ ਮੌਕੇ ਸਮੂਹ ਸਟਾਫ਼ ਪੱਦੀ ਤੋਂ ਇਲਾਵਾ ਐੱਸ ਐੱਮ ਸੀ ਕਮੇਟੀ ਸ. ਪ੍ਰ. ਸਕੂਲ ਪੱਦੀ ਦੇ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।ਸਮੂਹ ਸਟਾਫ਼ ਪੱਦੀ ਤੇ ਐੱਸ ਐੱਮ ਸੀ ਵੱਲੋਂ ਸ੍ਰ. ਜਗਮਾਲ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ ਗਿਆ।

## ਬਾਬਾ ਮੋਨੀ ਜੀ ਕਾਲਜ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ ਸੀ ਏ ਭਾਗ-ਦੂਜਾ (ਸਮੈੱਸਟਰ-ਚੌਥਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੀ ਵਿਦਿਆਰਥਣ ਮੁਸਕਾਨ ਕੌਰ ਪੁੱਤਰੀ ਦਰਸ਼ਨ ਸਿੰਘ 'ਪੂਹਲੀ' ਨੇ ਪਹਿਲਾ, ਸਿਮਰਨ ਕੌਰ ਪੁੱਤਰੀ ਕੁਲਵਿੰਦਰ ਸਿੰਘ 'ਰਾਏ ਖਾਨਾ' ਨੇ ਦੂਜਾ ਤੇ ਜੋਤੀ ਕੌਰ ਪੁੱਤਰੀ ਚਮਕੌਰ ਸਿੰਘ 'ਕਰਤਾਰਪੁਰ ਥਾਂਦੇ' ਨੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ, ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਨਿਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਪ੍ਰਿੰਸੀਪਲ ਡਾ. ਰਜਨੀ ਚੌਧਰੀ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵੱਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਸਟਾਫ ਮੈਂਬਰਜ਼ ਪ੍ਰੋ. ਅਮਨਿੰਦਰ ਕੌਰ, ਪ੍ਰੋ. ਮੋਨਿਕਾ ਗਰਗ, ਪ੍ਰੋ. ਰਮਨਦੀਪ ਕੌਰ, ਪ੍ਰੋ. ਅਵਨੀਤ ਕੌਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਰੁਚੀਕਾ, ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਜਗਪ੍ਰੀਤ ਕੌਰ, ਪ੍ਰੋ. ਨਵਜੋਤ ਕੌਰ, ਪ੍ਰੋ. ਰਵਿੰਦਰ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਅਕਾਸਦੀਪ, ਪ੍ਰੋ. ਜਸਕਰਨ ਸਿੰਘ ਤੇ ਪ੍ਰੋ. ਕੁਲਦੀਪ ਸਿੰਘ ਮੌਜੂਦ ਸਨ।

## ਅਕਾਲ ਅਕੈਡਮੀ ਮਨਾਲ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਕਾਲ ਅਕੈਡਮੀ ਮਨਾਲ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਧਾਰਮਿਕ ਸਮਾਗਮ ਸੰਸਥਾ ਦੇ ਪ੍ਰਿੰਸੀਪਲ ਅਰਸ਼ਪ੍ਰੀਤ ਕੌਰ ਦੀ ਅਗਵਾਈ ਹੇਠ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਅਰਸ਼ਪ੍ਰੀਤ ਕੌਰ ਤੇ ਮਾਸਟਰ ਸੁਖਦੀਪ ਸਿੰਘ ਨੇ ਸ੍ਰੀ ਮੁਕਤਸਰ ਸਾਹਿਬ ਜੀ ਦਾ ਗੌਰਵਮਈ ਇਤਿਹਾਸ ਸਾਂਝਾ ਕਰਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਧਾਰਮਿਕ ਤੇ ਇਤਿਹਾਸਕ ਸਥਾਨ ਹੈ।ਇੱਥੇ 1705 ਈਸਵੀ ਵਿੱਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਮੁਗਲ ਫੌਜਾਂ ਨਾਲ ਭਿਆਨਕ ਯੁੱਧ ਹੋਇਆ ਸੀ, ਜਿਸ ਨੂੰ ਚਾਲੀ ਮੁਕਤਿਆਂ ਦੀ ਜੰਗ ਕਿਹਾ ਜਾਂਦਾ ਹੈ।ਬੱਚਿਆਂ ਨੂੰ ਇਹ ਵੀ ਦੱਸਿਆ ਗਿਆ ਕਿ ਚਾਲੀ ਸਿੱਖ, ਜੋ ਪਹਿਲਾਂ ਗੁਰੂ ਜੀ ਨੂੰ ਛੱਡ ਗਏ ਸਨ, ਬਾਅਦ ਵਿੱਚ ਆਪਣੀ ਭੁੱਲ ਮੰਨ ਕੇ ਮੁਕਤਸਰ ਦੀ ਧਰਤੀ 'ਤੇ ਗੁਰੂ ਜੀ ਦੀ ਖਾਤਰ ਸ਼ਹੀਦ ਹੋਏ।ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਕੁਰਬਾਨੀ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਮੁਕਤੇ ਦਾ ਦਰਜਾ ਬਖ਼ਸ਼ਿਆ।ਇਸ ਪਵਿੱਤਰ ਸਥਾਨ 'ਤੇ ਸ੍ਰੀ ਦਰਬਾਰ ਸਾਹਿਬ, ਟਿੱਬੀ ਸਾਹਿਬ ਤੇ ਸ਼ਹੀਦੀ ਅਸਥਾਨ ਸਿੱਖ ਧਰਮ ਦੀ ਅਡੋਲ ਆਸਥਾ ਦੇ ਪ੍ਰਤੀਕ ਹਨ।ਇਸ ਇਤਿਹਾਸਕ ਚਰਚਾ ਰਾਹੀਂ ਬੱਚਿਆਂ ਵਿੱਚ ਧਰਮ, ਸਹਸ, ਤਿਆਗ ਤੇ ਦੇਸ਼-ਭਗਤੀ ਦੀ ਭਾਵਨਾ ਨੂੰ ਮਜ਼ਬੂਤੀ ਮਿਲੀ।ਵਿਦਿਆਰਥੀਆਂ ਨੇ ਰੁਚੀ ਨਾਲ ਇਤਿਹਾਸ ਸੁਣਿਆ ਤੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲਈ।

## ਸੰਮਤੀ ਵੱਲੋਂ 5 ਲੋੜਵੰਦ ਲੜਕੀਆਂ ਦੇ ਸਮੂਹਕ ਵਿਆਹ ਕੀਤੇ ਜਾਣਗੇ : ਸ਼ਰਮਾ

### ਹਲਕਾ ਇੰਚਾਰਜ ਕਾਤਰੋਂ ਨੇ ਸੰਮਤੀ ਦੇ ਉਪਰਾਲੇ ਦੀ ਕੀਤੀ ਸ਼ਲਾਘਾ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਸ਼ਿਵ ਭੋਲਾ ਸੇਵਾ ਸੰਮਤੀ (ਰਣੀਕੇ) ਰਜਿ: ਧੂਰੀ ਵੱਲੋਂ 1 ਮਾਰਚ ਨੂੰ ਸਥਾਨਕ ਮੰਗਲਾ ਆਸ਼ਰਮ ਵਿਖੇ ਕਰਵਾਏ ਜਾ ਰਹੇ 21ਵੇਂ ਸਮਾਗਮ 'ਚ ਲੋੜਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਕ ਵਿਆਹ ਕਰਵਾਏ ਜਾਣਗੇ।ਸੰਮਤੀ ਵੱਲੋਂ ਸਥਾਨਕ ਸ਼ੇਰੋਂ ਰਜਵਾਹੇ ਨੇੜੇ ਖੋਲ੍ਹੇ ਗਏ ਦਫ਼ਤਰ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ ਨੇ ਵਿਆਹ ਸਮਾਗਮ ਦੇ ਪ੍ਰਚਾਰ ਲਈ ਰਿਕਸ਼ਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਉਨ੍ਹਾਂ ਸੰਮਤੀ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਆਪਣੇ ਵੱਲੋਂ ਹਰ ਸੰਭਵ ਮਦਦ ਤੇ ਸਹਿਯੋਗ ਦਾ ਭਰੋਸਾ ਦਿੱਤਾ।ਇਸ ਮੌਕੇ ਸੰਮਤੀ ਦੇ ਪ੍ਰਧਾਨ ਰਾਜਿੰਦਰ ਸ਼ਰਮਾ ਨੇ ਦੱਸਿਆ ਕਿ ਸੰਮਤੀ ਵੱਲੋਂ ਸਮਾਜ ਸੇਵਾ ਦੇ ਖੇਤਰ ਕੀਤੇ ਜਾ ਰਹੇ ਅਨੇਕਾਂ ਕਾਰਜਾਂ ਦੇ ਨਾਲ ਨਾਲ ਹਰ ਸਾਲ ਲੋੜਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਕ ਵਿਆਹ ਵੀ ਕੀਤੇ ਜਾਂਦੇ ਹਨ ਤੇ ਇਸ ਵਾਰ 21ਵੇਂ ਸਮਾਗਮ ਦੌਰਾਨ ਲੋੜਮੰਦ ਪਰਵਾਰਾਂ ਦੀਆਂ 5 ਲੜਕੀਆਂ ਦੇ ਸਮੂਹਕ ਵਿਆਹ ਕੀਤੇ ਜਾਣਗੇ।ਇਸ ਮੌਕੇ ਹੋਰਨਾਂ 'ਚ ਸਾਬਕਾ ਸਰਪੰਚ ਸਰਬਜੀਤ ਸਿੰਘ ਕਾਤਰੋਂ, ਅਕਾਲੀ ਦਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਸ਼ੰਮੀ ਕਾਤਰੋਂ, ਸੇਵਾ ਮੁਕਤ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਮਨਜੀਤ ਸਿੰਘ ਬਖਸ਼ੀ, ਕੌਂਸਲਰ ਰਾਕੇਸ਼ ਚੌਧਰੀ, ਸਾਬਕਾ ਕੌਂਸਲਰ ਅਸ਼ਵਨੀ ਧੀਰ, ਇਸਤਰੀ ਅਕਾਲੀ ਆਗੂ ਬੀਬੀ ਜਸਵਿੰਦਰ ਕੌਰ ਖਾਲਸਾ ਤੇ ਸੰਮਤੀ ਦੇ ਜਨਕ ਰਾਜ ਮੀਮਸਾ ਸਮੇਤ ਪਤਵੰਤੇ ਵੀ ਮੌਜੂਦ ਸਨ।

## ਵਾਰਡ 31 ਦੇ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਛੁਟਕਾਰਾ ਮਿਲੇਗਾ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੇ ਵਾਰਡ ਨੰਬਰ 31 ਦੇ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਜਲਦੀ ਹੱਲ ਕੀਤਾ ਜਾਵੇਗਾ ਤੇ ਵਾਰਡ ਵਿੱਚ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਜਾਂ ਪਾਰਟੀਬਾਜ਼ੀ ਦੇ ਕੀਤੇ ਜਾ ਰਹੇ ਹਨ।ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਇਹ ਵਿਚਾਰ ਵਾਰਡ ਇੰਚਾਰਜ ਸਤਵਿੰਦਰ ਕੌਰ ਤੇ ਇਲਾਕੇ ਦੇ ਵਸਨੀਕਾਂ ਦੇ ਵਫ਼ਦ ਦੀਆਂ ਚਿੰਤਾਵਾਂ ਸੁਣਨ ਤੋਂ ਬਾਅਦ ਪ੍ਰਗਟ ਕੀਤੇ।ਨਗਰ ਨਿਗਮ ਦੇ ਕਾਰਜਕਾਰੀ ਮੇਅਰ ਪ੍ਰਵੀਨ ਕੁਮਾਰ ਪੀਨਾ, ਬਲਾਕ ਪ੍ਰਧਾਨ ਦਵਿੰਦਰ ਸਿੰਘ ਤਿਵਾੜੀ, ਬਲਾਕ ਪ੍ਰਧਾਨ ਵਜਿੰਦਰ ਵਿਪਿਨ, ਬਲਾਕ ਪ੍ਰਧਾਨ ਮਹਿਲਾ ਵਿੰਗ ਪੂਨਮ ਅਰੋੜਾ, ਯੂਥ ਪ੍ਰਧਾਨ ਵਾਰਡ ਨੰਬਰ 31 ਵਰਿੰਦਰ ਸਿੰਘ ਟੋਨੀ, ਗੁਰਦੀਪ ਸਿੰਘ ਤੇ ਰਿਤਿਕਾ ਅਰੋੜਾ ਇਸ ਮੌਕੇ ਮੌਜੂਦ ਸਨ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਾਰਡ ਦੇ ਵਸਨੀਕਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਕੋਈ ਸਮੱਸਿਆ ਆਉਂਦੀ ਹੈ, ਤਾਂ ਉਹ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਅਤੇ ਉਨ੍ਹਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਮੋਗਾ ਸ਼ਹਿਰ ਦੇ ਵਾਰਡਾਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣਾ ਹੈ ਤੇ ਮੋਗਾ ਦੇ ਵਾਰਡਾਂ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ।ਇਸ ਮੌਕੇ ਵਾਰਡ ਇੰਚਾਰਜ ਸਤਵਿੰਦਰ, ਬਲਾਕ ਪ੍ਰਧਾਨ ਵਜਿੰਦਰ ਵਿਪਿਨ, ਬਲਾਕ ਪ੍ਰਧਾਨ ਮਹਿਲਾ ਵਿੰਗ ਪੂਨਮ ਅਰੋੜਾ ਅਤੇ ਯੂਥ ਪ੍ਰਧਾਨ ਵਾਰਡ ਨੰਬਰ 31 ਵਰਿੰਦਰ ਸਿੰਘ ਟੋਨੀ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਆਂਢ-ਗੁਆਂਢ ਦੀਆਂ ਸਮੱਸਿਆਵਾਂ ਦੇ ਹੱਲ ਲਈ ਧੰਨਵਾਦ ਕੀਤਾ।

## ਪਬਲਿਕ ਕਾਲਜ 'ਚ ਮਨਾਇਆ ਭਾਰਤੀ ਆਰਮੀ ਦਿਵਸ



**ਸਮਾਣਾ (ਇਕਬਾਲ ਸਿੰਘ ਬੱਲ)**-ਪਬਲਿਕ ਕਾਲਜ ਸਮਾਣਾ ਦੇ ਐੱਨ.ਸੀ.ਸੀ. ਯੂਨਿਟ 5ਵੀਂ ਪੰਜਾਬ ਬਟਾਲੀਅਨ ਐੱਨ.ਸੀ.ਸੀ. ਨੇ ਭਾਰਤੀ ਆਰਮੀ ਦਿਵਸ ਮੌਕੇ ਸਮਾਣਾ ਦੀ ਰਾਮ ਬਸਤੀ ਵਿਖੇ ਜਾ ਕੇ ਜ਼ਰੂਰਤਮੰਦ ਬੱਚਿਆਂ ਨੂੰ ਗਰਮ ਕੱਪੜੇ ਤੇ ਦਸਤਾਨੇ ਵੰਡੇ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਐਨ.ਸੀ.ਸੀ ਯੂਨਿਟ ਦੇ ਕੰਡਟਸ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਭਾਰਤੀ ਆਰਮੀ ਦਿਵਸ ਮੌਕੇ ਜ਼ਰੂਰਤਮੰਦ ਬੱਚਿਆਂ ਨੂੰ ਗਰਮ ਕੱਪੜੇ ਅਤੇ ਦਸਤਾਨੇ ਵੰਡ ਕੇ ਕੰਡਟਸ ਨੇ ਸਮਾਜ ਸੇਵਾ ਦਾ ਕੰਮ ਕੀਤਾ ਹੈ ਜਿਸ ਨਾਲ ਐੱਨ. ਸੀ. ਸੀ ਕੈਡਟਸ ਵਿੱਚ ਕਮਿਊਨਿਟੀ ਸਰਵਿਸ ਅਤੇ ਸਮਾਜ ਨਾਲ ਜੁੜਨ ਦੀ ਭਾਵਨਾ ਪੈਦਾ ਹੋਵੇਗੀ।ਪ੍ਰਿੰਸੀਪਲ ਨੇ ਇਸ ਸਮਾਜ ਸੇਵਾ ਪ੍ਰੋਗਰਾਮ ਦਾ ਸਫਲਤਾਪੂਰਵਕ ਸੰਚਾਲਨ ਕਰਨ ਲਈ ਐੱਨ.ਸੀ.ਸੀ. ਅਫਸਰ ਲੈਫਟੀਨੈਂਟ ਡਾ. ਅਨਿਲ ਕੁਮਾਰ ਤੇ ਕਾਲਜ ਅਧੀਨ ਚਲਾਏ ਜਾ ਕਾਲਜੀਏਟ ਸਕੂਲ ਦੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਪ੍ਰੋ. ਅਸ਼ਵਨੀ ਕੁਮਾਰ ਦੀ ਸ਼ਲਾਘਾ ਕੀਤੀ।

# ਕੈਨੇਡਾ 'ਚ ਲੜਕੀ ਦਾ ਕਤਲ ਕਰਕੇ ਫ਼ਰਾਰ ਹੋਏ ਮੁਲਜ਼ਮ ਨੂੰ ਪੁਲਸ ਨੇ ਕੀਤਾ ਕਾਬੂ



**ਸੰਗਰੂਰ (ਪ੍ਰਵੀਨ ਸਿੰਘ)**-ਕੈਨੇਡਾ 'ਚ ਲੜਕੀ ਦਾ ਕਤਲ ਕਰਕੇ ਫ਼ਰਾਰ ਹੋਏ ਮੁਲਜ਼ਮ ਨੂੰ ਸੰਗਰੂਰ ਪੁਲਸ ਨੇ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਗਰੂਰ ਜ਼ਿਲ੍ਹੇ ਦੇ ਐੱਸ.ਐੱਸ.ਪੀ. ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ 20 ਅਕਤੂਬਰ 2025 ਨੂੰ ਸੰਗਰੂਰ ਦੀ ਲੜਕੀ ਦਾ ਕੈਨੇਡਾ ਵਿੱਚ ਕਤਲ ਹੋਇਆ ਸੀ, ਜਿਸ ਨੂੰ ਸੰਗਰੂਰ ਪੁਲਸ ਵੱਲੋਂ ਸੁਲਝਾਅ ਲਿਆ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਇੰਦਰਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪ੍ਰੇਮ ਬਸਤੀ ਸੰਗਰੂਰ ਨੇ ਦਰਖਾਸਤ ਰਾਹੀਂ ਦੱਸਿਆ ਕਿ ਉਸ ਦੀਆਂ ਦੋਵੇਂ ਲੜਕੀਆਂ ਗੁਰਸਿਮਰਨ ਕੌਰ ਤੇ ਅਮਨਪ੍ਰੀਤ ਕੌਰ ਕੈਨੇਡਾ ਵਿਖੇ ਰਹਿੰਦੀਆਂ ਹਨ।ਅਮਨਪ੍ਰੀਤ ਕੌਰ ਟੋਰਾਂਟੋ ਈਸਟ ਯੋਰਕ ਵਿਖੇ ਕਿਰਾਏ ਉੱਤੇ ਰਹਿੰਦੀ ਸੀ ਤੇ ਹਸਪਤਾਲ ਵਿੱਚ ਬਤੌਰ ਪਰਸਨਲ ਸਪੋਰਟ ਵਰਕਰ ਦੀ ਨੌਕਰੀ ਕਰਦੀ ਸੀ।20 ਅਕਤੂਬਰ 2025 ਤੋਂ 3/4 ਦਿਨ ਪਹਿਲਾਂ ਉਸ ਦੀ ਛੋਟੀ ਲੜਕੀ ਅਮਨਪ੍ਰੀਤ ਕੌਰ ਨੇ ਫ਼ੋਨ ਕਰਕੇ ਦੱਸਿਆ ਕਿ ਮਨਪ੍ਰੀਤ ਸਿੰਘ ਪੁੱਤਰ ਲੇਟ ਕਾਬਲ ਸਿੰਘ ਵਾਸੀ ਬਸਲੀਪੁਰ ਥਾਣਾ ਗੋਕਰਨਾਥ (ਗੋਹਲਾਂ), ਜ਼ਿਲ੍ਹਾ ਲਖੀਮਪੁਰ ਖੀਰੀ (ਯੂ.ਪੀ.) ਜੋ ਕੈਨੇਡਾ ਵਿਖੇ ਰਹਿੰਦਾ ਹੈ ਤੇ ਉਹ ਉਸ ਨਾਲ ਕੰਮ ਤੇ ਟੈਕਸੀ ਉੱਤੇ ਜਾਇਆ ਕਰਦੀ ਸੀ, ਜਿਸ ਨਾਲ ਉਸ ਦੀ ਜਾਣ-ਪਹਿਚਾਣ ਸੀ, ਜੋ ਉਸ ਨਾਲ ਵਿਆਹ ਕਰਵਾਉਣ ਲਈ ਦਬਾਅ ਪਾ ਰਿਹਾ ਸੀ, ਪਰ ਉਸ ਦੀ ਲੜਕੀ ਨੇ ਵਿਆਹ ਕਰਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।ਐਸ.ਐਸ.ਪੀ. ਨੇ ਦੱਸਿਆ ਕਿ 21 ਅਕਤੂਬਰ 2025 ਨੂੰ ਇੰਦਰਜੀਤ ਸਿੰਘ ਦਾ ਆਪਣੀ ਲੜਕੀ ਅਮਨਪ੍ਰੀਤ ਕੌਰ ਸੈਣੀ ਨਾਲ ਸੰਪਰਕ ਨਹੀਂ ਹੋਇਆ, ਜਿਸ ਸਬੰਧੀ ਉਸ ਨੇ ਆਪਣੀ ਵੱਡੀ ਲੜਕੀ ਗੁਰਸਿਮਰਨ ਕੌਰ ਨੂੰ ਪਤਾ ਕਰਨ ਲਈ ਕਿਹਾ, ਜਿਸ ਬਾਰੇ ਪਤਾ ਲੱਗਾ ਕਿ ਅਮਨਪ੍ਰੀਤ ਕੌਰ ਆਪਣੀ ਰਿਹਾਇਸ਼ ਤੋਂ ਡਿਊਟੀ 'ਤੇ ਚਲੀ ਗਈ ਸੀ, ਪਰ ਡਿਊਟੀ 'ਤੇ ਨਹੀਂ ਪਹੁੰਚੀ ਤੇ ਨਾ ਹੀ ਰਿਹਾਇਸ਼ 'ਤੇ ਵਾਪਸ ਆਈ, ਜਿਸ ਸਬੰਧੀ ਗੁਰਸਿਮਰਨ ਕੌਰ ਨੇ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਕੈਨੇਡਾ ਪੁਲਸ ਕੋਲ ਦਿੱਤੀ ਸੀ।21 ਅਕਤੂਬਰ 2025 ਨੂੰ ਗੁਰਸਿਮਰਨ ਕੌਰ ਨੂੰ ਕੈਨੇਡਾ ਪੁਲਸ ਦਾ ਫ਼ੋਨ ਆਇਆ ਕਿ ਅਮਨਪ੍ਰੀਤ ਕੌਰ ਸੈਣੀ ਦੀ ਲਾਸ਼ ਨਾਈਗਰਾ ਫਾਲਸ ਓਨਟਾਰੀਓ ਕੈਨੇਡਾ ਦੇ ਨੇੜੇ ਤੋਂ ਬਰਾਮਦ ਹੋਈ ਹੈ, ਕੈਨੇਡਾ ਪੁਲਸ ਦੀ ਜਾਣਕਾਰੀ ਮੁਤਾਬਿਕ ਟੈਕਸੀ ਡਰਾਈਵਰ, ਜਿਸ ਦਾ ਨਾਮ ਮਨਪ੍ਰੀਤ ਸਿੰਘ ਉਮਰ ਕਰੀਬ 27 ਸਾਲ ਹੈ, ਜੋ ਅਮਨਪ੍ਰੀਤ ਕੌਰ ਸੈਣੀ ਦਾ ਕਤਲ ਕਰਕੇ ਇੰਡੀਆ ਭੱਜ ਗਿਆ ਹੈ। ਸ੍ਰ. ਚਾਹਲ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਉਕਤ ਵੱਲੋਂ ਇੰਦਰਜੀਤ ਸਿੰਘ ਦੀ ਵੱਡੀ ਲੜਕੀ ਗੁਰਸਿਮਰਨ ਕੌਰ ਨੂੰ ਵੱਟਸਐਪ ਤੇ ਇੰਸਟਾਗ੍ਰਾਮ ਉੱਤੇ ਕਾਲ ਕਰਕੇ ਉਸ ਨੂੰ ਤੇ ਉਸ ਦੇ ਸੰਗਰੂਰ ਵਿਖੇ ਰਹਿੰਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।ਫਿਰ ਅਕਤੂਬਰ 2025 ਦੇ ਅਖੀਰਲੇ ਦਿਨਾਂ ਵਿੱਚ ਮਨਪ੍ਰੀਤ ਸਿੰਘ ਉਕਤ ਇੰਦਰਜੀਤ ਸਿੰਘ ਦੇ ਘਰ ਦਾਤਰ ਲੈ ਕੇ ਸੰਗਰੂਰ ਵਿਖੇ ਦਾਖਲ ਹੋਇਆ ਤੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਤੇ ਕੈਨੇਡਾ ਵਿਖੇ ਕਤਲ ਕੇਸ ਦੀ ਪੈਰਵਾਈ ਨਾ ਕਰਨ ਬਾਰੇ ਕਹਿ ਕੇ ਮੌਕਾ ਤੋਂ ਫ਼ਰਾਰ ਹੋ ਗਿਆ।ਜਿਸ ਤੋਂ ਬਾਅਦ ਇੰਦਰਜੀਤ ਸਿੰਘ ਨੇ ਆਪਣੇ ਘਰ ਦੇ ਬਾਹਰ ਸੀ.ਸੀ.ਟੀ.ਵੀ. ਕੈਮਰੇ ਲਗਵਾ ਲਏ।ਮਨਪ੍ਰੀਤ ਸਿੰਘ ਫੇਰ ਮਿਤੀ 30 ਨਵੰਬਰ 2025 ਅਤੇ 10 ਜਨਵਰੀ 2026 ਦੀ ਰਾਤ ਨੂੰ ਇੰਦਰਜੀਤ ਸਿੰਘ ਦੇ ਘਰ ਦੇ ਬਾਹਰ ਆਇਆ ਅਤੇ ਆਪਣੀਆਂ ਸੈਲਫੀਆਂ ਤੇ ਘਰ ਦੇ ਬਾਹਰ ਲੱਗੇ ਕੈਮਰਿਆਂ ਦੀਆਂ ਫ਼ੋਟੋਆਂ ਖਿੱਚ ਕੇ ਮੌਕਾ ਤੋਂ ਭੱਜ ਗਿਆ।ਜਿਸ ਤੋਂ ਬਾਅਦ ਮਨਪ੍ਰੀਤ ਸਿੰਘ ਨੇ ਉਕਤ ਸੈਲਫੀਆਂ ਤੇ ਫ਼ੋਟੋਆਂ ਉਸ ਦੀ ਵੱਡੀ ਲੜਕੀ ਗੁਰਸਿਮਰਨ ਕੌਰ ਨੂੰ ਭੇਜ ਕੇ ਡਰਾਇਆ ਧਮਕਾਇਆ ਤੇ ਛੋਟੀ ਲੜਕੀ ਮ੍ਰਿਤਕ ਅਮਨਪ੍ਰੀਤ ਕੌਰ ਸੈਣੀ ਦੀਆਂ ਇਤਰਾਜ਼ਯੋਗ ਫ਼ੋਟੋਆਂ ਵਾਇਰਲ ਕਰਨ ਦੀਆਂ ਧਮਕੀਆਂ ਦਿੱਤੀਆਂ।ਜੋ ਬਾਅਦ ਵਿੱਚ ਮਨਪ੍ਰੀਤ ਸਿੰਘ ਨੇ ਇੰਸਟਾਗ੍ਰਾਮ ਉੱਤੇ ਜਾਲ੍ਹੀ ਅਕਾਊਂਟ ਬਣਾ ਕੇ ਅਮਨਪ੍ਰੀਤ ਕੌਰ ਦੀਆਂ ਇਤਰਾਜ਼ਯੋਗ ਫ਼ੋਟੋਆਂ ਬਣਾ ਕੇ ਅਸ਼ਲੀਲ ਕੁਮੈਂਟਸ ਨਾਲ ਵਾਇਰਲ ਕਰ ਦਿੱਤੀਆਂ, ਜਿਸ 'ਤੇ ਇੰਦਰਜੀਤ ਸਿੰਘ ਦੇ ਬਿਆਨ 'ਤੇ ਮੁਕੱਦਮਾ ਨੰਬਰ 02 ਮਿਤੀ 14.01.2026 ਅ/ਧ 333,351(3),79 ਬੀ.ਐਨ.ਐਸ, 671, 663 ਆਈ.ਟੀ. ਐਕਟ 2000 ਥਾਣਾ ਸਾਈਬਰ ਕ੍ਰਾਈਮ ਸੰਗਰੂਰ ਬਰਖ਼ਿਲਾਫ਼ ਮਨਪ੍ਰੀਤ ਸਿੰਘ ਪੁੱਤਰ ਲੇਟ ਕਾਬਲ ਸਿੰਘ ਵਾਸੀ ਬਸਲੀਪੁਰ (ਗੋਹਲਾਂ), ਜ਼ਿਲ੍ਹਾ ਲਖੀਮਪੁਰੀ (ਯੂ.ਪੀ.) ਰਜਿਸਟਰ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ ਤੇ 15 ਜਨਵਰੀ 2026 ਨੂੰ ਦੋਸ਼ੀ ਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਦੋਸ਼ੀ ਪਾਸੋਂ ਪੁੱਛ-ਗਿੱਛ ਜਾਰੀ ਹੈ, ਹੋਰ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ।

## ਝੂਠੀਆਂ ਅਫਵਾਹਾਂ ਫਲਾਉਣ ਵਾਲੇ ਖਿਲਾਫ ਹੋਵੇਗੀ ਸਖਤ ਕਾਰਵਾਈ : ਡੀ ਸੀ

### ਬੰਬ ਦੀ ਧਮਕੀ ਦੇਣ ਵਾਲੇ ਖਿਲਾਫ ਉੱਚ ਪੱਧਰੀ ਜਾਂਚ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਅੱਜ ਤੜਕਸਾਰ ਇੱਕ ਈਮੇਲ ਰਾਹੀਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਖਿਲਾਫ ਉੱਚ ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਕਿਹਾ ਕਿ ਇੱਕ ਧਮਕੀ ਭਰੀ ਈਮੇਲ ਪ੍ਰਾਪਤ ਹੋਣ ਉਪਰੰਤ ਸਾਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐਂਟੀ ਸਾਬੋਟਾਜ ਟੀਮ ਵੱਲੋਂ ਚੈਕਿੰਗ ਕੀਤੀ ਗਈ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਦੁਰਾਨੇ ਤਫਤੀਸ਼ ਅਜਿਹੀ ਕੋਈ ਵੀ ਵਿਸਫੋਟਕ ਸਮਗਰੀ/ ਪਦਾਰਥ/ਵਸਤੂ ਬਰਾਮਦ ਨਹੀਂ ਹੋਈ।ਉਹਨਾਂ ਕਿਹਾ ਕਿ ਅਜਿਹੀਆਂ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਸਰਕਾਰ ਨੇ ਗੰਭੀਰ ਨੋਟਿਸ ਲਿਆ ਹੈ ਅਤੇ ਇਸ ਅਫਵਾਹ ਨੂੰ ਫੈਲਾਉਣ ਵਾਲੇ ਦੀ ਜਲਦ ਹੀ ਧਰ ਪਕੜ ਕੀਤੀ ਜਾਵੇਗੀ।

## ਸਫਾ 1 ਦੇ ਬਾਕੀ...

### ਐੱਸ ਕੇ ਐੱਮ ਤੇ ਭਰਾਤਰੀ...



ਘਢਾਣੀ, ਬਲਜੀਤ ਸਿੰਘ, ਦਲਜੀਤ ਸਿੰਘ ਗੋਰਾ, ਹਰਦੀਪ ਸਿੰਘ ਗਿਆਸਪੁਰਾ, ਜਗਤਾਰ ਸਿੰਘ ਦੇਹੜਕਾ, ਹਰਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਆਸੀ, ਰਾਜਵੀਰ ਸਿੰਘ, ਬਲਦੇਵ ਸਿੰਘ ਲਤਾਲਾ, ਪ੍ਰਕਾਸ਼ ਸਿੰਘ ਬਰਮੀ, ਚਮਕੌਰ ਸਿੰਘ ਟੀਐਸਯੂ ਭੰਗਲ, ਨਰੇਸ਼ ਗੌੜ, ਦੇਵਰਾਜ, ਮੁਹਿੰਦਰ ਸਿੰਘ ਕਮਾਲਪੁਰਾ ਤੋਂ ਇਲਾਵਾ ਬੀਕੇਯੂ ਲੱਖੋਵਾਲ, ਬੀਕੇਯੂ ਰਾਜੇਵਾਲ, ਬੀਕੇਯੂ ਕਾਦੀਆਂ, ਕਿਰਤੀ ਕਿਸਾਨ ਯੂਨੀਅਨ, ਬੀਕੇਯੂ ਡਕੌਂਦਾ ਧਨੇਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ, ਪੰਜਾਬ ਕਿਸਾਨ ਯੂਨੀਅਨ, ਪਨਬਸ ਕੰਟਰੈਕਟਰ ਵਰਕਰ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਏਟਕ, ਇੰਟਕ, ਸੀਟੂ ਸੀ ਟੀ ਯੂ ਪੰਜਾਬ, ਤਰਕਸ਼ੀਲ ਸੋਸਾਇਟੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਆਗੂ ਸ਼ਾਮਿਲ ਸਨ।ਲੁਧਿਆਣਾ ਤੇ ਹੋਰ ਸ਼ਹਿਰਾਂ ਵਿੱਚ ਰੇਹੜੀ ਫੜੀ ਵਾਲਿਆਂ ਦੀ ਸਮੱਸਿਆ ਦੇ ਹੱਲ ਦੇ ਲਈ ਨਗਰ ਨਿਗਮ ਵੱਲੋਂ ਵੈਂਡਿੰਗ ਜ਼ੋਨ ਫੌਰੀ ਤੌਰ 'ਤੇ ਬਣਾਏ ਜਾਣ ਦੀ ਮੰਗ ਵੀ ਕੀਤੀ ਗਈ। ਡੀ ਸੀ ਕਮਿਸ਼ਨਰ ਤਰਨ ਤਾਰਨ ਦੇ ਦਫਤਰ ਅੱਗੇ ਲਾਮਿਸਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਬੁਲਾਰਿਆਂ ਵਿੱਚ ਮਹਾਂਵੀਰ ਸਿੰਘ ਗਿੱਲ, ਮੇਜਰ ਸਿੰਘ ਭਿੱਖੀਵਿੰਡ, ਹਰਜਿੰਦਰ ਸਿੰਘ ਟਾਂਡਾ ਸੁਖਦੇਵ ਸਿੰਘ ਕੋਟ ਧਰਮ ਚੰਦ ਤਰਸੇਮ ਸਿੰਘ ਲੁਹਾਰ , ਬਾਬਾ ਸਲੱਖਣ ਸਿੰਘ ਮੰਡਾਲਾ, ਜਸਬੀਰ ਸਿੰਘ ਵੈਰੋਵਾਲ, ਨਛੱਤਰ ਸਿੰਘ ਮੁਗਲ ਚੱਕ, ਹਰਜੀਤ ਸਿੰਘ ਰਵੀ, ਗੁਰਦਿਆਲ ਸਿੰਘ, ਸਤਨਾਮ ਸਿੰਘ, ਪ੍ਰਗਟ ਸਿੰਘ ਮਹਿਦੀਪੁਰ, ਰਣਜੀਤ ਸਿੰਘ ਬਹਾਦਰ ਨਗਰ, ਵਿਸ਼ਾਲਦੀਪ ਸਿੰਘ ਵਲਟੋਹਾ ਪੂਰਨ ਸਿੰਘ ਮਾੜੀ ਮੇਘਾ ਗੁਰਬਚਨ ਸਿੰਘ ਘੜਕਾ, ਲਖਬੀਰ ਸਿੰਘ ਨਿੱਜਰ, ਗੁਰਜੀਤ ਸਿੰਘ ਫਰਦ ਕੇਂਦਰ ,ਦੇਵੀ ਕੁਮਾਰੀ, ਨਰਿੰਦਰ ਬੇਦੀ , ਦਵਿੰਦਰ ਸਿੰਘ, ਹਰਦੀਪ ਸਿੰਘ ਕੱਦਗਿਲ, ਸੁੱਚਾ ਸਿੰਘ, ਪ੍ਰਗਟ ਸਿੰਘ ਜਾਮਾਰਾਏ, ਸੀਮਾ ਸੋਹਲ, ਚਾਨਣ ਸਿੰਘ ਪ੍ਰਤਾਪ ਸਿੰਘ ਠਠਗੜ ਆਦਿ ਸ਼ਾਮਲ ਸਨ। ਸਟੇਜ ਚਲਾਉਣ ਦੀ ਭੂਮਿਕਾ ਦਲਜੀਤ ਸਿੰਘ ਦਿਆਲਪੁਰ ਵਲੋਂ ਨਿਭਾਈ ਗਈ। ਮਨਜੀਤ ਸਿੰਘ ਬੱਗੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਚਰਨ ਸਿੰਘ ਸਭਰਾ, ਗੁਰਬਾਜ ਸਿੰਘ ਸਿੱਧਵਾਂ, ਮੇਹਰ ਸਿੰਘ ਚਤਾਲਾ, ਮਨਿੰਦਰਜੀਤ ਸਿੰਘ ਲਾਲੀ, ਨੌਨਿਹਾਲ ਸਿੰਘ ਕੋਟ ਬੁੱਢਾ ਆਦਿ ਵੀ ਹਾਜ਼ਰ ਸਨ।

### ਮਾਨ ਵੱਲੋਂ ਬ੍ਰਿਟਿਸ਼ ...

ਖੇਤੀ, ਖੁਰਾਕ ਸੁਰੱਖਿਆ ਅਤੇ ਗ੍ਰੀਨ ਹਾਊਸ ਤਕਨਾਲੋਜੀਆਂ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਮੁਹਾਰਤ ਖੇਤੀਬਾੜੀ ਦੇ ਆਧੁਨਿਕੀਕਰਨ ਸੰਬੰਧੀ ਪੰਜਾਬ ਦੇ ਟੀਚਿਆਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਸਾਨੂੰ ਸਾਫ-ਸੁਥਰੀ ਖੇਤੀ, ਵਾਢੀ ਤੋਂ ਬਾਅਦ ਦੀਆਂ ਪ੍ਰਣਾਲੀਆਂ ਅਤੇ ਵੈਲਿਊ ਐਡਿਡ ਫੂਡ ਪ੍ਰੋਸੈਸਿੰਗ (ਉਤਪਾਦ ਤੋਂ ਹੋਰ ਵਸਤਾਂ ਤਿਆਰ ਕਰਨ) ਵਿੱਚ ਭਾਈਵਾਲੀ ਦੀ ਉਮੀਦ ਹੈ।ਸਿੱਖਿਆ ਖੇਤਰ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਿੱਖਿਆ ਅਤੇ ਹੁਨਰ ਵਿਕਾਸ ਇੱਕ ਹੋਰ ਅਹਿਮ ਖੇਤਰ ਹੈ ਜਿੱਥੇ ਖੋਜ ਅਤੇ ਕਿੱਤਾਮੁਖੀ ਸਿਖਲਾਈ ਵਿੱਚ ਕੈਨੇਡੀਅਨ ਯੂਨੀਵਰਸਿਟੀਆਂ ਨਾਲ ਭਾਈਵਾਲੀ ਨਾਲ ਪਰਿਵਰਤਨਸ਼ੀਲ ਤਬਦੀਲੀ ਲਿਆਂਦੀ ਜਾ ਸਕਦੀ ਹੈ।'

ਸੈਕਟਰ ਅਧਾਰਿਤ ਮੌਕਿਆਂ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, 'ਸਿਹਤ ਸੰਭਾਲ ਅਤੇ ਜੀਵਨ ਵਿਗਿਆਨ ਦੇ ਸੰਬੰਧ ਵਿੱਚ, ਫਾਰਮਾਸਿਊਟੀਕਲ, ਮੈਡੀਕਲ ਉਪਕਰਣਾਂ ਅਤੇ ਟੈਲੀਮੈਡੀਸਨ ਵਿੱਚ ਕੈਨੇਡੀਅਨ ਫਰਮਾਂ ਲਈ ਪੰਜਾਬ ਵਿੱਚ ਅਥਾਹ ਮੌਕੇ ਹਨ।'

ਉਨ੍ਹਾਂ ਕਿਹਾ, ਨਿਰਯਾਤ ਕੀਤੇ ਜਾਂਦੇ ਪੰਜਾਬ ਦੇ ਖੇਤੀਬਾੜੀ ਉਤਪਾਦ ਜਿਵੇਂ ਕਿ ਕਣਕ, ਚੌਲ, ਕਿੰਨੂ, ਲੀਚੀ ਅਤੇ ਪ੍ਰੋਸੈਸਡ ਫੂਡ ਉਤਪਾਦਾਂ ਦੀ ਕੈਨੇਡੀਅਨ ਬਾਜ਼ਾਰ ਵਿੱਚ ਬਹੁਤ ਮੰਗ ਹੈ, ਜਿਸ ਨੂੰ ਉੱਥੇ ਰਹਿਣ ਵਾਲੇ ਭਾਰਤੀ ਪ੍ਰਵਾਸੀ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਟੈਕਸਟਾਈਲ ਵਿੱਚ ਸਹਿਯੋਗ ਦਾ ਪ੍ਰਸਤਾਵ ਦਿੰਦਿਆਂ ਕਿਹਾ, ਕੈਨੇਡੀਅਨ ਕੰਪਨੀਆਂ ਉੱਚ-ਗੁਣਵੱਤਾ ਵਾਲੇ ਟੈਕਸਟਾਈਲ ਅਤੇ ਕੱਪੜਾ ਉਦਯੋਗ ਵਿਕਸਤ ਕਰਨ ਲਈ ਪੰਜਾਬ ਨਾਲ ਭਾਈਵਾਲੀ ਕਰ ਸਕਦੀਆਂ ਹਨ ਜੋ ਉਨ੍ਹਾਂ ਦੇ ਫੈਸ਼ਨ ਅਤੇ ਪ੍ਰਚੂਨ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਕੈਨੇਡਾ ਨੂੰ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਵਿੱਚ ਇੱਕ ਭਾਈਵਾਲ ਦੇਸ਼ ਵਜੋਂ ਹਿੱਸਾ ਲੈਣ ਦਾ ਸੱਦਾ ਦਿੰਦਿਆਂ, ਉਨ੍ਹਾਂ ਕਿਹਾ, 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਵਿੱਚ ਵਿਸ਼ੇਸ਼ ਵਪਾਰਕ ਵਫ਼ਦ, ਖੇਤਰੀ ਸੈਸ਼ਨ ਅਤੇ ਉੱਚ-ਪੱਧਰੀ ਗੋਲਮੇਜ਼ ਕਾਨਫਰੰਸਾਂ ਸ਼ਾਮਲ ਹੋਣਗੀਆਂ, ਜੋ ਵਪਾਰ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਹੋਰ ਮਜ਼ਬੂਤ ਕਰਨਗੀਆਂ।' ਮੁੱਖ ਮੰਤਰੀ ਨੇ ਮੋਹਰੀ ਕੈਨੇਡੀਅਨ ਯੂਨੀਵਰਸਿਟੀਆਂ ਨੂੰ ਮੋਹਾਲੀ ਵਿੱਚ ਕੈਂਪਸ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਸੱਦਾ ਵੀ ਦਿੱਤਾ।

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਨੇ ਮੁੱਖ ਮੰਤਰੀ ਦਾ ਉਨ੍ਹਾਂ ਦੀ ਮਹਿਮਾਨ-ਨਿਵਾਜ਼ੀ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ, ਪੰਜਾਬ ਵੱਲੋਂ ਕੀਤੀ ਗਈ ਮਹਿਮਾਨ-ਨਿਵਾਜ਼ੀ ਨੇ ਮੇਰੇ ਦੌਰੇ ਨੂੰ ਸੱਚਮੁੱਚ ਯਾਦਗਾਰੀ ਬਣਾ ਦਿੱਤਾ ਹੈ। ਦੋਵਾਂ ਪਾਸਿਆਂ ਦੇ ਲੋਕਾਂ ਦਰਮਿਆਨ ਆਪਸੀ ਸਾਂਝ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਅੱਗੇ ਕਿਹਾ, ਪੰਜਾਬ ਹਮੇਸ਼ਾ ਬ੍ਰਿਟਿਸ਼ ਕੋਲੰਬੀਆ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਵੱਸਦਾ ਹੈ ਅਤੇ ਲੋਕਾਂ ਦਰਮਿਆਨ ਇਹ ਰਿਸ਼ਤਾ ਹੋਰ ਵੀ ਮਜ਼ਬੂਤ ਹੋਣਾ ਚਾਹੀਦਾ ਹੈ। ਪ੍ਰੀਮੀਅਰ ਨੇ ਹੋਰ ਨੇੜਲੇ ਸਬੰਧਾਂ ਲਈ ਉਤਸੁਕਤਾ ਪ੍ਰਗਟ ਕਰਦਿਆਂ, ਕਿਹਾ, ਅਸੀਂ ਪੰਜਾਬ ਨਾਲ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਇੱਛੁਕ ਹਾਂ ਅਤੇ ਹੁਨਰ ਵਿਕਾਸ, ਊਰਜਾ ਤੇ ਹੋਰ ਖੇਤਰਾਂ ਵਿੱਚ ਆਪਸੀ ਆਦਾਨ-ਪ੍ਰਦਾਨ ਦੇ ਮੌਕਿਆਂ ਦੀ ਪੜਚੋਲ ਕਰਾਂਗੇ।

### ਕਾਮਰੇਡ ਜਗਰੂਪ ਵੱਲੋਂ ...

ਤਹਿਤ 60000 ਰੁਪਏ ਪ੍ਰਤੀ ਮਹੀਨਾ ਤਨਖਾਹ ਅਤੇ ਜੇਕਰ ਸਰਕਾਰ ਕੰਮ ਦੇਣ ਵਿੱਚ ਅਸਫਲ ਹੈ ਤਾਂ ਉਕਤ ਤਨਖਾਹ ਦਾ ਅੱਧ ਪ੍ਰਤੀ ਮਹੀਨਾ 'ਕੰਮ ਇੰਤਜ਼ਾਰ ਭੱਤਾ' ਦਿੱਤਾ ਜਾਵੇ । ਆਖਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਨੇ ਕਿਹਾ ਕਿ ਇਹ ਕਾਨਫਰੰਸ ਹਰ ਸਾਲ ਲੋਕਾਂ ਨੂੰ ਆਉਣ ਵਾਲੇ ਹਮਲਿਆਂ ਬਾਰੇ ਸੁਚੇਤ ਕਰਦਿਆਂ ਇਕਜੁੱਟਤਾ ਨਾਲ ਲੜਨ ਦਾ ਸੱਦਾ ਦਿੰਦੀ ਹੈ । ਦੇਸ਼ ਅਤੇ ਸੂਬੇ ਦੀ ਹਾਲਤ ਕੋਈ ਕਿਸੇ ਤੋਂ ਲੁਕੀ ਨਹੀਂ, ਪਰ ਫਿਰ ਵੀ ਰਾਜ ਕਰਦੀਆਂ/ਕਰ ਚੁੱਕੀਆਂ ਸਰਕਾਰਾਂ ਲੋਕਾਂ ਨੂੰ ਗੁਮਰਾਹ ਕਰਨ ਦੀਆਂ ਟਾਹਰਾਂ ਮਾਰਨ ਤੋਂ ਬਾਜ਼ ਨਹੀਂ ਆ ਰਹੀਆਂ। ਸਾਰੀਆਂ ਧਿਰਾਂ 2027 ਨੂੰ ਨਿਸ਼ਾਨਾ ਬਣਾ ਕੇ ਅੱਜ ਹੀ ਲੋਕਾਂ ਨੂੰ ਝਾਂਸੇ ਦੇ ਰਹੀਆਂ ਹਨ, ਪਰ ਭਾਰਤੀ ਕਮਿਊਨਿਸਟ ਪਾਰਟੀ ਦੀ ਇਹ ਸਟੇਜ ਲੋਕਾਂ ਨੂੰ ਸੁਨੇਹਾ ਦਿੰਦੀ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਧਿਰਾਂ ਬਦਲ-ਬਦਲ ਕੇ ਰਾਜ ਕਰ ਚੁੱਕੀਆਂ ਅੱਜ ਜੋ ਸਾਡੀ ਹਾਲਤ ਹੈ ਇਹ ਧਿਰਾਂ ਉਸ ਦੀਆਂ ਜ਼ਿੰਮੇਵਾਰ ਹਨ, ਪਰ ਲੋਕਾਂ ਨੇ ਜਦੋਂ ਵੀ ਜਿੰਨੀ ਵੀ ਤਾਕਤ ਕਾਮਰੇਡਾਂ ਦੇ ਹੱਥ ਦਿੱਤੀ, ਅਸੀਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਆਪਣਾ ਰੋਲ ਅਦਾ ਕੀਤਾ । ਇਸ ਸਟੇਜ ਤੋਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸੋਚ-ਵਿਚਾਰ ਕੇ ਆਪਣਾ ਤੇ ਆਪਣੇ ਬੱਚਿਆਂ ਦਾ ਭਵਿੱਖ ਦੇਖ ਕੇ 2027 ਵਿੱਚ ਫੈਸਲਾ ਕਰਿਓ। ਅਸੀਂ ਭਾਰਤੀ ਕਮਿਊਨਿਸਟ ਪਾਰਟੀ ਦੀ ਸਟੇਜ ਤੋਂ ਜਿੱਥੇ ਆਗੂਆਂ ਦਾ/ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹਾਂ, ਉੱਥੇ ਹੀ ਪਿੰਡ ਤਖਤੂਪੁਰਾ ਸਾਹਿਬ ਦੇ ਉਹਨਾਂ ਲੋਕਾਂ ਦਾ ਵੀ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਕਾਨਫਰੰਸ ਦੀ ਸਫ਼ਲਤਾ ਲਈ ਆਪਣੀ ਕਮਾਈ 'ਚੋਂ ਦਸਵੰਧ ਪਾਰਟੀ ਨੂੰ ਦਿੱਤਾ। ਇਸ ਤੋਂ ਇਲਾਵਾ ਇੰਦਰਜੀਤ ਸਿੰਘ ਦੀਨਾ, ਸੁਖਦੇਵ ਭੋਲਾ, ਬੂਟਾ ਰਾਊਕੇ, ਸਤਵੰਤ ਖੋਟੇ, ਨਵਜੋਤ ਕੌਰ, ਜਸਪ੍ਰੀਤ ਕੌਰ, ਤੋਤਾ ਸਿੰਘ ਤਖਤੂਪੁਰਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਪਟਾ ਮੋਗਾ, ਹਰਭਜਨ ਸਿੰਘ ਬਿਲਾਸਪੁਰ, ਲੁਹਾਰਾ ਕਵੀਸ਼ਰੀ ਜੱਥਾ ਨੇ ਇਨਕਲਾਬੀ ਵੰਨਗੀਆਂ ਪੇਸ਼ ਕੀਤੀਆਂ। ਗੁਰਦਿੱਤ ਦੀਨਾ ਵੱਲੋਂ ਸਟੇਜ ਦੀ ਕਾਰਵਾਈ ਚਲਾਈ ਗਈ।

### ਬਾਬਾ ਬੂਝਾ ਸਿੰਘ ਦੇ ...

ਗੋਪਾਲ ਸਿੰਘ ਬੁੱਟਰ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਆਗੂ ਸੁਰਿੰਦਰ ਕੁਮਾਰੀ ਕੋਛੜ ਅਤੇ ਅਜਮੇਰ ਸਿੰਘ ਨੇ ਪੁਸਤਕਾਂ ਦੇ ਸੈੱਟ ਭੇਟ ਕਰਕੇ ਬਾਬਾ ਬੂਝਾ ਸਿੰਘ ਦੇ ਪਰਵਾਰ ਦਾ ਹਾਰਦਿਕ ਸਵਾਗਤ ਅਤੇ ਸਨਮਾਨ ਕੀਤਾ। ਸੁਖਜਿੰਦਰ ਸਿੰਘ ਦੇ ਪਰਵਾਰ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਵਿੱਤੀ ਯੋਗਦਾਨ ਵੀ ਭੇਟ ਕੀਤਾ।

### ਬਿੱਟੂ ਨੇ ਮੰਨਿਆ ਕਿ ...

ਦੌਰਾਨ ਪੰਜਾਬ ਨੇ ਨਸ਼ਾ ਤਸਕਰੀ ਅਤੇ ਗੈਂਗਸਟਰ ਕਲਚਰ ਦਾ ਸਿਖਰ ਦੇਖਿਆ ਸੀ। ਉਨ੍ਹਾਂ ਕਿਹਾ ਕਿ ਇਹ ਉਹ ਦੌਰ ਸੀ ਜਦੋਂ ਪੰਜਾਬ ਨੇ ਪਹਿਲੀ ਵਾਰ ਇੰਨੇ ਵੱਡੇ ਪੱਧਰ 'ਤੇ 'ਚਿੱਟਾ' ਸ਼ਬਦ ਸੁਣਿਆ ਸੀ, ਜਦੋਂ ਇੱਕ ਤਾਕਤਵਰ ਅਕਾਲੀ ਆਗੂ ਬਿਕਰਮ ਮਜੀਠੀਆ ਦਾ ਨਾਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਸਾਹਮਣੇ ਆਇਆ ਸੀ, ਜਦੋਂ ਨਾਭਾ ਜੇਲ੍ਹ ਤੋੜੀ ਗਈ ਸੀ, ਜਦੋਂ ਅੰਮ੍ਰਿਤਸਰ ਵਿੱਚ ਆਪਣੀ ਧੀ ਦੀ ਰੱਖਿਆ ਕਰਦੇ ਹੋਏ ਇੱਕ ਏ.ਐੱਸ.ਆਈ ਦਾ ਕਤਲ ਕਰ ਦਿੱਤਾ ਗਿਆ ਸੀ, ਜਦੋਂ ਲੁਧਿਆਣਾ ਵਿੱਚ ਇੱਕ ਪੁਲਿਸ ਮੁਲਾਜ਼ਮ ਦੀ ਲੱਤ ਤੋੜ ਦਿੱਤੀ ਗਈ ਸੀ ਅਤੇ ਜਦੋਂ ਫਰੀਦਕੋਟ ਵਿੱਚ ਗੈਂਗਸਟਰਾਂ ਵੱਲੋਂ ਇੱਕ ਨਾਬਾਲਗ ਲੜਕੀ ਨੂੰ ਅਗਵਾ ਕਰ ਲਿਆ ਗਿਆ ਸੀ।ਪੰਨੂ ਨੇ 2017 ਤੋਂ 2022 ਤੱਕ ਕਾਂਗਰਸ ਦੇ ਰਾਜ ਦੌਰਾਨ ਬਿੱਟੂ ਦੀ ਚੁੱਪ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਉਦੋਂ ਜਾਣਦੇ ਸੀ ਕਿ ਨਸ਼ਿਆਂ ਅਤੇ ਗੈਂਗਸਟਰਵਾਦ ਲਈ ਕੌਣ ਜ਼ਿੰਮੇਵਾਰ ਹੈ, ਤਾਂ ਕੀ ਤੁਸੀਂ ਕਦੇ ਬਾਦਲਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ ? ਕੀ ਕੈਪਟਨ ਅਮਰਿੰਦਰ ਸਿੰਘ ਜਾਂ ਚਰਨਜੀਤ ਸਿੰਘ ਚੰਨੀ ਨੇ ਕੋਈ ਫੈਸਲਾਕੁੰਨ ਕਾਰਵਾਈ ਕੀਤੀ ? ਸੱਚਾਈ ਇਹ ਹੈ ਕਿ ਕਾਂਗਰਸ, ਭਾਜਪਾ ਅਤੇ ਅਕਾਲੀ ਇੱਕ ਸਾਂਝੀ ਸਰਕਾਰ ਚਲਾ ਰਹੇ ਸਨ ਅਤੇ ਇੱਕ ਦੂਜੇ ਨੂੰ ਬਚਾ ਰਹੇ ਸਨ।ਬਲਤੇਜ ਪੰਨੂ ਨੇ ਕਿਹਾ ਕਿ ਜਦੋਂ ਤੋਂ 2022 ਵਿੱਚ 'ਆਪ' ਦੀ ਸਰਕਾਰ ਬਣੀ ਹੈ, ਪੰਜਾਬ ਨਸ਼ਿਆਂ ਅਤੇ ਗੈਂਗਸਟਰਵਾਦ ਵਿਰੁੱਧ ਲਗਾਤਾਰ ਕਾਰਵਾਈ ਦੇਖ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ, ਜੋ ਹੁਣ ਆਪਣੇ ਦੂਜੇ ਪੜਾਅ ਵਿੱਚ ਹੈ ਅਤੇ ਪੰਜਾਬ ਪੁਲਿਸ ਕਾਨੂੰਨ ਨੂੰ ਹੱਥ ਵਿੱਚ ਲੈਣ ਵਾਲੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ। ਅਪਰਾਧੀਆਂ ਨਾਲ ਬਿਨਾਂ ਕਿਸੇ ਸਿਆਸੀ ਸਰਪ੍ਰਸਤੀ ਦੇ ਸਖ਼ਤੀ ਨਾਲ ਨਿਪਟਿਆ ਜਾ ਰਿਹਾ ਹੈ।

### ਜਗਮੀਤ ਬਰਾੜ...

ਹੈ ਅਤੇ ਲੋਕ ਭਾਜਪਾ ਨੂੰ ਇੱਕੋ-ਇੱਕ ਉਮੀਦ ਵਜੋਂ ਦੇਖ ਰਹੇ ਹਨ। ਦੂਜੇ ਪਾਸੇ, ਕਦੇ ਭਗਵੰਤ ਮਾਨ ਦੇ ਬੇਹੱਦ ਭਰੋਸੇਮੰਦ ਰਹੇ ਪ੍ਰੋ. ਓਂਕਾਰ ਸਿੰਘ ਦਾ ਭਾਜਪਾ ਵਿੱਚ ਜਾਣਾ ਮੁੱਖ ਮੰਤਰੀ ਲਈ ਵੱਡੀ ਸਿਆਸੀ ਚੁਣੌਤੀ ਮੰਨਿਆ ਜਾ ਰਿਹਾ ਹੈ। ਲੰਬੀ ਹਲਕੇ ਦੇ ਪਿੰਡ ਰੋੜਾਂਵਾਲੀ ਨਾਲ ਸੰਬੰਧਤ ਪ੍ਰੋ. ਓਂਕਾਰ ਸਿੰਘ ਦੋ ਸਾਲ ਤੱਕ ਮੁੱਖ ਮੰਤਰੀ ਦੇ ਓ ਐੱਸ ਡੀ ਰਹੇ ਅਤੇ ਧੂਰੀ ਵਿਧਾਨ ਸਭਾ ਹਲਕੇ ਵਿੱਚ ਕਾਫੀ ਸਰਗਰਮ ਰਹੇ। ਓਂਕਾਰ ਸਿੰਘ, ਜੋ ਵਰਤਮਾਨ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਿਵਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਹਨ, ਆਪਣੇ ਨਿਮਰ ਸੁਭਾਅ ਲਈ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਭਾਜਪਾ ਵਿੱਚ ਆਉਣ ਨਾਲ 'ਆਪ' ਦੀਆਂ ਅੰਦਰੂਨੀ ਰਣਨੀਤੀਆਂ ਭਾਜਪਾ ਦੇ ਹੱਥ ਲੱਗ ਸਕਦੀਆਂ ਹਨ। ਆਮ ਆਦਮੀ ਪਾਰਟੀ ਲਈ ਕਦੇ ਲਖ਼ਤ-ਏ-ਜਿਗਰ ਦੀ ਹੈਸੀਅਤ ਰੱਖਣ ਵਾਲੇ ਸਾਬਕਾ ਓ ਐੱਸ ਡੀ ਪ੍ਰੋ. ਓਂਕਾਰ ਸਿੰਘ ਹੁਣ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਲਈ ਤੀਰ-ਏ-ਨਸ਼ਤਰ ਸਾਬਤ ਹੋ ਸਕਦੇ ਹਨ। ਭਾਜਪਾ ਵਿਚ ਸ਼ਾਮਲ ਹੋਏ ਲੰਬੀ ਹਲਕੇ ਦੇ ਪਿੰਡ ਰੋੜਾਂਵਾਲੀ ਨਾਲ ਸੰਬੰਧਤ ਪ੍ਰੋ. ਓਂਕਾਰ ਸਿੰਘ ਨੂੰ ਭਾਜਪਾ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਤੋਂ ਉਮੀਦਵਾਰ ਬਣਾਉਣਾ ਲੱਗਭੱਗ ਤੈਅ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਜੇ ਬਦਲਦੇ ਸਿਆਸੀ ਹਾਲਾਤ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗਠਜੋੜ ਨਹੀਂ ਬਣਦਾ, ਤਾਂ ਪ੍ਰੋ. ਓਂਕਾਰ ਸਿੰਘ ਨੂੰ ਲੰਬੀ ਹਲਕੇ ਤੋਂ ਵੀ ਭਾਜਪਾ ਦਾ ਉਮੀਦਵਾਰ ਐਲਾਨਿਆ ਜਾ ਸਕਦਾ ਹੈ। ਅਜਿਹੀ ਸੂਰਤ ਵਿੱਚ ਵੀ ਆਈ ਪੀ ਹਲਕੇ ਲੰਬੀ ਵਿੱਚ ਸਿਆਸੀ ਸਮੀਕਰਨ ਬਦਲ ਸਕਦੇ ਹਨ।

## ਪੀ ਜੀ ਆਈ ਨੇ ਐਂਡੋਸਕੋਪੀ ਰਾਹੀਂ ਦੁਰਲੱਭ ਗੰਢ ਦੀ ਕੀਤੀ ਸਫ਼ਲ ਸਰਜਰੀ



**ਸਮਰਾਲਾ (ਸੁਰਜੀਤ ਸਿੰਘ)**-ਮੈਡੀਕਲ ਦੇ ਇਤਿਹਾਸ ਵਿੱਚ ਪੀਜੀਆਈ ਚੰਡੀਗੜ੍ਹ ਨੇ ਇੱਕ ਹੈਰਤਅੰਗੇਜ਼ ਕਾਰਨਾਮਾ ਕਰਦਿਆਂ ਦੋ ਸਾਲ ਦੇ ਬੱਚੇ ਦੀ ਸਫ਼ਰ ਸਰਕਾਰੀ ਕਰਕੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀਜੀਆਈ ਦੇ ਨਿਊਰੋਸਰਜਨਜ਼ ਦੀ ਟੀਮ, ਜਿਸ ਦੀ ਅਗਵਾਈ ਪ੍ਰੋ. ਧੰਡਾਪਾਣੀ ਨੇ ਕੀਤੀ ਤੇ ਈਐੱਨਟੀ ਸਰਜਨਜ਼ ਦੀ ਟੀਮ, ਜਿਸ ਦੀ ਅਗਵਾਈ ਪ੍ਰੋ. ਅਨੁਰਾਗ ਨੇ ਕੀਤੀ ਨੇ 2 ਸਾਲ ਦੇ ਬੱਚੇ ਵਿੱਚ ਨੱਕ ਰਾਹੀਂ ਹੇਠਾਂ ਤੱਕ ਆ ਰਹੀ 7 ਸੈਂਟੀਮੀਟਰ ਦੀ ਜਾਇੰਟ ਸਕੱਲ ਬੇਸ ਦਿਮਾਗੀ ਗੰਢ ਨੂੰ ਐਂਡੋਸਕੋਪੀ ਰਾਹੀਂ ਸਫ਼ਲਤਾਪੂਰਵਕ ਕੱਢਿਆ।ਹਰਿਆਣਾ ਦੇ ਸੋਨੀਪਤ ਤੋਂ ਆਏ 2 ਸਾਲ ਦੇ ਬੱਚੇ ਦੀ ਖੱਬੀ ਅੱਖ ਦਾ ਬਾਹਰ ਨਿਕਲ ਆਉਣਾ, ਅੱਖਾਂ ਦੀ ਹਿਲਜੁਲ ਦਾ ਰੁਕਣਾ, ਨੱਕ ਰਾਹੀਂ ਘੁਰਾੜੇ, ਖੱਬੀ ਨਾਸਿਕਾ ਰਾਹੀਂ ਗੰਢ ਨਜ਼ਰ ਆਉਣਾ ਤੇ ਅੱਖੋਂ ਵਧੇਰੇ ਪਾਣੀ ਆਉਣ ਦੀਆਂ ਸ਼ਿਕਾਇਤਾਂ ਵਧ ਰਹੀਆਂ ਸਨ।ਸੀਟੀ ਸਕੈਨ ਤੇ ਐੱਮਆਰਆਈ ਜਾਂਚ ਵਿੱਚ ਪਤਾ ਲੱਗਿਆ ਕਿ ਨੱਕ, ਸਾਈਨਸ, ਦਿਮਾਗ ਤੇ ਅੱਖ ਦੇ ਸਾਕਟ ਤੱਕ ਫੈਲੀ ਹੋਈ 7 ਸੈਂਟੀਮੀਟਰ ਦੀ ਵੱਡੀ ਅਗਲੇ ਸਕੱਲ ਬੇਸ ਦੀ ਗੰਢ ਮੌਜੂਦ ਹੈ।ਬਾਇਓਪਸੀ ਵਿੱਚ ਇਹ ਗੰਢ ਮੇਨਿੰਜੀਓਮਾ ਨਿਕਲੀ।ਬੱਚਿਆਂ ਵਿੱਚ ਇਹ ਬਹੁਤ ਹੀ ਦੁਰਲਭ ਹੁੰਦੀ ਹੈ।ਇਸ ਤਰ੍ਹਾਂ ਦਾ ਇਸ ਤੋਂ ਪਹਿਲਾਂ ਸਿਰਫ਼ ਇੱਕ ਹੀ ਕੇਸ 2020 ਵਿੱਚ ਸਪੇਨ ਦੀ 12 ਸਾਲ ਦੀ ਕੁੜੀ ਵਿੱਚ ਦਰਜ ਕੀਤਾ ਗਿਆ ਸੀ, ਜਿਸ ਵਿੱਚ ਖੁੱਲ੍ਹੀ ਸਰਜਰੀ ਦੀ ਲੋੜ ਪਈ ਸੀ।ਸਕੱਲ ਬੇਸ ਮੇਨਿੰਜੀਓਮਾ ਬਾਲਗਾਂ ਵਿੱਚ ਵੀ ਸਰਜਰੀ ਲਈ ਬਹੁਤ ਚੁਣੌਤੀਪੂਰਨ ਹੁੰਦੀ ਹੈ।2 ਸਾਲ ਦੀ ਉਮਰ ਵਿੱਚ ਇਹ ਸਰਜਰੀ ਜੀਵਨ ਲਈ ਖ਼ਤਰਨਾਕ ਸਾਬਿਤ ਹੋ ਸਕਦੀ ਸੀ, ਕਿਉਂਕਿ ਹਾਈਪੋਥਰਮੀਆ, ਖ਼ੂਨ ਦੀ ਵੱਧ ਹਾਨੀ, ਤਰਲ ਪਦਾਰਥਾਂ ਦੇ ਸੰਤੁਲਨ ਵਿੱਚ ਗੜਬੜ ਵਰਗੇ ਖਤਰੇ ਮੌਜੂਦ ਸਨ।ਇਸ ਲਈ ਇਸ ਬੱਚੇ ਦੀ ਸਰਜਰੀ ਲਈ ਇੱਕ ਵਿਸ਼ੇਸ਼ ਟੀਮ ਤਿਆਰ ਕੀਤੀ ਗਈ।ਈਐੱਨਟੀ ਵਿਭਾਗ ਤੋਂ ਡਾ. ਅਨੁਰਾਗ, ਡਾ. ਰਿਜੁਨੀਤਾ, ਡਾ. ਕੌਸ਼ਿਕਾ; ਨਿਊਰੋਸਰਜਰੀ ਤੋਂ ਡਾ. ਧੰਡਾਪਾਣੀ, ਡਾ. ਸੁਸ਼ਾਂਤ, ਡਾ. ਬੰਸਿਲ, ਡਾ. ਸ਼ਿਲਪੀ, ਨਿਊਰੋ-ਐਨੇਸਥੀਜ਼ੀਆ ਤੋਂ ਡਾ. ਅੰਕੁਰ, ਡਾ. ਪੂਰਨਾ ਅਤੇ ਨਰਸਿੰਗ ਸਟਾਫ਼ ਤੋਂ ਮਿਸਜ਼ ਕਨਵਲਦੀਪ, ਮਿਸਜ਼ ਰਾਜਵੀਰ, ਮਿਸਜ਼ ਜੋਤੀ ਤੇ ਸ਼੍ਰੀ ਧੰਨਾਰਾਮ ਨੇ ਮਿਲ ਕੇ ਪੂਰੀ ਸਰਜਰੀ ਪ੍ਰਕਿਰਿਆ ਨੂੰ ਸੰਭਾਲਿਆ।ਇਸ ਦੀ ਤਿਆਰੀ ਤੇ ਪੂਰੀ ਸਰਜਰੀ ਪ੍ਰਕਿਰਿਆ ਲਗਭਗ 9 ਘੰਟੇ ਚੱਲੀ।

## ਪੱਤਰਕਾਰ ਜਸਵੀਰ ਮਾਨ ਨੂੰ ਸਦਮਾ, ਮਾਤਾ ਦਾ ਦੇਹਾਂਤ



**ਧੂਰੀ (ਸੁਖਦੇਵ ਧੂਰੀ)**-ਧੂਰੀ ਦੇ ਸੀਨੀਅਰ ਪੱਤਰਕਾਰ ਜਸਵੀਰ ਸਿੰਘ ਮਾਨ ਤੇ ਸਮਾਜ ਸੇਵੀ ਦਰਸ਼ਨ ਸਿੰਘ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਮਾਤਾ ਮਹਿੰਦਰ ਕੌਰ ਦਾ ਅਚਾਨਕ ਦਿਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿੱਚ ਪੱਤਰਕਾਰ ਜਸਵੀਰ ਸਿੰਘ ਮਾਨ ਤੇ ਦਰਸ਼ਨ ਸਿੰਘ ਨਾਲ ਮੁੱਖ ਮੰਤਰੀ ਦਫ਼ਤਰ ਧੂਰੀ ਦੇ ਇੰਚਾਰਜ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਮੁੱਖ ਮੰਤਰੀ ਦਫ਼ਤਰ ਧੂਰੀ ਦੇ ਇੰਚਾਰਜ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਫੂਡ ਕਮਿਸ਼ਨ ਪੰਜਾਬ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਡਾ. ਅਨਵਰ ਭਸੌੜ ਮੈਂਬਰ ਵਕਫ਼ ਬੋਰਡ ਪੰਜਾਬ, ਅਸ਼ੋਕ ਕੁਮਾਰ ਲੱਖਾ ਚੇਅਰਮੈਨ ਗਊ ਸੇਵਾ ਕਮਿਸ਼ਨ ਪੰਜਾਬ, ਆਪ ਆਗੂ ਸਤਿੰਦਰ ਸਿੰਘ ਚੱਠਾ, ਰਣਜੀਤ ਸਿੰਘ ਰੰਧਾਵਾ ਕਾਤਰੋਂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਬਾਦਲ, ਕਾਂਗਰਸੀ ਆਗੂ ਸੁਭਮ ਸ਼ਰਮਾ ਸੁਭੀ, ਕਾਂਗਰਸੀ ਆਗੂ ਹਰਦੀਪ ਸਿੰਘ ਦੌਲਤਪੁਰ, ਭਾਜਪਾ ਆਗੂ ਰਣਦੀਪ ਸਿੰਘ ਦਿਓਲ, ਕਾਂਗਰਸੀ ਆਗੂ ਗੁਰਬਖ਼ਸ਼ ਸਿੰਘ ਗੁੱਡੂ, ਇੰਦਰਪਾਲ ਸਿੰਘ ਗੋਲਡੀ ਕਹੇਰੂ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ, ਡਾ. ਜਗਜੀਤ ਸਿੰਘ ਧੂਰੀ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ ਗਮਦੂਰ ਸਿੰਘ ਜਵੰਦਾ ਭਸੌੜ, ਪ੍ਰਿਤਪਾਲ ਸਿੰਘ ਪ੍ਰੀਤ ਢੀਂਡਸਾ ਪ੍ਰਧਾਨ ਆਸਰਾ ਵੈੱਲਫੇਅਰ ਫਾਊਂਡੇਸ਼ਨ ਧੂਰੀ, ਜਗਤਾਰ ਸਿੰਘ ਸਮਰਾ, ਲਖਵੀਰ ਸਿੰਘ ਧਾਂਦਰਾ ਪ੍ਰਧਾਨ ਜਰਨਲਿਜ਼ਮ ਐਸੋਸੀਏਸ਼ਨ ਧੂਰੀ, ਜਸਦੇਵ ਸਿੰਘ ਕਾਰਜਕਾਰੀ ਪ੍ਰਧਾਨ ਤੇ ਡਾ. ਅਮਰਜੀਤ ਸਿੰਘ ਸਕੱਤਰ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਉੱਘੇ ਸਮਾਜ ਸੇਵੀ ਸੁਰੇਸ਼ ਕੁਮਾਰ ਬਾਂਸਲ, ਸੰਦੀਪ ਕੁਮਾਰ ਤਾਇਲ ਜੋਲੀ ਸਾਬਕਾ ਪ੍ਰਧਾਨ ਨਗਰ ਕੌਂਸਲ, ਵਿਕਾਸ ਜੈਨ ਪ੍ਰਧਾਨ ਵਪਾਰ ਮੰਡਲ ਤੇ ਧੂਰੀ ਹਲਕੇ ਦੇ ਵੱਖ ਵੱਖ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਤੇ ਪੱਤਰਕਾਰ ਭਾਈਚਾਰੇ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਦਰਸ਼ਨ ਲਾਲ ਗੋਸਵਾਮੀ ਨੂੰ ਬਰਸੀ ਮੌਕੇ ਦਿੱਤੀ ਸ਼ਰਧਾਂਜਲੀ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮਨੁੱਖਤਾ ਦੀ ਸੇਵਾ ਹੀ ਪ੍ਰਮਾਤਮਾ ਦੀ ਅਸਲ ਬੰਦਗੀ ਹੈ।ਇਸੇ ਰਾਹ 'ਤੇ ਚੱਲਦਿਆਂ ਸ੍ਰੀ ਰਮੇਸ਼ ਕੁਮਾਰ ਗੋਸਵਾਮੀ (ਸੀਨੀਅਰ ਅਸਿਸਟੈਂਟ, ਖਜ਼ਾਨਾ ਦਫਤਰ ਫਰੀਦਕੋਟ) ਨੇ ਆਪਣੇ ਪਿਤਾ ਸਵਰਗਵਾਸੀ ਸ੍ਰੀ ਦਰਸ਼ਨ ਲਾਲ ਗੋਸਵਾਮੀ ਜੀ ਦੀ ਬਰਸੀ ਬੜੀ ਸ਼ਰਧਾ ਤੇ ਨੇਕੀ ਨਾਲ ਮਨਾਈ।ਇਸ ਮੌਕੇ ਗੋਸਵਾਮੀ ਪਰਵਾਰ ਵੱਲੋਂ 'ਆਪਣਾ ਘਰ ਆਸ਼ਰਮ' (ਗੀਤਾ ਭਵਨ, ਸਰਾਫਾ ਬਾਜ਼ਾਰ ਫਰੀਦਕੋਟ) ਵਿਖੇ ਰਹਿ ਰਹੇ 'ਪ੍ਰਭੂ ਜੀ' (ਆਸ਼ਰਮ ਦੇ ਨਿਵਾਸੀਆਂ) ਲਈ ਵਿਸ਼ੇਸ਼ ਤੌਰ 'ਤੇ ਰਾਤ ਦੇ ਖਾਣੇ ਦੀ ਸੇਵਾ ਕੀਤੀ ਗਈ।ਰਮੇਸ਼ ਕੁਮਾਰ ਗੋਸਵਾਮੀ ਨੇ ਆਪਣੇ ਪਰਿਵਾਰ ਸਮੇਤ ਆਸ਼ਰਮ ਪਹੁੰਚ ਕੇ ਸੇਵਾ ਵਿੱਚ ਹਿੱਸਾ ਲਿਆ ਤੇ ਆਪਣੇ ਪਿਤਾ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ।ਆਸ਼ਰਮ ਪ੍ਰਬੰਧਕਾਂ ਵੱਲੋਂ ਗੋਸਵਾਮੀ ਪਰਵਾਰ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਆਸ਼ਰਮ ਪਰਵਾਰ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਹੀ ਲੋੜਵੰਦਾਂ ਦੀ ਸੇਵਾ ਦਾ ਕਾਰਜ ਨਿਰੰਤਰ ਜਾਰੀ ਰਹਿ ਸਕਦਾ ਹੈ।

## ਦਰਸ਼ਨ ਸਿੰਘ ਕੈਨੇਡੀਅਨ ਨੇ ਸਕੂਲ 'ਚ ਬੋਰ ਕਰਵਾ ਕੇ ਕੀਤਾ ਪਾਣੀ ਦਾ ਪ੍ਰਬੰਧ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਸਹਿਜੜਾ 'ਚ ਪਾਣੀ ਦੀ ਚੱਲ ਰਹੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਵਾਂ ਬੋਰ ਕਰਵਾ ਕੇ ਸਬਮਰਸੀਬਲ ਮੋਟਰ ਚਾਲੂ ਕਰਵਾਉਣ ਨਾਲ ਵਿਦਿਆਰਥੀਆਂ, ਸਟਾਫ ਨੂੰ ਰਾਹਤ ਮਿਲੀ ਹੈ। ਜਾਣਕਾਰੀ ਅਨੁਸਾਰ ਸਕੂਲ ਦਾ ਪੁਰਾਣਾ ਬੋਰ ਕਾਫੀ ਚਿਰ ਤੋਂ ਖਰਾਬ ਹੋਣ ਕਰਕੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਇਸ ਗੰਭੀਰ ਮੁਸ਼ਕਿਲ ਦੇ ਹੱਲ ਲਈ ਸਮਾਜ ਸੇਵੀ ਦਰਸ਼ਨ ਸਿੰਘ ਕੈਨੇਡੀਅਨ ਪੁੱਤਰ ਸ: ਬਚਨ ਸਿੰਘ ਸਹਿਜੜਾ ਵੱਲੋਂ ਆਪਣੇ ਖਰਚੇ ਉਪਰ 400 ਫੁੱਟ ਡੂੰਘਾ ਬੋਰ ਕਰਵਾ ਕੇ ਸਬਮਰਸੀਬਲ ਮੋਟਰ ਨਾਲ ਪਾਣੀ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਮੋਟਰ ਦਾ ਉਦਘਾਟਨ ਕਰਨ ਸਮੇ ਵੱਖ ਵੱਖ ਆਗੂਆਂ ਨੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਦਾਨੀ ਪਰਿਵਾਰ ਨੂੰ ਸਕੂਲ ਸਟਾਫ, ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਮੁੱਖ ਅਧਿਆਪਕ ਸੁਦਾਗਰ ਸਿੰਘ ਬਾਜਵਾ ਨੇ ਸਹਿਯੋਗ ਦੇਣ ਲਈ ਦਾਨੀ ਸੱਜਣਾਂ, ਗ੍ਰਾਮ ਪੰਚਾਇਤ, ਮੁਹਤਬਰਾਂ ਦਾ ਉਚੇਚਾ ਧੰਨਵਾਦ ਕੀਤਾ।ਸਰਪੰਚ ਬਲਵਿੰਦਰ ਸਿੰਘ ਬਾਜਵਾ, ਗੁਰਜੀਤ ਸਿੰਘ, ਚੇਅਰਮੈਨ ਹਰਪ੍ਰੀਤ ਕੌਰ, ਗੁਰਧਿਆਨ ਸਿੰਘ ਬਾਜਵਾ, ਅੰਮ੍ਰਿਤਪਾਲ ਸਿੰਘ, ਮਨਪ੍ਰੀਤ ਸਿੰਘ ਗੋਰਾ, ਗੁਰਪ੍ਰੀਤ ਸਿੰਘ ਗੋਪੀ, ਮੇਜਰ ਸਿੰਘ, ਗੁਰਜੀਤ ਸਿੰਘ ਜਵੰਧਾ ਆਦਿ ਹਾਜ਼ਰ ਸਨ।

## ਫਤਿਹ ਗਰੁੱਪ ਦਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸ਼ਾਨੋ ਸ਼ੌਕਤ ਨਾਲ ਸੰਪੰਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵੱਲੋਂ ਆਯੋਜਿਤ ਐੱਨ ਐੱਸ ਐੱਸ ਸੱਤ ਰੋਜ਼ਾ ਕੈਂਪ ਦੇ ਪੰਜਵੇਂ, ਛੇਵੇਂ ਤੇ ਸੱਤਵੇਂ ਦਿਨ ਵਿਦਿਆਰਥੀਆਂ ਲਈ ਆਤਮਿਕ, ਧਾਰਮਿਕ ਤੇ ਸਮਾਜਿਕ ਚੇਤਨਾ ਨਾਲ ਭਰਪੂਰ ਰਹੇ।ਕੈਂਪ ਦਾ ਸੱਤਵਾਂ ਤੇ ਆਖਰੀ ਦਿਨ ਸਮਾਪਤੀ ਸਮਾਰੋਹ ਵਜੋਂ ਬੜੇ ਉਤਸ਼ਾਹ ਤੇ ਅਨੁਸ਼ਾਸਨ ਨਾਲ ਮਨਾਇਆ ਗਿਆ।ਸਮਾਪਤੀ ਸਮਾਰੋਹ ਦੀ ਸ਼ੁਰੂਆਤ ਐੱਨ ਐੱਸ ਐੱਸ ਪ੍ਰਾਰਥਨਾ ਨਾਲ ਹੋਈ।ਇਸ ਤੋਂ ਬਾਅਦ ਪੂਰੇ ਕੈਂਪ ਦੌਰਾਨ ਕਰਵਾਈਆਂ ਗਈਆਂ ਗਤੀਵਿਧੀਆਂ ਬਾਰੇ ਸੰਖੇਪ ਰਿਪੋਰਟ ਪੇਸ਼ ਕੀਤੀ ਗਈ।ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਬਠਿੰਡਾ ਸ੍ਰੀਮਤੀ ਮਮਤਾ ਖੁਰਾਣਾ ਨੇ ਸ਼ਿਰਕਤ ਕੀਤੀ, ਜਿਨ੍ਹਾਂ ਦਾ ਸਵਾਗਤ ਸੰਸਥਾ ਦੇ ਚੇਅਰਮੈਨ ਸ. ਐੱਸ. ਐੱਸ. ਚੱਠਾ ਵੱਲੋਂ ਕੀਤਾ ਗਿਆ।ਸਮਾਰੋਹ ਨੂੰ ਸੰਬੋਧਨ ਕਰਦਿਆਂ ਮਮਤਾ ਖੁਰਾਣਾ ਜੀ ਨੇ ਕਿਹਾ ਕਿ ਐੱਨ ਐੱਸ ਐੱਸ ਵਲੰਟੀਅਰ ਸਮਾਜ ਸੇਵਾ ਦੀ ਸਜੀਵ ਮਿਸਾਲ ਹਨ।ਇਸ ਤੋਂ ਪਹਿਲਾਂ ਕੈਂਪ ਦੇ ਪੰਜਵੇਂ ਦਿਨ ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਯਾਤਰਾ ਕਰਵਾਈ ਗਈ। ਇਸ ਦੌਰਾਨ ਵਿਦਿਆਰਥੀਆਂ ਨੇ ਸਿੱਖ ਇਤਿਹਾਸ, ਗੁਰਬਾਣੀ, ਸ਼ਹੀਦੀ ਪ੍ਰੰਪਰਾ ਤੇ ਸੇਵਾ ਭਾਵਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ।ਕੈਂਪ ਦੇ ਛੇਵੇਂ ਦਿਨ ਗਿਆਨ ਦੀ ਰੌਸ਼ਨੀ-ਗੁਰਮਤਿ ਗਿਆਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਈ ਜਸਵਿੰਦਰ ਸਿੰਘ ਖਾਲਸਾ (ਇੰਗਲੈਂਡ) ਤੇ ਸ. ਗੁਰਪ੍ਰੀਤ ਸਿੰਘ ਬੱਲੋ ਮੁੱਖ ਮਹਿਮਾਨ ਰਹੇ। ਕੀਰਤਨ, ਢਾਡੀ ਵਾਰਾਂ ਤੇ ਵਿਚਾਰ ਗੋਸ਼ਠੀ ਰਾਹੀਂ ਵਿਦਿਆਰਥੀਆਂ ਨੂੰ ਗੁਰਮਤਿ ਜੀਵਨ ਜਾਚ, ਕੌਮ ਪ੍ਰਤੀ ਜ਼ਿੰਮੇਵਾਰੀ ਤੇ ਨੈਤਿਕ ਮੁੱਲਾਂ ਨਾਲ ਜੋੜਿਆ ਗਿਆ।ਇਸ ਮੌਕੇ ਦਸਤਾਰ ਸਨਮਾਨ ਸਮਾਰੋਹ ਵੀ ਕਰਵਾਇਆ ਗਿਆ।ਸਮਾਪਤੀ ਸਮਾਰੋਹ ਦੌਰਾਨ ਕੈਂਪ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਵਲੰਟੀਅਰਾਂ ਤੇ ਪ੍ਰੋਗਰਾਮ ਅਫ਼ਸਰਾਂ ਨੂੰ ਪ੍ਰਮਾਣ ਪੱਤਰ ਵੰਡੇ ਗਏ।ਇਸ ਕੈਂਪ ਵਿੱਚ ਪ੍ਰੋਗਰਾਮ ਅਫ਼ਸਰਾਂ ਵਜੋਂ ਬਘੇਲ ਸਿੰਘ, ਸਨੋਵਿੰਦਰ ਸਿੰਘ, ਸੰਦੀਪ ਕੌਰ, ਵਰਿੰਦਰ ਕੌਰ, ਜਸਪ੍ਰੀਤ ਕੌਰ, ਹਰਜੀਤ ਕੌਰ, ਮਨਦੀਪ ਕੌਰ ਤੇ ਜੋਨੀ ਰਾਣੀ ਨੇ ਸਰਗਰਮ ਭੂਮਿਕਾ ਨਿਭਾਈ।ਅੰਤ ਵਿੱਚ ਐਨ ਐਸ ਐਸ ਕੋਆਰਡੀਨੇਟਰ ਹਰਪ੍ਰੀਤ ਸ਼ਰਮਾ ਵੱਲੋਂ ਧੰਨਵਾਦ ਪ੍ਰਸਤਾਵ ਪੇਸ਼ ਕਰਕੇ ਸਮਾਰੋਹ ਦੀ ਸਮਾਪਤੀ ਕੀਤੀ ਗਈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

17 Jan Page 3.qxd 1/16/2026 9:21 PM Page 1



# ਔਰਤ ਸਮੇਤ ਤਿੰਨ ਗ੍ਰਿਫ਼ਤਾਰ, ਭਾਰੀ ਮਾਤਰਾ 'ਚ ਹੈਰੋਇਨ ਤੇ ਅਸਲਾ ਬਰਾਮਦ



**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**- ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਸ਼ਾ ਤਸਕਰੀ ਗਿਰੋਹ ਦਾ ਪਰਦਾਫ਼ਾਸ਼ ਕਰਦਿਆਂ ਇਕ ਔਰਤ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਵੱਡੀ ਮਾਤਰਾ ਵਿਚ ਹੈਰੋਇਨ ਤੇ ਅਸਲਾ ਬਰਾਮਦ ਕੀਤਾ ਹੈ। ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਸ, ਬਾਰਡਰ ਰੇਂਜ ਸੰਦੀਪ ਗੋਇਲ ਨੇ ਸੀਨੀਅਰ ਕਪਤਾਨ ਪੁਲਸ, ਅੰਮ੍ਰਿਤਸਰ ਦਿਹਾਤੀ ਸੁਹੇਲ ਮੀਰ ਦੀ ਮੌਜੂਦਗੀ ਵਿਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਪੈਸ਼ਲ ਸੈੱਲ ਅੰਮ੍ਰਿਤਸਰ ਦਿਹਾਤੀ ਦੀ ਟੀਮ ਵੱਲੋਂ ਪਹਿਲਾਂ ਅਜੁਲ ਅਰੋੜਾ ਵਾਸੀ ਬਾਗ ਰਾਮਾ ਆਨੰਦ, ਘੀ ਮੰਡੀ, ਅੰਮ੍ਰਿਤਸਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਸਬੰਧੀ ਥਾਣਾ ਲੋਪੋਕੇ ਵਿਚ ਮੁਕੱਦਮਾ ਦਰਜ ਕਰਕੇ ਤਲਾਸ਼ੀ ਦੌਰਾਨ ਮੁਲਜ਼ਮ ਕੋਲੋਂ 4 ਕਿਲੋ 863 ਗ੍ਰਾਮ ਹੈਰੋਇਨ, 2 ਪਿਸਤੌਲ (9 ਐੱਮ.ਐੱਮ.) ਤੇ 10 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ। ਅਜੁਲ ਅਰੋੜਾ ਦੀ ਡੂੰਘੀ ਪੁੱਛਗਿੱਛ ਦੇ ਆਧਾਰ 'ਤੇ ਪੁਲਿਸ ਵੱਲੋਂ ਦਿਲਪ੍ਰੀਤ ਕੌਰ ਵਾਸੀ ਬਾਬਾ ਦਰਸ਼ਨ ਸਿੰਘ ਐਵੇਨਿਊ ਤੇ ਪ੍ਰਥਮ ਸ਼ਰਮਾ ਵਾਸੀ ਪਿੰਡ ਮਾਹਲ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਜੁਲ ਅਰੋੜਾ ਦੀ ਡੂੰਘੀ ਪੁੱਛਗਿੱਛ ਦੌਰਾਨ ਉਸ ਵੱਲੋਂ ਆਪਣੇ ਹੋਰ ਸਾਥੀਆਂ ਸਬੰਧੀ ਜਾਣਕਾਰੀਆਂ ਦਿੱਤੀਆਂ ਗਈਆਂ, ਜਿਸ ਦੇ ਆਧਾਰ 'ਤੇ ਪੁਲਿਸ ਵੱਲੋਂ ਦਿਲਪ੍ਰੀਤ ਕੌਰ ਤੇ ਪ੍ਰਥਮ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਕਤ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਉਪਰੰਤ ਕੀਤੀ ਗਈ ਅਗਲੀ ਕਾਰਵਾਈ ਦੌਰਾਨ 2 ਪੀ.ਐੱਕਸ.5 ਪਿਸਤੌਲ, 1 ਪੰਪ ਐਕਸ਼ਨ ਰਾਈਫ਼ਲ ਤੇ 45 ਜ਼ਿੰਦਾ ਕਾਰਤੂਸ (12 ਬੋਰ), 1 ਸਪ੍ਰਿੰਗਫ਼ੀਲਡ ਰਾਈਫ਼ਲ ਤੇ 25 ਜ਼ਿੰਦਾ ਰੌਂਦ ਤੇ 4 ਜ਼ਿੰਦਾ ਰੌਂਦ (.30 ਬੋਰ) ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਦੀ ਪੁੱਛਗਿੱਛ ਦੇ ਆਧਾਰ 'ਤੇ ਅਭਿਰਾਜ ਸਿੰਘ ਉਰਫ਼ ਅਭੀ ਮਾਹਲ ਵਾਸੀ ਬਾਬਾ ਦਰਸ਼ਨ ਸਿੰਘ ਐਵੇਨਿਊ, ਘਣੂੰਪੁਰ ਕਾਲੇ, ਨੰਦਨੀ ਸ਼ਰਮਾ ਵਾਸੀ ਜੱਟਾਂ ਦੇ ਗੁਰਦੁਆਰੇ ਨੇੜੇ, ਪਿੰਡ ਮਾਹਲ ਤੇ ਸਤਬੀਰ ਸਿੰਘ ਉਰਫ਼ ਸੱਤਾ ਨੌਸ਼ਹਿਰਾ (ਤਿੰਨੇ ਫ਼ਰਾਰ) ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ।

# ਸ਼ਾਹਪੁਰ ਜਾਜਨ 'ਚ ਕੱਢੀ 'ਭਾਜਪਾ ਭਜਾਓ, ਰੁਜ਼ਗਾਰ ਬਚਾਓ' ਮਜ਼ਦੂਰ ਰੈਲੀ

**ਬਟਾਲਾ (ਤਰਲੋਕ ਬੱਗਾ)**- ਪੰਜਾਬ ਸਰਕਾਰ ਵੱਲੋਂ ਜੂਨ 2025 ਤੋਂ ਪੰਜਾਬ ਅੰਦਰ ਮਨਰੇਗਾ ਮਜ਼ਦੂਰਾਂ ਦੇ ਬੰਦ ਕੀਤੇ ਕੰਮਾਂ ਅਤੇ ਭਾਜਪਾ ਸਰਕਾਰ ਵੱਲੋਂ ਮਨਰੇਗਾ ਦਾ ਨਾਂਅ 'ਜੀ ਰਾਮ ਜੀ' ਕਰਕੇ ਮਜ਼ਦੂਰਾਂ ਤੋਂ ਖੋਹੇ



ਰੁਜ਼ਗਾਰ ਖ਼ਿਲਾਫ਼ ਮਨਰੇਗਾ ਰੁਜ਼ਗਾਰ ਬਚਾਓ ਸੰਯੁਕਤ ਮਜ਼ਦੂਰ ਮੋਰਚਾ ਦੇ ਸੂਬਾ ਪੱਧਰੀ ਸੱਦੇ ਤਹਿਤ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਵੱਲੋਂ ਪਿੰਡ ਸ਼ਾਹਪੁਰ ਜਾਜਨ ਵਿਖੇ ਭਾਜਪਾ ਭਜਾਓ, ਰੁਜ਼ਗਾਰ ਬਚਾਓ ਮਜ਼ਦੂਰ ਰੈਲੀ ਕੀਤੀ ਗਈ। ਇਸ ਮੌਕੇ ਭਾਜਪਾ ਭਜਾਓ, ਰੁਜ਼ਗਾਰ ਬਚਾਓ ਮਜ਼ਦੂਰ ਰੈਲੀਆਂ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਆਗੂ ਮਨਜੀਤ ਰਾਜ ਨੇ ਕਿਹਾ ਕਿ ਪੰਜਾਬ ਦੀ ਆਪ ਭਗਵੰਤ ਮਾਨ ਸਰਕਾਰ ਨੇ ਸੱਤਾ ਉਪਰ ਬੈਠਣ ਸਾਰ ਹੀ ਗਰੀਬਾਂ ਦੀ 2 ਰੁਪਏ ਵਾਲੀ ਕਣਕ ਬੰਦ ਕਰਕੇ ਪਹਿਲਾਂ ਹੀ ਰੋਟੀ ਖੋਹ ਲਈ ਹੈ ਅਤੇ ਹੁਣ ਜੂਨ 2025 ਤੋਂ ਮਨਰੇਗਾ ਦੇ ਕੰਮ ਬੰਦ ਕਰਕੇ ਪੇਂਡੂ ਦਲਿਤ ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਮਜ਼ਦੂਰ ਵਿਰੋਧੀ ਨੀਤੀਆਂ ਤਹਿਤ ਮਨਰੇਗਾ ਕਾਨੂੰਨ ਦਾ ਨਵਾਂ ਨਾਂਅ ਜੀ ਰਾਮ ਜੀ ਰੱਖ ਕੇ ਸਿਰਫ਼ ਨਾਂਅ ਹੀ ਨਹੀਂ ਬਦਲਿਆ ਸਗੋਂ ਮਜ਼ਦੂਰਾਂ ਨੂੰ ਮਿਲੇ ਸਾਲ ਵਿੱਚ 100 ਦਿਨਾਂ ਦੇ ਰੁਜ਼ਗਾਰ ਗਰੰਟੀ ਅਧਿਕਾਰ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਪਿੰਡ, ਪਿੰਡ ਭਾਜਪਾ ਭਜਾਓ, ਰੁਜ਼ਗਾਰ ਬਚਾਓ ਰੈਲੀਆਂ ਕਰਕੇ ਮਜ਼ਦੂਰਾਂ ਸਮਾਜ ਨੂੰ ਲਾਮਬੰਦ ਕੀਤਾ ਜਾਵੇਗਾ।ਸੂਬਾ ਆਗੂ ਅਤੇ ਮਾਝਾ ਜ਼ੋਨ ਦੇ ਜਨਰਲ ਸਕੱਤਰ ਮਨਜੀਤ ਰਾਜ ਬਟਾਲਾ ਨੇ 28 ਜਨਵਰੀ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਸਰੂਪ ਸਿੰਘ ਪ੍ਰਧਾਨ ਦਲਬੀਰ ਸਿੰਘ ਭੱਟੀ, ਹੀਰਾ ਮਸੀਹ, ਜੋਤੀ, ਜਸਬੀਰ ਕੌਰ, ਪ੍ਰੀਤ ਕੌਰ ਅਤੇ ਵਿਲੀਅਮ ਮਸੀਹ ਨੇ ਵੀ ਸੰਬੋਧਨ ਕੀਤਾ।

# ਨਸ਼ਿਆਂ ਵਿਰੁੱਧ ਫੇਜ਼ ਦੋ ਤਹਿਤ ਝਬਾਲ ਪੁਖਤਾ ਵਿਖੇ ਲੱਗਾ ਜਾਗਰੂਕਤਾ ਸੈਮੀਨਾਰ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੰਜਾਬ ਸਰਕਾਰ ਵੱਲੋਂ ਚੱਲ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਫੇਜ਼-2 ਨੂੰ ਹੋਰ ਭਰਵਾਂ ਹੁਲਾਰਾ ਦੇਣ ਲਈ ਪਿੰਡ ਝਬਾਲ ਪੁਖਤਾ ਦੇ ਸਰਕਾਰੀ ਸਕੂਲ ਵਿੱਚ ਯੁੱਧ ਨਸ਼ਿਆਂ ਵਿਰੁੱਧ ਫੇਜ਼-2 ਚੱਲ ਰਹੀ ਮੁਹਿੰਮ ਵਿੱਚ ਹਲਕਾ ਇੰਚਾਰਜ ਕੁਲਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ ਭੋਜੜਾਂਵਾਲਾ, ਪੰਚਾਇਤ ਸੈਕਟਰੀ ਮਨਦੀਪ ਕੌਰ ਦੀ ਅਗਵਾਈ ਵਿੱਚ ਚੇਅਰਮੈਨ ਰਮਨ ਕੁਮਾਰ ਝਬਾਲ ਤੇ ਗੁਰਸ਼ਿੰਦਰ ਸਿੰਘ ਭੱਟੀ ਨੇ ਦੇਸ਼ ਦੇ ਇੱਕ ਚੰਗੇ ਨਾਗਰਿਕ ਵਜੋਂ ਭੂਮਿਕਾ ਨਿਭਾਉਂਦੇ ਹੋਏ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਰੋਕਣ ਲਈ ਪਿੰਡ ਦੇ ਪਹਿਰੇਦਾਰ ਬਣ ਕੇ ਪਿੰਡ ਝਬਾਲ ਪੁਖਤਾ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ ਕੀਤਾ ਤੇ ਨਾਲ ਹੀ ਉਨ੍ਹਾਂ ਪਿੰਡ ਦੇ ਲੋਕਾਂ ਤੇ ਸਕੂਲੀ ਬੱਚਿਆਂ ਨੂੰ ਨਸ਼ਿਆ ਦੇ ਹੋ ਰਹੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਤੇ ਨਾਲ ਹੀ ਇਹ ਅਪੀਲ ਕੀਤੀ ਤੇ ਕਿਹਾ ਕਿ ਜੇਕਰ ਪਿੰਡ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਵਿਅਕਤੀ ਦੀ ਕੋਈ ਹਮਾਇਤ ਨਹੀਂ ਕੀਤੀ ਜਾਵੇਗੀ ਤੇ ਨਾਲ ਦੀ ਨਾਲ ਹੀ ਉਸ ਵਿਅਕਤੀ ਤੇ ਸਖ਼ਤ ਕਾਨੂੰਨੀ ਕਾਰਵਾਈ ਜਾਵੇਗੀ। ਚੇਅਰਮੈਨ ਰਮਨ ਕੁਮਾਰ ਤੇ ਗੁਰਸਿੰਦਰ ਸਿੰਘ ਭੱਟੀ ਨਸ਼ਾ ਛੁਡਾਊ ਕੇਂਦਰ ਦੀ ਮੰਗ ਕਰਦੇ ਹੋਏ।ਪੰਚਾਇਤ ਸੈਕਟਰੀ ਮਨਦੀਪ ਕੌਰ ਤੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ ਭੋਜੜਾਂਵਾਲਾ ਦੇ ਰਾਹੀ ਜ਼ਿਲ੍ਹਾ ਇੰਚਾਰਜ ਕੁਲਦੀਪ ਸਿੰਘ ਨੂੰ ਲਿਖਤੀ ਮੰਗ ਪੱਤਰ ਦਿੱਤਾ ਤੇ ਕਿਹਾ ਕਿ ਝਬਾਲ ਨੂੰ ਨਸ਼ਾ ਛੁਡਾਊ ਕੇਂਦਰ ਦੀ ਤੁਰੰਤ ਲੋੜ ਹੈ।ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕਾ ਹੈ ਤੇ ਜੇਕਰ ਉਹ ਇਸ ਦਲਦਲ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਵਾ ਕੇ ਉਸ ਦਾ ਇਲਾਜ ਕਰਵਾਇਆ ਜਾਵੇਗਾ।ਇਸ ਮੌਕੇ ਕਾਮਰੇਡ ਕੁਲਦੀਪ ਸਿੰਘ ਝਬਾਲ, ਪੰਚਾਇਤ ਮੈਂਬਰ ਤੇਜਿੰਦਰ ਸਿੰਘ ਰੂਬੀ, ਮੈਂਬਰ ਸੋਨੂੰ, ਮਨਜੀਤ ਸਿੰਘ, ਸਾਬਕਾ ਮੈਂਬਰ ਸੁਰਜਨ ਸਿੰਘ, ਕੁਲਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਤੇ ਸਕੂਲ ਦੇ ਬੱਚੇ ਹਾਜ਼ਰ ਸਨ।

# ਪੀਐੱਮਸ਼੍ਰੀ ਸਰਕਾਰੀ ਸਕੂਲ 'ਚ ਟ੍ਰੈਫਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਗਾਇਡੈਂਸ ਐਂਡ ਕਾਊਂਸਲਿੰਗ ਤਹਿਤ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦੀ ਅਗਵਾਈ ਹੇਠ ਸਕੂਲ ਵਿਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਲਾਲ ਅਤੇ ਹਰੀ ਬੱਤੀ ਦੇ ਸਿਗਨਲ ਦੀ ਜਾਣਕਾਰੀ ਦਿਤੀ ਗਈ। ਕਿੱਤਾ ਅਤੇ ਅਗਵਾਈ ਦੇ ਅਧਿਆਪਕ ਰਾਜਬੀਰ ਕੌਰ ਵੱਲੋਂ ਬੱਚਿਆਂ ਨੂੰ ਜ਼ੈਬਰਾ ਕ੍ਰਾਸਿੰਗ ਅਤੇ ਫੁੱਟਪਾਥ ਦੀ ਵਰਤੋਂ ਬਾਰੇ ਦੱਸਿਆ ਗਿਆ। ਨਾਲ ਹੀ ਬੱਚਿਆਂ ਨੂੰ ਸਪੀਡ ਲਿਮਿਟ, ਹੈਲਮੇਟ ਤੇ ਸੀਟ ਬੈਲਟ ਪਾਉਣ ਦੀ ਮਹੱਤਤਾ ਵੀ ਦਸੀ ਗਈ। ਬੱਚਿਆਂ ਨੂੰ ਵਾਹਨ ਚਲਾਉਂਦੇ ਸਮੇਂ ਮੋਬਾਇਲ ਤੇ ਨਸ਼ੀਲੇ ਪ੍ਰਦਾਰਥਾਂ ਦੀ ਵਰਤੋਂ ਨਾ ਕਰਨ ਦੀ ਸਲਾਹ ਵੀ ਦਿੱਤੀ ਗਈ। ਬੱਚਿਆਂ ਨੂੰ ਦੱਸਿਆ ਗਿਆ ਕੇ ਵਾਹਨ ਚਲਾਉਂਦੇ ਸਮੇਂ ਵਾਹਨ ਦੇ ਪੂਰੇ ਕਾਗਜ਼ ਤੇ ਲਾਇਸੈਂਸ ਨਾਲ ਰੱਖਣਾ ਬਹੁਤ ਜ਼ਰੂਰੀ ਹੈ ਤੇ ਟ੍ਰੈਫਿਕ ਪੁਲਸ ਨੂੰ ਸਹਿਯੋਗ ਕਰਨ ਨਾਲ ਜਾਨੀ ਤੇ ਮਾਲੀ ਨੁਕਸਾਨ ਹੋਣ ਤੋਂ ਬਚਿਆ ਜਾ ਸਕਦਾ ਹੈ। ਪ੍ਰਿੰਸੀਪਲ ਮੈਡਮ ਵੱਲੋਂ ਬੱਚਿਆਂ ਨੂੰ ਇਹ ਜਾਣਕਾਰੀ ਆਪਣੇ ਘਰਾਂ ਤਕ ਦੱਸਣ ਦੀ ਹਦਾਇਤ ਵੀ ਕੀਤੀ ਗਈ।

# ਆਈਸੀਆਈਸੀਆਈ ਪਰੂਵੈਲਥ ਫਾਰਐਵਰ ਲਾਂਚ

**ਜਲੰਧਰ** : ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੂਰੈਂਸ ਨੇ ਇੱਕ ਆਸਾਨ ਅਤੇ ਮੁਕਤ ਲਾਭ ਪ੍ਰਦਾਨ ਕਰਨ ਵਾਲੀ ਵਿਰਾਸਤੀ ਯੋਜਨਾ (ਲੀਗੇਸੀ) ਪਲਾਨਿੰਗ)-ਭਾਈਚਾਰਕ ਹੱਲ ਪ੍ਰਦਾਨ ਕਰਨ ਵਾਲਾ ਉਤਪਾਦ ਆਈਸੀਆਈਸੀਆਈ ਪਰੂ ਵੈਲਥ ਫਾਰਐਵਰ ਲਾਂਚ ਕੀਤਾ ਗਿਆ ਹੈ।ਆਈਸੀਆਈਸੀਆਈ ਪਰੂਵੈਲਥ ਫਾਰਐਵਰ ਨੂੰ ਵਿਸ਼ੇਸ਼ ਤੌਰ ਤੇ ਗਾਹਕਾਂ ਨੂੰ ਆਸਾਨ ਅਤੇ ਵਿਆਪਕ ਵਿਰਾਸਤੀ ਯੋਜਨਾ ਦੇ ਹੱਲ ਲਈ ਤਿਆਰ ਕੀਤਾ ਗਿਆ ਹੈ। ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟਿਡ ਦੇ ਮੁੱਖ ਉਤਪਾਦ ਅਧਿਕਾਰੀ ਵਿਕਾਸ ਗੁਪਤ ਨੇ ਲਾਂਚ ਦਾ ਐਲਾਨ ਕਰਦੇ ਹੋਏ ਕਿਹਾ ਕਿ ਦੇਸ਼ ਵਿੱਚ ਵਧਦੀ ਇਕਾਨੋਮੀ ਅਤੇ ਜੀਵਨਪ੍ਰਸਤੀ ਦੇ ਵਿਚਕਾਰ ਲੋਕ ਹੁਣ ਵਿਰਾਸਤੀ ਯੋਜਨਾਵਾਂ ਨੂੰ ਮਹੱਤਵਪੂਰਨ ਬਣਾਉਣਾ ਚਾਹੁੰਦੇ ਹਨ। ਪਰੂਵੈਲਥ ਫਾਰਐਵਰ ਪੇਸ਼ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ। ਇਹ ਖਾਸ ਤੌਰ 'ਤੇ ਗਾਹਕਾਂ ਲਈ ਆਪਣੀ ਵਿਰਾਸਤੀ ਯੋਜਨਾ ਨੂੰ ਆਸਾਨ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

# ਐੱਸ ਕੇ ਐੱਮ, ਮਜ਼ਦੂਰ, ਮੁਲਾਜ਼ਮ, ਪੈਨਸ਼ਨਰਜ਼ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ

**ਬੰਗਾ (ਅਵਤਾਰ ਕਲੇਰ)**-ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ, ਮੁਲਾਜ਼ਮ ਅਤੇ ਪੈਨਸ਼ਨਰਜ਼ ਯੂਨੀਅਨਾਂ ਵੱਲੋਂ ਬਿਜਲੀ ਸੋਧ ਬਿੱਲ,ਬੀਜ ਸੋਧ ਬਿੱਲ, ਚਾਰ ਲੇਬਰ ਕੋਡ, ਜੀ ਰਾਮ ਜੀ, ਨਿੱਜੀਕਰਨ ਦੇ ਵਿਰੁੱਧ ਡੀ ਸੀ ਦਫ਼ਤਰ ਨਵਾਂਸ਼ਹਿਰ ਅੱਗੇ ਤਿੰਨ ਘੰਟੇ ਧਰਨਾ ਦਿੱਤਾ ਗਿਆ।ਇਸ ਮੌਕੇ ਇਫਟੂ ਦੇ ਸੂਬਾ ਪ੍ਰਧਾਨ ਕੁਲਵਿਦਰ ਸਿੰਘ ਵੜੈਚ, ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ,ਸੀਟੂ ਦੇ ਸੂਬਾ ਜਨਰਲ ਸਕੱਤਰ ਮਹਾਂ ਸਿੰਘ ਰੌੜੀ,ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ,ਬੀ ਕੇ ਯੂ ਰਾਜੇਵਾਲ ਦੇ ਆਗੂ ਹਰਪ੍ਰਭ ਮਹਿਲ ਸਿੰਘ,ਆਂਗਨਵਾੜੀ ਵਰਕਰ ਯੂਨੀਅਨ ਦੇ ਆਗੂ ਕੁਲਵਿੰਦਰ ਕੌਰ,ਮੋਹਨ ਸਿੰਘ ਲੰਗੜੋਆ,ਪੈਨਸ਼ਨਰਜ਼ ਯੂਨੀਅਨ (ਬਿਜਲੀ ਬੋਰਡ) ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ, ਅਸ਼ਵਨੀ ਕੁਮਾਰ, ਵਿਜੈ ਕੁਮਾਰ, ਬਲਵਿੰਦਰ ਪਾਲ, ਟੀ ਐਸ ਯੂ ਦੇ ਆਗੂ ਬਲਵਿੰਦਰ ਕੁਮਾਰ, ਜੁਝਾਰ ਸਿੰਘ,ਸੁਖਵਿੰਦਰ ਸਿੰਘ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਭੰਗਲ,ਖੇਤ ਮਜ਼ਦੂਰ ਸਭਾ ਦੇ ਨਿਰੰਜਣ ਦਾਸ ਮੇਹਲੀ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਹਰਪਾਲ



ਸਿੰਘ ਜਗਤਪੁਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਟੀ ਐਸ ਯੂ (ਭੰਗਾਲ) ਦੇ ਸਰਕਲ ਪ੍ਰਧਾਨ ਨੰਦ ਲਾਲ ,ਬੀ ਕੇ ਯੂ ਕੌਮੀ ਦੇ ਆਗੂ ਨਿਰਮਲ ਸਿੰਘ, ਬੀ ਕੇ ਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਬੱਲੋਵਾਲ ,ਪਾਵਰਕੌਮ ਐਂਡ ਟਰਾਂਸਕੋ ਐਕਸ਼ਨ ਯੂਨੀਅਨ ਪੰਜਾਬ ਦੇ ਸਰਕਲ ਪ੍ਰਧਾਨ ਹਸਮਤ ਅਲੀ, ਸੂਬਾ ਆਗੂ ਰਾਮ ਆਸਰਾ, ਇਸਤਰੀ ਜਾਗਰਤੀ ਮੰਚ ਦੇ ਜ਼ਿਲ੍ਹਾ ਸਕੱਤਰ ਰੁਪਿੰਦਰ ਕੌਰ ਦੁਰਗਾਪੁਰ ,ਪਰਵਾਸੀ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ 15 ਅਗਸਤ 1947 ਨੂੰ ਆਜ਼ਾਦੀ ਤੋਂ ਬਾਅਦ ਬਿਜਲੀ, ਸਿੱਖਿਆ, ਸੜਕੀ ਆਵਾਜਾਈ, ਸਿਹਤ, ਰੇਲਵੇ, ਰੱਖਿਆ ਅਤੇ ਹਵਾਈ ਖੇਤਰਾਂ ਸਮੇਤ ਸਾਰੇ ਖੇਤਰਾਂ ਵਿੱਚ ਪਬਲਿਕ ਸੈਕਟਰ ਦੇ ਅਦਾਰੇ ਸਥਾਪਿਤ ਕੀਤੇ ਗਏ ਸਨ। ਇਹਨਾਂ ਅਦਾਰਿਆਂ ਰਾਹੀਂ ਦੇਸ਼ ਨੇ ਅਥਾਹ ਤਰੱਕੀ ਕੀਤੀ ਤੇ ਲੋਕਾਂ ਨੂੰ ਪੱਕਾ ਰੁਜ਼ਗਾਰ ਮਿਲਣ ਨਾਲ ਆਮ ਬੰਦੇ ਦਾ ਜੀਵਨ ਪੱਧਰ ਉੱਚਾ ਹੋਇਆ। ਪ੍ਰੰਤੂ ਪਿਛਲੇ ਸਮੇਂ ਤੋਂ ਸਮੇਂ ਦੀਆਂ ਸਰਕਾਰਾਂ ਵੱਲੋਂ ਇਹਨਾਂ ਅਦਾਰਿਆਂ ਨੂੰ ਇੱਕ ਇੱਕ ਕਰਕੇ ਵੇਚਿਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਅਗਾਊਂ ਚੇਤਾਵਨੀ ਦੇਣੀ ਚਾਹੁੰਦਾ ਹੈ ਕਿ ਨਿੱਜੀਕਰਨ ਦੀਆਂ ਨੀਤੀਆਂ ਬੰਦ ਕੀਤੀਆਂ ਜਾਣ ਤੇ ਪਬਲਿਕ ਖੇਤਰ ਦੇ ਅਦਾਰਿਆਂ ਦੀਆਂ ਘਾਟਾਂ ਦੂਰ ਕਰਕੇ ਉਹਨਾਂ ਵਿੱਚ ਸੁਧਾਰ ਕੀਤਾ ਜਾਵੇ।

# ਡਾ. ਵੇਰਕਾ ਵੱਲੋਂ ਮਾਤਾ ਸੁਨੀਤਾ ਰਾਣੀ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪਿਛਲੇ ਦਿਨੀਂ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਦੀਪਕ ਅਰੋੜਾ ਦੇ ਮਾਤਾ ਤੇ ਅਜਨਾਲਾ ਸ਼ਹਿਰ ਦੇ ਉੱਘੇ ਸਮਾਜ ਸੇਵੀ ਤਰਸੇਮ ਰਾਜ ਅਰੋੜਾ ਦੇ ਧਰਮ ਪਤਨੀ ਮਾਤਾ ਸੁਨੀਤਾ ਰਾਣੀ ਸਵਰਗ ਸਿਧਾਰ ਗਏ ਸਨ।ਇਸ ਮੌਕੇ ਕਾਂਗਰਸ ਪਾਰਟੀ ਦੇ ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਆਗੂ ਡਾ. ਰਾਜ ਕੁਮਾਰ ਵੇਰਕਾ ਨੇ ਦੀਪਕ ਅਰੋੜਾ, ਤਰਸੇਮ ਰਾਜ ਅਰੋੜਾ ਤੇ ਅਗਮ ਅਰੋੜਾ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਡਾ. ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਇਸ ਵਿਛੜੀ ਆਤਮਾ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।ਇਸ ਮੌਕੇ ਗੋਲਡੀ ਮਹਾਜਨ, ਸਾਬਕਾ ਚੈਅਰਮੈਨ ਤੇ ਸਮਾਜ ਸੇਵੀ ਬਾਊ ਸੁਖਦੇਵ ਸਰੀਨ ਅਜਨਾਲਾ, ਲਵ ਗਾਰਮੈਂਟਸ ਅਜਨਾਲਾ ਅਤੇ ਬੌਬੀ ਚੋਪੜਾ ਆਦਿ ਹਾਜ਼ਰ ਸਨ।

# ਪ੍ਰੀਲਿਮਿਨਰੀ ਐਜੂਕੇਸ਼ਨ ਸਟੱਡੀ ਸੈਂਟਰ ਸਲੱਮ ਏਰੀਆ ਮਾਨ ਕੌਰ ਵਿਖੇ ਸਮਾਗਮ

**ਗੁਰਦਾਸਪੁਰ, (ਜਨਕ ਮਹਾਜਨ)**-ਰਾਸ਼ਟਰੀ ਸਨਮਾਨ ਪ੍ਰਾਪਤ ਰੋਮੇਸ਼ ਮਹਾਜਨ ਆਨਰੇਰੀ ਸਕੱਤਰ ਜ਼ਿਲ੍ਹਾ ਬਾਲ ਭਲਾਈ ਕੌਂਸਲ ਗੁਰਦਾਸਪੁਰ ਦੇ ਯਤਨਾਂ ਸਦਕਾ ਪ੍ਰੀਲਿਮਿਨਰੀ ਐਜੂਕੇਸ਼ਨ ਸਟੱਡੀ ਸੈਂਟਰ ਸਲੱਮ ਏਰੀਆ ਮਾਨ ਕੌਰ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ



ਸਵਾਤੀ ਗੌਤਮ, ਕਰਨਲ ਨਿਤਿਨ ਗੌਤਮ (4 ਸਿੱਖ ਰੈਜੀਮੈਂਟ, ਤਿੱਬੜੀ ਕੈਂਟ) ਦੀ ਪਤਨੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਈ, ਜਦਕਿ ਅਨਿਸ਼ਾ ਮੇਜਰ ਡੀ.ਵੀ. ਬਸਨੈਂਟ ਦੀ ਪਤਨੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੀਆਂ। ਦੋਵਾਂ ਮਹਿਮਾਨਾਂ ਦਾ ਰੋਮੇਸ਼ ਮਹਾਜਨ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਸਵਾਤੀ ਗੌਤਮ ਨੇ ਬੱਚਿਆਂ ਨੂੰ ਸਿੱਖਿਆ, ਅਨੁਸ਼ਾਸਨ ਅਤੇ ਦੇਸ਼ ਸੇਵਾ ਵੱਲ ਮਜ਼ਬੂਤੀ ਨਾਲ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਨਜ਼ਦੀਕੀ ਭਵਿੱਖ ਵਿੱਚ ਬੱਚਿਆਂ ਨੂੰ ਤਿੱਬੜੀ ਕੈਂਟ ਦਾ ਦੌਰਾ ਕਰਵਾਇਆ ਜਾਵੇਗਾ। ਬੱਚਿਆਂ ਨਾਲ ਗੱਲਬਾਤ ਦੌਰਾਨ ਗੌਤਮ ਨੇ ਉਨ੍ਹਾਂ ਦੇ ਸੁਪਨਿਆਂ ਅਤੇ ਭਵਿੱਖੀ ਕਰੀਅਰ ਸੰਬੰਧੀ ਵਿਚਾਰ ਜਾਣੇ। ਇਸ ਦੌਰਾਨ ਲਗਭਗ 60 ਪ੍ਰਤੀਸ਼ਤ ਬੱਚਿਆਂ ਨੇ ਭਾਰਤੀ ਫੌਜ ਵਿੱਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਰ ਕੀਤੀ, ਜੋ ਉਨ੍ਹਾਂ ਦੇ ਸੰਬੋਧਨ ਦਾ ਗਹਿਰਾ ਪ੍ਰਭਾਵ ਦਰਸਾਉਂਦਾ ਹੈ। ਇਸ ਮੌਕੇ ਗੌਤਮ ਨੇ ਮਹਾਜਨ ਸਾਹਿਬ ਦੇ ਅਸਾਧਾਰਣ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਲਗਭਗ ਦਸ ਸਾਲ ਪਹਿਲਾਂ ਸਿਰਫ਼ ਤਿੰਨ ਬੱਚਿਆਂ ਨਾਲ ਇੱਕ ਟੈਂਟ ਵਿਚ ਸ਼ੁਰੂ ਹੋਇਆ। ਸਮਾਗਮ ਦੌਰਾਨ ਬੱਚਿਆਂ ਨੂੰ ਕੰਬਲ, ਮਿਠਾਈਆਂ ਅਤੇ ਲੋਹੜੀ ਦੀ ਸਮੱਗਰੀ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਪਰਮਿੰਦਰ ਸਿੰਘ ਸੈਣੀ ਜ਼ਿਲ੍ਹਾ ਗਾਈਡੈਂਸ ਕੌਂਸਲਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਸਮਾਗਮ ਵਿੱਚ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੇ ਕੋਆਰਡੀਨੇਟਰ ਬਖ਼ਸ਼ੀ ਰਾਜ, ਲਾਈਨ ਕੇ. ਪੀ. ਸਿੰਘ, ਓਪਨ ਸ਼ੈਲਟਰ ਟੀਮ ਦੇ ਮੈਂਬਰ, ਬੱਚਿਆਂ ਦੇ ਮਾਤਾ-ਪਿਤਾ ਅਤੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।

# 11 ਨਵ-ਜੰਮੀਆਂ ਧੀਆਂ ਦੀ ਲੋਹੜੀ ਪਾਈ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼ਿਵਾਲਿਕ ਸੋਸ਼ਲ ਵੈਲਫੇਅਰ ਸੋਸਾਇਟੀ ਪੰਜਾਬ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਮੋਹਣਵਾਲ ਵਿਖੇ 11 ਨਵਜੰਮੀਆਂ ਧੀਆਂ ਦੀ ਲੋਹੜੀ ਪਾਉਣ ਦੇ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਅਹੁਦੇਦਾਰ ਅਤੇ ਸਕੂਲ ਸਟਾਫ ਸਮੇਤ ਵਿਦਿਆਰਥੀਆਂ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਹੋਏ। ਇਸ ਸਮਾਰੋਹ ਦੌਰਾਨ ਸੁਸਾਇਟੀ ਵੱਲੋਂ 11 ਨਵਜੰਮੀਆਂ ਧੀਆਂ ਨੂੰ ਲੋਹੜੀ ਦਿੱਤੀ ਤੇ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਲੋਹੜੀ ਸਬੰਧੀ ਸਮੱਗਰੀ ਭੇਟ ਕੀਤੀ ਗਈ। ਇਸ ਸਮਾਰੋਹ ਦੌਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਆਪ ਦੇ ਸੀਨੀਅਰ ਆਗੂ ਸੋਮਨਾਥ ਬੰਗੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਧੀਆਂ ਅਤੇ ਪੁੱਤਰਾਂ ਦੀ ਸਮਾਨਤਾ ਬਰਾਬਰ ਹੈ ਅਤੇ ਧੀਆਂ ਵੱਡੇ ਵੱਡੇ ਅਹੁਦਿਆਂ ਤੇ ਆਪਣਾ ਫਰਜ਼ ਨਿਭਾ ਰਹੀਆਂ ਹਨ ਅਤੇ ਉਹਨਾਂ ਸੋਸਾਇਟੀ ਦੇ ਇਸ ਨਿਵੇਕਲੇ ਕਾਰਜ਼ ਦੀ ਸਲਾਘਾ ਕੀਤੀ। ਸਮਾਰੋਹ ਨੂੰ ਸੰਬੋਧਨ ਕਰਦਿਆਂ ਪਿੰਡ ਮੋਹਣਵਾਲ ਦੇ ਮੌਜੂਦਾ ਸਰਪੰਚ ਹਰਜਿੰਦਰ ਕੋਰ ਅਤੇ ਰਾਵਲਪਿੰਡੀ ਤੋ ਸਰਪੰਚ ਰੀਨਾ ਰਾਣੀ ਨੇ ਕਿਹਾ ਪਹਿਲੇ ਸਮਿਆਂ ਦੌਰਾਨ ਜਿੱਥੇ ਭਰੂਣ ਹੱਤਿਆ ਕਰਨ ਵਿੱਚ ਕਾਫੀ ਵਾਧਾ ਹੋ ਰਿਹਾ ਸੀ ਤੇ ਉਸ ਸਮੇਂ ਵਿੱਚ ਸਮਾਜਿਕ ਸੰਸਥਾਵਾ ਵੱਲੋਂ ਇਸ ਦਾ ਵਿਰੋਧ ਕੀਤਾ ਅਤੇ ਅੱਜ ਦੇ ਸਮੇਂ ਦੋਰਾਨ ਧੀਆਂ ਦੇ ਪੁੱਤਰਾਂ ਦੀ ਸਮਾਨਤਾ ਬਰਾਬਰ ਹੋ ਰਹੀ ਹੈ ਜੋ ਅੱਜ ਦੇ ਸਮੇਂ ਦੀ ਮੁੱਖ ਲੋੜ ਵੀ ਹੈ । ਮਨਪ੍ਰੀਤ ਰੋਕੀ ਨੇ ਕਿਹਾ ਕਿ ਅੱਜ ਪੁੱਤਰ ਅਤੇ ਧੀ ਚ ਕੋਈ ਅੰਤਰ ਨਹੀਂ ਹੈ , ਧੀ ਹਰ ਖੇਤਰ ਵਿੱਚ ਆਪਣੀ ਪਹਿਚਾਣ ਬਣਾ ਚੁੱਕੀ ਹੈ।ਸਕੂਲ ਮੁੱਖੀ ਸ਼੍ਰੀਮਤੀ ਗੀਤਾਜ਼ਲੀ ਨੇ ਕਿਹਾ ਕਿ ਧੀਆਂ ਨੂੰ ਪੜ੍ਹਾਉਣਾ ਸਮਾਜਿਕ ਵਿਕਾਸ ਲਈ ਬਹੁਤ ਜਰੂਰੀ ਹੈ। ਸੂਬੇਦਾਰ ਦਵਿੰਦਰ ਸਿੰਘ ਬੀਰਮਪੁਰ ਨੇ ਕਿਹਾ ਕਿ ਹੁਣ ਧੀਆਂ ਬੋਝ ਨਹੀਂ ਮਾਪਿਆਂ ਦੇ ਸਿਰ ਦਾ ਤਾਜ ਸਾਬਿਤ ਹੋ ਰਹੀਆਂ ਹਨ।ਇਸ ਮੌਕੇ ਸਕੂਲ ਮੁਖੀ ਗੀਤਾਜ਼ਲੀ, ਰੁਪਿੰਦਰ ਕੋਰ, ਮੋਨਿਕਾ, ਰਾਜ ਰਾਣੀ, ਕੁਲਵਿੰਦਰ ਕੋਰ, ਸੁਖਵਿੰਦਰ ਕੋਰ, ਡਾ ਲਖਵਿੰਦਰ ਕੁਮਾਰ ਬਿਲੜੋ, ਫੂਲਾ ਸਿੰਘ ਬੀਰਮਪੁਰ, ਸਾਬਕਾ ਸਰਪੰਚ ਸੁੱਚਾ ਸਿੰਘ, ਰੋਕੀ ਮੋਲਾ, ਸਿੰਦਾ ਗੋਲੀਆਂ, ਪੁਨੀਤ ਨਾਗਪਾਲ, ਗੁਰਨੇਕ ਸਿੰਘ, ਦਵਿੰਦਰ ਸਿੰਘ ਬੀਰਮਪੁਰ, ਧਰਮਜੀਤ ਸਿੰਘ ਰਾਜਾ, ਰਾਜਨ ਬੀਰਮਪੁਰ,ਲੋਕੇਸ਼ ਗੰਗੜ ਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

# ਪੱਤਰਕਾਰ ਪਵਨ ਸ਼ਰਮਾ ਵੱਲੋਂ ਹਰਪ੍ਰੀਤ ਸਿੰਘ ਧੂੰਨਾ ਨਾਲ ਮੁਲਾਕਾਤ

## ਬਲਾਕ ਧਾਰ ਕਲਾਂ ਦੇ ਲੋਕਾਂ ਦੀਆਂ ਦੱਸੀਆਂ ਵੱਖ-ਵੱਖ ਸਮੱਸਿਆਵਾਂ



**ਪਠਾਨਕੋਟ (ਦਵਿੰਦਰ ਸਿੰਘ)**- ਬੀਤੇ ਦਿਨੀਂ ਲੋਹੜੀ ਦੇ ਤਿਉਹਾਰ ਮੌਕੇ ਡਾਇਰੈਕਟਰ ਮੰਡੀ ਬੋਰਡ ਪੰਜਾਬ ਹਰਪ੍ਰੀਤ ਸਿੰਘ ਧੂੰਨਾ ਦੀ ਰਿਹਾਇਸ਼ ਗੁਰੂ ਨਗਰੀ ਸ਼੍ਰੀ ਗੋਇੰਦਵਾਲ ਸਾਹਿਬ ਵਿਖੇ ਸੀਨੀਅਰ ਪੱਤਰਕਾਰ ਪਵਨ ਸ਼ਰਮਾ ਨੇ ਮੁਲਾਕਾਤ ਕੀਤੀ।ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਲਈ ਲਗਭਗ 2014 ਤੋਂ ਇਕ ਆਮ ਵਲੰਟੀਅਰ ਵਜੋਂ ਹਰਪ੍ਰੀਤ ਸਿੰਘ ਧੂੰਨਾ ਨੇ ਬਹੁਤ ਮਿਹਨਤ ਕੀਤੀ ਅਤੇ ਪਾਰਟੀ ਲਈ ਦਿਨ ਰਾਤ ਇਕ ਕੀਤਾ ਸੀ।ਉਨ੍ਹਾਂ ਦੀ ਮਿਹਨਤ ਸਦਕਾ ਸਰਕਾਰ ਨੇ ਉਨ੍ਹਾਂ ਨੂੰ ਡਾਇਰੈਕਟਰ ਮੰਡੀ ਬੋਰਡ ਪੰਜਾਬ ਵਜੋਂ ਮਾਣ ਦਿੱਤਾ।ਸੀਨੀਅਰ ਪੱਤਰਕਾਰ ਪਵਨ ਸ਼ਰਮਾਂ ਨੇ ਉਨ੍ਹਾਂ ਨੂੰ ਨਵੇਂ ਸਾਲ ਦੀ ਯਾਦਗਾਰੀ ਡਾਇਰੀ ਭੇਟ ਕੀਤੀ ਅਤੇ ਪੰਜਾਬ ਦਾ ਸਵਰਗ ਕਹੇ ਜਾਣ ਵਾਲੇ ਜ਼ਿਲ੍ਹਾ ਪਠਾਨਕੋਟ ਦੇ ਬਲਾਕ ਧਾਰ ਕਲਾਂ ਦੇ ਵਾਸੀਆਂ ਦੀਆਂ ਸਮੱਸਿਆਵਾਂ ਜੋ ਕਿ ਪਿਛਲੇ ਕਈ ਦਹਾਕਿਆ ਤੋਂ ਲੋਕ ਝੱਲ ਰਹੇ ਹਨ, ਜਿਵੇਂ ਕਿ ਪਾਣੀ ਅਤੇ ਬਿਜਲੀ ਸਪਲਾਈ ਦੀ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ।ਡਾਇਰੈਕਟਰ ਧੂੰਨਾ ਨੇ ਵਿਸ਼ਵਾਸ ਦਵਾਇਆ ਕਿ ਉਹ ਇਹ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਉਣਗੇ।

# ਵਰਿਆਮ ਸਿੰਘ ਨੇ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਸਰਦਾਰ ਵਰਿਆਮ ਸਿੰਘ ਨੇ ਡੇਅਰੀ ਵਿਕਾਸ ਵਿਭਾਗ ਪੰਜਾਬ ਵਿਚ ਡਾਇਰੈਕਟਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ



ਉਪਰੰਤ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਡੇਅਰੀ ਉਤਪਾਦਕਾਂ ਦੀ ਭਲਾਈ, ਦੁੱਧ ਉਤਪਾਦਨ ਵਿਚ ਗੁਣਵੱਤਾ ਅਤੇ ਮਾਤਰਾ ਵਾਧਾ ਕਰਨਾ ਤੇ ਵਿਭਾਗ ਦੀਆਂ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ। ਉਨ੍ਹਾਂ ਨੇ ਕਿਹਾ ਕਿ ਆਧੁਨਿਕ ਤਕਨੀਕਾਂ, ਵਿਗਿਆਨਕ ਪ੍ਰਬੰਧਨ ਅਤੇ ਟਰੇਨਿੰਗ ਰਾਹੀਂ ਡੇਅਰੀ ਖੇਤਰ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋ ਸਕੇ। ਇਸ ਮੌਕੇ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ ਅਤੇ ਉਨ੍ਹਾਂ ਵੱਲੋਂ ਮੁਬਾਰਕਬਾਦ ਦਿੱਤੀ ਗਈ।

# ਸਿਮਰਨਜੀਤ ਸਿੰਘ ਬੈਂਸ ਨੇ ਡੀਨ ਸਪੋਰਟਸ ਵਜੋਂ ਸੰਭਾਲਿਆ ਅਹੁਦਾ



**ਜਲੰਧਰ (ਸ਼ੈਲੀ ਐਲਬਰਟ)**- ਸਿੱਖਿਆ, ਖੋਜ, ਸਭਿਆਚਾਰ ਤੇ ਖੇਡਾਂ ਦੇ ਖੇਤਰ ਵਿਚ ਇਤਿਹਾਸਕ ਪ੍ਰਾਪਤੀਆਂ ਕਰਨ ਵਾਲੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਡਾ. ਸਿਮਰਨਜੀਤ ਸਿੰਘ ਬੈਂਸ ਨੂੰ ਸਰੀਰਕ ਸਿੱਖਿਆ ਵਿਭਾਗ ਦੇ ਡੀਨ ਵਜੋਂ ਅਹੁਦਾ ਸੰਭਾਲਿਆ। ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਤੇ ਹੋਰ ਅਧਿਆਪਕਾਂ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਉਨਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਇਸ ਵਿਭਾਗ ਦਾ ਬੜਾ ਮਾਣਮੱਤਾ ਇਤਿਹਾਸ ਹੈ। ਇਸ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਇਸ ਮੌਕੇ ਪ੍ਰਿੰਸੀਪਲ ਨੇ ਸਪੋਰਟਸ ਵਿਭਾਗ ਦੀ ਮਹੱਤਤਾ ਨੂੰ ਦਰਸਾਉਂਦਿਆ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਤੇਜਾ ਸਿੰਘ ਸਮੁੰਦਰੀ ਖੇਡ ਟਰਾਫੀ (ਜਨਰਲ ਸਪੋਰਟਸ ਟਰਾਫੀ ਮੈਨ) 24 ਵਾਰ ਜਿੱਤ ਕੇ ਰਿਕਾਰਡ ਕਾਇਮ ਕੀਤਾ । ਉਨਾਂ ਭਰੋਸਾ ਦਿਵਾਇਆ ਕਿ ਡਾ. ਸਿਮਰਨਜੀਤ ਸਿੰਘ ਬੈਂਸ ਦੀ ਸੁਯੋਗ ਅਗਵਾਈ ਵਿੱਚ ਖੇਡ ਵਿਭਾਗ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇਗਾ। ਇਸ ਮੌਕੇ ਡਾ. ਬਲਰਾਜ ਕੌਰ ਮੁਖੀ ਅੰਗਰੇਜੀ ਵਿਭਾਗ, ਡਾ. ਹਰਜੀਤ ਸਿੰਘ ਮੁਖੀ ਗਣਿਤ ਵਿਭਾਗ, ਪ੍ਰੋ. ਹਰੀਓਮ ਵਰਮਾ, ਪ੍ਰੋ. ਅਜੈ ਕੁਮਾਰ, ਜਗਦੀਸ਼ ਸਿੰਘ ਤੇ ਸਰੂਪ ਲਾਲ ਵੀ ਹਾਜ਼ਰ ਸਨ।

# ਕੁਮਾਰੀ ਮਾਇਆਵਤੀ ਦਾ ਜਨਮ ਦਿਨ ਮਨਾਇਆ

**ਬੰਗਾ (ਅਵਤਾਰ ਕਲੇਰ)** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਬੰਗਾ ਦੀ ਲੀਡਰਸ਼ਿਪ ਵਲੋਂ ਬਸਪਾ ਆਗੂ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਅਹੁਦੇਦਾਰ ਸਾਥੀਆਂ ਤੇ ਵਰਕਰਾਂ ਨਾਲ ਮਿਲ ਕੇ ਬਸਪਾ ਮਹਿਲਾਂ ਵਿੰਗ ਦੀ ਕੋਆਰਡੀਨੇਟਰ ਰਵਿੰਦਰ ਮਹਿਮੀ ਦੇ ਨਿਵਾਸ ਤੇ ਭੈਣ ਕੁਮਾਰੀ ਮਾਇਆਵਤੀ ਦਾ 70ਵਾਂ ਜਨਮ ਦਿਨ ਮਨਾਇਆ। ਬਸਪਾ ਆਗੂ ਪਰਵੀਨ ਬੰਗਾ ਨੇ ਭੈਣ ਕੁਮਾਰੀ ਮਾਇਆਵਤੀ ਦੇ ਜਨਮ ਦਿਨ ਤੇ ਵਧਾਈ ਦਿੰਦੇ ਹੋਏ ਜਨਮ ਦਿਨ ਤੇ ਭੈਣ ਜੀ ਨੂੰ ਤੋਹਫਾ ਦੇਣਾ ਹੈ ਤਾਂ 2027 ਵਿੱਚ ਪੰਜਾਬ ਦੀਆਂ ਚੋਣਾਂ ਵਿੱਚ ਬਹੁਜਨ ਸਮਾਜ



ਪਾਰਟੀ ਨੂੰ ਸੱਤਾ ਵਿੱਚ ਬੂਥ ਪੱਧਰ ਦੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਦਾ ਸੰਕਲਪ ਕਰੀਏ ਤੇ ਪਰਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਾਂ ਪਾਰਟੀ ਨੂੰ ਵੀ ਆਰਥਿਕ ਤੌਰ ਤੇ ਮਜਬੂਤ ਕਰਨ ਦੇ ਲਈ ਸਮਰਥਾ ਮੁਤਾਬਕ ਆਰਥਿਕ ਸਹਿਯੋਗ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਬਸਪਾ ਦੂਸਰੀਆਂ ਪਾਰਟੀਆਂ ਵਾਂਗ ਕਾਰਪੋਰੇਟ ਘਰਾਣਿਆਂ ਤੋਂ ਪਾਰਟੀ ਫੰਡ ਦੇ ਨਾਂ ਤੇ ਪੈਸਾ ਨਹੀਂ ਲੈਂਦੀ। ਇਸ ਮੌਕੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪਰਵੀਨ ਬੰਗਾ, ਹਲਕਾ ਬੰਗਾ ਦੇ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ, ਮਨੋਹਰ ਕਮਾਮ, ਚਰਨਜੀਤ ਮੰਢਾਲੀ, ਮਿਸ਼ਨਰੀ ਸਿੰਗਰ ਰੂਪ ਲਾਲ ਧੀਰ, ਮਲਕੀਤ ਮੰਢਾਲੀ, ਜੈ ਪਾਲ ਸੁੰਡਾ, ਕੁਲਦੀਪ ਬਹਿਰਾਮ, ਹਰਜਿੰਦਰ ਲੱਦੜ, ਮਨਜੀਤ ਸੋਨੂ, ਪ੍ਰਕਾਸ਼ ਬੈਂਸ ,ਪ੍ਰਕਾਸ਼ ਫਰਾਲਾ, ਨਿਰਮਲ ਸੱਲਣ,ਰਾਣਾ ਮਕੰਦਪੁਰ, ਪਰਮਜੀਤ ਮਹਿਰਮਪੁਰ,ਹਰਮੇਲ ਰਟੈਂਡਾ, ਜਸਪਾਲ ਉੱਚਾ ਲਧਾਣਾ, ਅਵਤਾਰ ਹੀਓ, ਚੇਤੀ ਰਟੈਂਡਾ ,ਓਮ ਪ੍ਰਕਾਸ਼,ਦਿਨੇਸ਼ ਕੁਮਾਰ, ਬੀਬੀ ਕਸ਼ਮੀਰ ਕੌਰ, ਨਰਿੰਦਰ ਕੌਰ ਬੀਬੀ, ਜਸਵੀਰ ਕੌਰ, ਬੀਬੀ ਮਹਿੰਦਰ ਕੌਰ ਧੁਨਾਵਾ ਤੇ ਪਾਰਟੀ ਵਰਕਰ ਹਾਜ਼ਰ ਸਨ।

# ਗਣਤੰਤਰ ਦਿਵਸ ਦੇ ਮੱਦੇਨਜ਼ਰ ਸਕੂਲਾਂ 'ਚ ਸੱਭਿਆਚਾਰਕ ਰਿਹਰਸਲਾਂ ਦਾ ਆਗਾਜ਼

**ਗੁਰਦਾਸਪੁਰ (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਗਣਤੰਤਰ ਦਿਵਸ ਨੂੰ ਪੂਰੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਿਲਾ ਸਿੱਖਿਆ ਅਧਿਕਾਰੀ ਪਰਮਜੀਤ ਕੌਰ ਦੀ ਦੇਖ-



ਰੇਖ ਹੇਠ ਸੱਭਿਆਚਾਰਕ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ। ਇਸੇ ਲੜੀ ਤਹਿਤ ਜ਼ਿਲ੍ਹਾ ਨੋਡਲ ਅਫ਼ਸਰ ਪਰਮਿੰਦਰ ਸਿੰਘ ਸੈਣੀ ਅਤੇ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਮੁਕੇਸ਼ ਵਰਮਾ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਸੱਭਿਆਚਾਰਕ ਪ੍ਰੋਗਰਾਮਾਂ ਦੀ ਰਿਹਰਸਲ ਕਰਵਾਈ ਗਈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਲਿਟਲ ਫਲਾਵਰ ਸਕੂਲ ਗੁਰਦਾਸਪੁਰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਬੱਚਿਆਂ ਵਲੋਂ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਤਿਆਰੀ ਦਾ ਜਾਇਜ਼ਾ ਲਿਆ ਗਿਆ। ਇੱਥੇ ਪ੍ਰੋਫੈਸਰ ਜਸਬੀਰ ਸਿੰਘ ਸਮਰਾ ਵਲੋਂ ਬੱਚਿਆਂ ਨੂੰ ਬੜੀ ਮਿਹਨਤ ਨਾਲ ਸੱਭਿਆਚਾਰਕ ਪੇਸ਼ਕਾਰੀਆਂ ਦੀ ਰਿਹਰਸਲ ਕਰਵਾਈ ਗਈ। ਬੱਚਿਆਂ ਵਿੱਚ ਦੇਸ਼ ਭਗਤੀ ਦੇ ਗੀਤਾਂ, ਲੋਕ ਨਾਚਾਂ ਅਤੇ ਹੋਰ ਗਤੀਵਿਧੀਆਂ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਪਰਮਿੰਦਰ ਸਿੰਘ ਸੈਣੀ ਜ਼ਿਲ੍ਹਾ ਨੋਡਲ ਅਫ਼ਸਰ, ਮੁਕੇਸ਼ ਵਰਮਾ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਅਤੇ ਜਿਲ੍ਹਾ ਖੇਡ ਅਫ਼ਸਰ ਗੁਰਦਾਸਪੁਰ ਅਨੀਤਾ ਕੁਮਾਰੀ ਦੀ ਦੇਖ-ਰੇਖ ਹੇਠ ਕੰਮ ਚੱਲ ਰਿਹਾ। ਇਸ ਮੌਕੇ ਪ੍ਰੋਫੈਸਰ ਜਸਬੀਰ ਸਿੰਘ ਸਮਰਾ ਵੱਲੋਂ ਬੱਚਿਆਂ ਦੀ ਕਲਾ ਨੂੰ ਨਿਖਾਰਨ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨਾ ਅਤੇ ਰਾਸ਼ਟਰੀ ਤਿਉਹਾਰ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣਾ ਹੈ। ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਕਰਮਜੀਤ ਕੌਰ, ਗੀਤਿਕਾ ਮੁੱਖ ਅਧਿਆਪਕਾ ਅਤੇ ਡਿੰਪਲ, ਰਾਜਦੀਪ ਸਿੰਘ ਆਦਿ ਮੌਜੂਦ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 50ਵੀਂ ਕਾਨਵੋਕੇਸ਼ਨ ਸਫਲਤਾਪੂਰਵਕ ਸੰਪੰਨ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੀ 50ਵੀਂ ਕਨਵੋਕੇਸ਼ਨ ਵੱਡੇ ਉਤਸ਼ਾਹ ਅਤੇ ਅਕਾਦਮਿਕ ਸ਼ਾਨ ਨਾਲ ਸਫਲਤਾਪੂਰਵਕ ਆਯੋਜਿਤ ਕੀਤੀ।ਇਹ ਇਤਿਹਾਸਕ ਅਕਾਦਮਿਕ ਜਸ਼ਨ ਗੋਲਡਨ ਜੁਬਲੀ ਕਨਵੈਨਸ਼ਨ ਸੈਂਟਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿਖੇ ਵੱਡੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਭਾਰਤ ਦੀ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰੇਰਨਾਦਾਇਕ ਸੰਬੋਧਨ ਨਾਲ ਵਿਦਿਆਰਥੀਆਂ ਨੂੰ ਰਾਸ਼ਟਰ ਸੇਵਾ, ਨਵੀਨਤਾ ਅਤੇ ਨੈਤਿਕ ਮੁੱਲਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਗੁਲਾਬ ਚੰਦ ਕਟਾਰੀਆ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਸਨ। ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਇਸ ਮੌਕੇ ਮੰਚ ਉੱਪਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ ਅਤੇ ਗਵਰਨਰ ਪੰਜਾਬ ਸਮੇਤ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੀ 56 ਸਾਲਾਂ ਦੀ ਗੌਰਵਮਈ ਵਿਰਾਸਤ, ਅਕਾਦਮਿਕ ਪ੍ਰਾਪਤੀਆਂ ਅਤੇ ਸਿੱਖਿਆ, ਖੋਜ ਤੇ ਨਵੀਨਤਾ ਵਿੱਚ ਉੱਤਮਤਾ ਪ੍ਰਤੀ ਵਚਨਬੱਧਤਾ ਬਾਰੇ ਵਿਸਥਾਰ ਨਾਲ ਦੱਸਿਆ। ਇਸ ਯਾਦਗਾਰ ਮੌਕੇ ਯੂਨੀਵਰਸਿਟੀ ਵੱਲੋਂ ਦੋ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਆਨਰੇਰੀ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਨ੍ਹਾਂ ਵਿੱਚ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ (ਦੂਰਦਰਸ਼ੀ ਉਦਯੋਗਪਤੀ ਅਤੇ ਸਮਾਜ ਸੇਵੀ), ਜਿਨ੍ਹਾਂ ਨੇ ਸਮਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਅਸਾਧਾਰਨ ਯੋਗਦਾਨ ਪਾਇਆ ਅਤੇ ਜਸਵੀਰ ਗਿੱਲ, ਸੀਈਓ., ਅਲਰਟ ਐਂਟਰਪ੍ਰਾਈਜ਼ ਇੰਕ., ਕੈਲੀਫੋਰਨੀਆ (ਯੂ.ਐੱਸ.ਏ.), ਜਿਨ੍ਹਾਂ ਨੇ ਟੈਕਨਾਲੋਜੀ ਖੇਤਰ ਵਿੱਚ ਵਿਸ਼ਵ ਪੱਧਰੀ ਅਗਵਾਈ ਕੀਤੀ। ਇਸ ਮੌਕੇ 17 ਮੈਡਲ, 176 ਯੂ.ਜੀ./ਪੀ.ਜੀ. ਡਿਗਰੀਆਂ ਅਤੇ 258 ਪੀਐਚ.ਡੀ. ਡਿਗਰੀਆਂ ਵੰਡੀਆਂ ਗਈਆਂ। ਇਸ ਮੌਕੇ ਵਿਸ਼ੇਸ਼ ਹਸਤੀਆਂ ਵਿੱਚ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈਟੀਓ,ਐੱਮਪੀ ਗੁਰਜੀਤ ਸਿੰਘ ਔਜਲਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

**● ਇਸਤਰੀ ਸ਼ਕਤੀ ਦੇਸ਼ ਦੇ ਵਿਕਾਸ ਨੂੰ ਹੋਰ ਉੱਚਾਈਆਂ 'ਤੇ ਲਿਜਾਣ ਦੇ ਸਮਰੱਥ : ਦ੍ਰੌਪਦੀ ਮੁਰਮੂ**



ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਮੈਨੂੰ ਅੱਜ ਉਸ ਯੂਨੀਵਰਸਿਟੀ ਵਿਚ ਆਉਣ ਦਾ ਮੌਕਾ ਮਿਲਿਆ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਸਥਾਪਿਤ ਹੋਈ ਸੀ ਅਤੇ ਗੁਰੂ ਜੀ ਦੀਆਂ ਸਦੀਵੀ ਸਿੱਖਿਆਵਾਂ ਅੱਜ ਵੀ ਇਸਦਾ ਸਥਾਈ ਮਾਰਗਦਰਸ਼ਕ ਹਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਾਡੀ ਸਾਂਝੀ ਵਿਰਾਸਤ ਦੱਸਿਆ ਅਤੇ ਕਿਹਾ ਕਿ ਇਨ੍ਹਾਂ ਨੂੰ ਰੋਜ਼ਾਨਾ ਜੀਵਨ ਵਿੱਚ ਅਮਲ ਵਿਚ ਲਿਆ ਕੇ ਅਸੀਂ ਅਨੇਕ ਸਮਾਜਿਕ ਰੋਗਾਂ ਦਾ ਇਲਾਜ ਲੱਭ ਸਕਦੇ ਹਾਂ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਇਸ ਗੋਲਡਨ ਜੁਬਲੀ ਕਾਨਵੋਕੇਸ਼ਨ ਨੂੰ ਸਿੱਖਿਆ ਖੇਤਰ ਲਈ ਵੱਡੀ ਖੁਸ਼ਕਿਸਮਤੀ ਦੱਸਿਆ ਕਿ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣਾ ਸਮਰਪਣ, ਪ੍ਰਤਿਭਾ ਅਤੇ ਸਥਿਰਤਾ ਨਾਲ ਗ੍ਰੈਜੂਏਟਸ ਨੂੰ ਅਸੀਸਾਂ ਦਿੱਤੀਆਂ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ, ਰਾਜਪਾਲ ਅਤੇ ਸਾਰੇ ਵਿਸ਼ੇਸ਼ ਮਹਿਮਾਨਾਂ ਦੀ ਮੌਜੂਦਗੀ ਨੂੰ ਯੂਨੀਵਰਸਿਟੀ ਦਾ ਮਾਨ ਵਧਾਉਣ ਵਾਲਾ ਦਸਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਦੀਆਂ ਪ੍ਰਮੁੱਖ ਪਬਲਿਕ ਯੂਨੀਵਰਸਿਟੀਆਂ ਵਿੱਚੋਂ ਇੱਕ ਬਣ ਚੁੱਕੀ ਹੈ ਜਿਸ ਨੂੰ ਕੈਟੇਗਰੀ-1 ਸਟੇਟਸ ਅਤੇ ਨੈਕ ਦਾ ਸਭ ਤੋਂ ਉੱਚਾ ਸਕੋਰ 3.85 (ਏ++) ਪ੍ਰਾਪਤ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਡਿਗਰੀਆਂ ਅਤੇ ਮੈਡਲ ਤਕਸੀਮ ਕੀਤੇ ਗਏ। ਸਮਾਗਮ ਵਿੱਚ ਪ੍ਰੋ. ਐਚ.ਐੱਸ. ਸੈਣੀ (ਡੀਨ ਅਕੈਡਮਿਕ ਅਫੇਅਰਜ਼), ਪ੍ਰੋ. ਕੇ.ਐੱਸ. ਚਾਹਲ (ਰਜਿਸਟਰਾਰ), ਸੀਨੀਅਰ ਅਧਿਕਾਰੀ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਮਹਿਮਾਨ ਸ਼ਾਮਲ ਹੋਏ। ਮਾਣਯੋਗ ਰਾਸ਼ਟਰਪਤੀ ਨੇ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਵੰਡੇ ਅਤੇ ਉਨ੍ਹਾਂ ਦੀ ਉੱਤਮਤਾ, ਸਮਰਪਣ ਅਤੇ ਅਟੱਲਤਾ ਦਾ ਜਸ਼ਨ ਮਨਾਇਆ।

# ਦਿ ਰੈਵੇਨਿਊ ਪਟਵਾਰ ਯੂਨੀਅਨ ਵੱਲੋਂ ਸਾਲਾਨਾ ਡਾਇਰੀ ਅਤੇ ਕੈਲੰਡਰ ਰਿਲੀਜ਼



**ਮਜੀਠਾ (ਸੋਇਮ ਆਨੰਦ)**- ਪੰਜਾਬ ਸਰਕਾਰ ਦੇ ਮਾਲ ਵਿਭਾਗ ਦਾ ਅਹਿਮ ਅੰਗ ਦੀ ਰੈਵੇਨਿਊ ਪਟਵਾਰ ਯੂਨੀਅਨ ਵੱਲੋਂ ਯੂਨੀਅਨ ਅਤੇ ਮਾਲ ਵਿਭਾਗ ਦੇ ਜ਼ਰੂਰੀ ਕੰਮਾਂ ਨਾਲ ਸਬੰਧਤ ਸਾਲਾਨਾ ਡਾਇਰੀ ਅਤੇ ਕੈਲੰਡਰ ਤਿਆਰ ਕਰਾਇਆ ਗਿਆ।ਇਸ ਡਾਇਰੀ ਵਿੱਚ ਯੂਨੀਅਨ ਦੇ ਸੂਬਾ ਪੱਧਰੀ ਅਹੁਦੇਦਾਰਾਂ ਦੇ ਸੰਪਰਕ ਨੰਬਰ ਅਤੇ ਹੋਰ ਡਾਟਾ ਛਾਪਿਆ ਜਾਂਦਾ ਹੈ।ਦਿ ਰੈਵੇਨਿਊ ਪਟਵਾਰ ਯੂਨੀਅਨ ਤਹਿਸੀਲ ਮਜੀਠਾ ਵੱਲੋਂ ਇਸ ਸਾਲਾਨਾ ਕੈਲੰਡਰ ਅਤੇ ਡਾਇਰੀ ਨੂੰ ਐੱਸਡੀਐੱਮ ਮਜੀਠਾ ਪ੍ਰੀਤਇੰਦਰ ਸਿੰਘ ਵੱਲੋਂ ਰਸਮੀ ਤੌਰ 'ਤੇ ਰਿਲੀਜ਼ ਕਰਾਇਆ ਗਿਆ।ਇਸ ਦੇ ਨਾਲ ਹੀ ਯੂਨੀਅਨ ਦੀ ਇਕ ਡਾਇਰੀ ਅਤੇ ਕੈਲੰਡਰ ਐੱਸਡੀਐੱਮ ਮਜੀਠਾ ਨੂੰ ਭੇਟ ਕੀਤਾ ਗਿਆ।ਇਸ ਮੌਕੇ ਐੱਸਡੀਐੱਮ ਪ੍ਰੀਤਇੰਦਰ ਸਿੰਘ ਅਤੇ ਦੀ ਰੈਵੇਨਿਊ ਪਟਵਾਰ ਯੂਨੀਅਨ ਦੇ ਤਹਿਸੀਲ ਮਜੀਠਾ ਦੇ ਅਹੁਦੇਦਾਰਾਂ ਦਫਤਰ ਕਾਨੂੰਗੋ ਨਰਿੰਦਰ ਕੁਮਾਰ, ਪ੍ਰਧਾਨ ਕਵਲਅਵਤਾਰ ਸਿੰਘ, ਪਟਵਾਰੀ ਕਰਨ ਖੋਸਲਾ, ਖਜ਼ਾਨਚੀ ਜਸਵਿੰਦਰ ਸਿੰਘ ਬੇਦੀ, ਮਨਬੀਰ ਸਿੰਘ ਮੱਲ੍ਹੀ, ਗੁਰਸ਼ਰਨ ਸਿੰਘ, ਹਰਦੇਵ ਸਿੰਘ, ਇੰਦਰਜੀਤ ਸ਼ਰਮਾ, ਹਰਪ੍ਰੀਤ ਸਿੰਘ, ਜਗਪ੍ਰੀਤ ਸਿੰਘ, ਰੁਪਿੰਦਰ ਕੌਰ, ਸੰਦੀਪ ਕੌਰ, ਸਰਬਜੀਤ ਕੌਰ, ਜਗਮਿੰਦਰ ਸਿੰਘ, ਰੀਡਰ ਵਰਿੰਦਰ ਭਾਟੀਆ ਅਤੇ ਦੀਪਕ ਭੱਟੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 17 ਜਨਵਰੀ 2026

# ਇਤਿਹਾਸ ਨੂੰ ਸਿਆਸੀ ਔਜ਼ਾਰ ਬਣਾਉਣ ਦੀ ਕੋਸ਼ਿਸ਼

ਰਾਮ ਮੰਦਰ ਅੰਦੋਲਨ ਜਾਂ ਦੂਜੇ ਸ਼ਬਦਾਂ ਵਿੱਚ ਬਾਬਰੀ ਮਸਜਿਦ ਨੂੰ ਢਾਹੁਣ ਨਾਲ ਭਾਜਪਾ ਤੇ ਉਸ ਦੀ ਪਿਤਰ ਸੰਸਥਾ ਆਰ ਐੱਸ ਐੱਸ ਨੂੰ ਚੋਣਾਂ ਵਿੱਚ ਜ਼ਬਰਦਸਤ ਫਾਇਦਾ ਹੋਇਆ। ਇਸ ਤੋਂ ਬਾਅਦ ਉਨ੍ਹਾਂ ਦੀ ਕਾਸ਼ੀ ਤੇ ਮਥੁਰਾ ’ਤੇ ਅੱਖ ਹੈ। ਇਸੇ ਦਰਮਿਆਨ ਪਿਛਲੇ ਦਿਨੀਂ ‘ਸੋਮਨਾਥ ਸਵਾਭੀਮਾਨ ਪਰਵ’ ਦੇ ਰੂਪ ਵਿੱਚ ਇੱਕ ਨਵਾਂ ਮੋਰਚਾ ਵੀ ਖੋਲ੍ਹ ਦਿੱਤਾ ਗਿਆ ਹੈ। ਇਸ ਮੌਕੇ ਧਾਰਮਿਕ ਲਿਬਾਸ ਵਿੱਚ ਸਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋ ਗੱਲਾਂ ਕਹੀਆਂ। ਇੱਕ ਸਾਫ ਸ਼ਬਦਾਂ ਵਿੱਚ ਤੇ ਦੂਜੀ ਘੁਮਾ-ਫਿਰਾ ਕੇ। ਪਹਿਲੀ ਵਿੱਚ ਉਨ੍ਹਾ ਕਿਹਾ ਕਿ ਸੋਮਨਾਥ ਮੰਦਰ ਭਾਰਤ ਦੇ ਗੌਰਵ ਦਾ ਪ੍ਰਤੀਕ ਹੈ। ਮੁਸਲਮ ਰਾਜਿਆਂ ਨੇ ਇਸ ’ਤੇ ਵਾਰ-ਵਾਰ ਹਮਲੇ ਕੀਤੇ, ਪਰ ਉਹ ਹਰ ਵਾਰ ਤੇ ਵਧੇਰੇ ਸ਼ਾਨ ਨਾਲ ਉੱਠ ਖੜ੍ਹਾ ਹੋਇਆ। ਮਹਿਮੂਦ ਗਜ਼ਨੀ ਨੇ ਇਸ ਨੂੰ 1026 ਈਸਵੀ ਵਿੱਚ ਤਬਾਹ ਕੀਤਾ ਤੇ 17 ਵਾਰ ਲੁੱਟਿਆ। ਦੂਜੀ ਗੱਲ ਵਿੱਚ ਉਨ੍ਹਾ ਕਾਂਗਰਸ ਤੇ ਖਾਸ ਤੌਰ ’ਤੇ ਜਵਾਹਰ ਲਾਲ ਨਹਿਰੂ ’ਤੇ ਅਸਿੱਧਾ ਹਮਲਾ ਕੀਤਾ। ਮੋਦੀ ਨੇ ਨਹਿਰੂ, ਜਿਸ ਨੂੰ ਉਹ ਸ਼ਾਇਦ ਸਭ ਤੋਂ ਵੱਧ ਨਫਰਤ ਕਰਦੇ ਹਨ, ਉੱਤੇ ਮੰਦਰ ਦੇ ਪੁਨਰਨਿਰਮਾਣ ਦਾ ਵਿਰੋਧ ਕਰਨ ਦਾ ਦੋਸ਼ ਲਾਇਆ।

ਕੋਈ ਪੂਜਾ ਸਥਾਨ ਕਿਸੇ ਦੇਸ਼ ਜਾਂ ਉਸ ਦੇ ਗੌਰਵ ਦਾ ਪ੍ਰਤੀਕ ਹੋ ਸਕਦਾ ਹੈ, ਇਹ ਬੇਹੱਦ ਮਸ਼ਕੂਕ ਹੈ। ਧਰਮ ਦਾ ਸਭ ਤੋਂ ਅਹਿਮ ਪਹਿਲੂ ਉਸ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹੁੰਦੀਆਂ ਹਨ, ਜਿਵੇਂ ਕਿ ਮਹਾਤਮਾ ਗਾਂਧੀ ਨੇ ਦੱਸਿਆ ਸੀ। ਜਿੱਥੋਂ ਤੱਕ ਮਹਿਮੂਦ ਗਜ਼ਨੀ ਦਾ ਸਵਾਲ ਹੈ, ਉਸ ਨੇ ਨਿਰਸੰਦੇਹ ਇਸ ਮੰਦਰ ਨੂੰ ਲੁੱਟਿਆ ਸੀ। ਉਸ ਦੇ ਦਰਬਾਰੀ ਇਤਿਹਾਸਕਾਰਾਂ ਮੁਤਾਬਕ ਉਸ ਨੇ ਅਜਿਹਾ ਇਸ ਲਈ ਕੀਤਾ ਸੀ, ਕਿਉਂਕਿ ਇਸਲਾਮ ਵਿੱਚ ਮੂਰਤੀ ਪੂਜਾ ਦੀ ਇਜਾਜ਼ਤ ਨਹੀਂ ਹੈ। ਗਜ਼ਨੀ ਦੇ ਸੋਮਨਾਥ ਉੱਤੇ ਹਮਲੇ ਦੇ ਕਈ ਕਾਰਨ ਹੋ ਸਕਦੇ ਹਨ, ਪਰ ਸਭ ਤੋਂ ਵੱਡਾ ਕਾਰਨ ਧਨ-ਦੌਲਤ ਲੁੱਟਣਾ ਸੀ, ਕਿਉਂਕਿ ਸੋਮਨਾਥ ਮੰਦਰ ਭਾਰਤ ਦੇ ਸਭ ਤੋਂ ਅਮੀਰ ਮੰਦਰਾਂ ਵਿੱਚੋਂ ਇੱਕ ਸੀ। ਨਾਮਵਰ ਇਤਿਹਾਸਕਾਰ ਰੋਮਿਲਾ ਥਾਪਰ ਮੁਤਾਬਕ ਉੱਥੇ ਸੋਨੇ ਦੀਆਂ 20 ਹਜ਼ਾਰ ਦੀਨਾਰਾਂ ਦੇ ਬਰਾਬਰ ਸੰਪਤੀ ਸੀ। ਕਿਸੇ ਵੀ ਭਰੋਸੇਯੋਗ ਸਰੋਤ ਤੋਂ ਇਹ ਜਾਣਕਾਰੀ ਨਹੀਂ ਮਿਲਦੀ ਕਿ ਗਜ਼ਨੀ ਨੇ 17 ਵਾਰ ਇਸ ਮੰਦਰ ਨੂੰ ਲੁੱਟਿਆ ਸੀ। ਇਹ ਇੱਕ ਪ੍ਰਚਲਤ ਮਿੱਥ ਹੈ। ਤਾਰੀਖ-ਏ-ਬਾਇਕੀ ਮੁਤਾਬਕ ਗਜ਼ਨੀ ਦੀ ਫੌਜ ਵਿੱਚ ਤਿਲਕ, ਸੋਂਧੀ, ਹਰਜਾਨ ਤੇ ਹਿੰਦ ਵਰਗੇ ਕਈ ਹਿੰਦੂ ਸੈਨਾਪਤੀ ਸਨ। ਗਜ਼ਨੀ ਦੇ ਜਾਨਸ਼ੀਨ ਮਸੂਦ ਨੇ ਮੱਧ ਏਸ਼ੀਆ ਦੀ ਇੱਕ ਮਸਜਿਦ ਨੂੰ ਲੁੱਟਣ ਲਈ ਸੈਨਾਪਤੀ ਤਿਲਕ ਦੀ ਅਗਵਾਈ ਵਿੱਚ ਫੌਜ ਭੇਜੀ ਸੀ। ਗਜ਼ਨੀ ਨੇ ਸੋਮਨਾਥ ਤੋਂ ਜਾਂਦੇ ਸਮੇਂ ਇੱਕ ਸਥਾਨਕ ਹਿੰਦੂ ਰਾਜਾ ਨੂੰ ਉੱਥੋਂ ਦਾ ਰਾਜਕਾਜ ਸੌਂਪਿਆ। ਉਸ ਨੇ ਸਿੱਕੇ ਵੀ ਜਾਰੀ ਕੀਤੇ, ਜਿਨ੍ਹਾਂ ’ਤੇ ਸੰਸਕ੍ਰਿਤ ਵਿੱਚ ਕੁਝ ਸ਼ਬਦ ਉੱਕਰੇ ਸਨ। ਏਨਾ ਹੀ ਨਹੀਂ, ਥਾਨੇਸ਼ਵਰ ਦੇ ਰਾਜਾ ਆਨੰਦਪਾਲ ਨੇ ਗਜ਼ਨੀ ਦੀ ਮਦਦ ਲਈ ਹਾਥੀ ਤੇ ਫੌਜੀ ਆਦਿ ਭੇਜੇ। ਪ੍ਰਾਚੀਨ ਤੇ ਮੱਧਕਾਲੀਨ ਭਾਰਤ ਵਿੱਚ ਮੰਦਰਾਂ ਨੂੰ ਤਬਾਹ ਕਰਨ ਦੇ ਪਿੱਛੇ ਆਮ ਤੌਰ ’ਤੇ ਧਾਰਮਿਕ ਕਾਰਨ ਨਹੀਂ ਹੁੰਦੇ ਸਨ। ਮੁਗਲ-ਪੂਰਵ ਭਾਰਤ ਵਿੱਚ ਮੰਦਰਾਂ ਨੂੰ ਤਬਾਹ ਕੀਤੇ ਜਾਣ ’ਤੇ ਆਪਣੀ ਖੋਜ ਵਿੱਚ ਰਿਚਰਡ ਈਟਨ ਨੇ ਲਿਖਿਆ ਕਿ ਹਿੰਦੂ ਰਾਜਿਆਂ ਵਿਚਾਲੇ ਜੰਗ ਜਿੱਤਣ ਵਾਲਾ ਰਾਜਾ ਹਾਰਨ ਵਾਲੇ ਰਾਜਾ ਦੇ ਕੁਲਦੇਵਤਾ ਦੀ ਮੂਰਤੀ ਤੋੜ ਕੇ ਉਸ ਦੀ ਥਾਂ ਆਪਣੇ ਕੁਲਦੇਵਤਾ ਦੀ ਮੂਰਤੀ ਸਥਾਪਤ ਕਰਦਾ ਸੀ। ਮੁਲਤਾਨ ਦੇ ਅਬਦੁਲ ਫਤਹਿ ਦਾਊਦ ਤੇ ਖਿਲਜੀ ਵਿਚਾਲੇ ਜੰਗ ਵਿੱਚ ਇੱਕ ਮਸਜਿਦ ਤਬਾਹ ਕਰ ਦਿੱਤੀ ਗਈ ਸੀ। ਰਾਜਿਆਂ ਨੂੰ ਉਨ੍ਹਾਂ ਦੇ ਧਰਮ ਦੇ ਚਸ਼ਮੇ ਨਾਲ ਦੇਖਣਾ ਅੰਗਰੇਜ਼ਾਂ ਦੇ ਭਾਰਤ ਆਉਣ ਦੇ ਬਾਅਦ ਸ਼ੁਰੂ ਹੋਇਆ, ਜਦੋਂ ਉਨ੍ਹਾਂ ਆਪਣੀ ‘ਫੁੱਟ ਪਾਓ ਤੇ ਰਾਜ ਕਰੋ’ ਦੀ ਨੀਤੀ ਤਹਿਤ ਭਾਰਤ ਦੇ ਇਤਿਹਾਸ ਦਾ ਫਿਰਕੂ ਲੇਖਨ ਸ਼ੁਰੂ ਕਰਵਾਇਆ। ਮੋਦੀ ਦੀ ਸਿਆਸਤ ਸੋਮਨਾਥ ਦੇ ਬਹਾਨੇ ਇੱਕ ਨਵਾਂ ਵੰਡਪਾਊ ਮੋਰਚਾ ਖੋਲ੍ਹ ਰਹੀ ਹੈ, ਜਿਸ ਵਿੱਚ ਨਹਿਰੂ ਨੂੰ ਵੀ ਜੋੜਨ ਦਾ ਯਤਨ ਕੀਤਾ ਜਾ ਰਿਹਾ ਹੈ। ਮੋਦੀ ਦੱਸ ਰਹੇ ਹਨ ਕਿ ਨਹਿਰੂ ਸੋਮਨਾਥ ਮੰਦਰ ਦੇ ਪੁਨਰਨਿਰਮਾਣ ਦੇ ਖਿਲਾਫ ਸਨ। ਇਹ ਝੂਠ ਹੈ। ਇਹ ਮਸਲਾ ਜਦ ਪਹਿਲੀ ਵਾਰ ਉੱਠਿਆ ਸੀ, ਉਦੋਂ ਗਾਂਧੀ ਜਿਊਂਦੇ ਸਨ। ਉਨ੍ਹਾ ਸਾਫ-ਸਾਫ ਰਾਇ ਦਿੱਤੀ ਸੀ ਕਿ ਮੰਦਰ ਨਿਰਮਾਣ ਲਈ ਸਰਕਾਰੀ ਧਨ ਦੀ ਵਰਤੋਂ ਕਤਈ ਨਹੀਂ ਹੋਣੀ ਚਾਹੀਦੀ। ਰਾਮ ਮੰਦਰ ਦੇ ਨਿਰਮਾਣ ਦੇ ਮਸਲੇ ’ਤੇ ਵਿਚਾਰ ਕਰਦਿਆਂ ਕੁਝ ਸਾਲ ਪਹਿਲਾਂ ਠੀਕ ਇਹੀ ਸੁਪਰੀਮ ਕੋਰਟ ਨੇ ਕਿਹਾ ਸੀ। ਗਾਂਧੀ, ਨਹਿਰੂ ਤੇ ਪਟੇਲ ਇਸ ਸੰਬੰਧ ਵਿੱਚ ਇੱਕ ਰਾਇ ਸਨ। ਗਾਂਧੀ ਨੇ ਸਰਦਾਰ ਪਟੇਲ ਤੋਂ ਪੁੱਛਿਆ ਸੀ ਕਿ ਕੀ ਸੋਮਨਾਥ ਮੰਦਰ ਦੇ ਪੁਨਰਨਿਰਮਾਣ ਲਈ ਸਰਕਾਰ ਵੱਲੋਂ ਕੋਈ ਰਕਮ ਦਿੱਤੀ ਜਾ ਰਹੀ ਹੈ ਤਾਂ ਪਟੇਲ ਨੇ ਕਿਹਾ ਸੀ ਕਿ ਜਦੋਂ ਤੱਕ ਉਹ ਜ਼ਿੰਦਾ ਹਨ, ਉਦੋਂ ਤੱਕ ਅਜਿਹਾ ਕੁਝ ਨਹੀਂ ਹੋਵੇਗਾ ਤੇ ਲੋਕਾਂ ਤੋਂ ਚੰਦਾ ਇਕੱਠਾ ਕੀਤਾ ਜਾਵੇਗਾ। ਫਿਰ ਇੱਕ ਟਰੱਸਟ ਕਾਇਮ ਕੀਤਾ ਗਿਆ, ਜਿਸ ਦੇ ਪ੍ਰਧਾਨ ਪਟੇਲ ਬਣੇ। ਕੇ ਐੱਮ ਮੁਨਸ਼ੀ ਤੇ ਗਾਡਗਿਲ ਉਸ ਦੇ ਟਰੱਸਟੀ ਬਣਾਏ ਗਏ। ਇਸੇ ਟਰੱਸਟ ਨੇ ਮੰਦਰ ਦਾ ਪੁਨਰਨਿਰਮਾਣ ਕਰਵਾਇਆ।

ਇਤਿਹਾਸ ਸਮਾਜ ਨੂੰ ਵੰਡਣ ਤੇ ਅਤੀਤ ਦੀਆਂ ਬੇਇਨਸਾਫੀਆਂ ਨੂੰ ਚਿਰਸਥਾਈ ਬਣਾਉਣ ਦਾ ਔਜ਼ਾਰ ਨਹੀਂ ਹੈ। ਇਤਿਹਾਸ ਦੱਸਦਾ ਹੈ ਕਿ ਅਤੀਤ ਵਿੱਚ ਕੀ ਗਲਤ ਹੋਇਆ, ਜਿਹੜਾ ਦੁਬਾਰਾ ਨਹੀਂ ਹੋਣਾ ਚਾਹੀਦਾ। ਅਸੀਂ ਇੱਕ ਨਿਆਂਪੂਰਨ ਸਮਾਜ ਦੀ ਸਥਾਪਨਾ ਦੀ ਦਿਸ਼ਾ ਵਿੱਚ ਅੱਗੇ ਵਧਣਾ ਹੈ, ਜਿੱਥੇ ਸਾਰੇ ਆਨ-ਬਾਨ ਨਾਲ ਰਹਿ ਸਕਣ, ਇੱਕ ਅਜਿਹਾ ਸਮਾਜ, ਜਿਸ ਵਿੱਚ ਸਾਰਿਆਂ ਨੂੰ ਨਾਗਰਿਕ ਦੇ ਰੂਪ ਵਿੱਚ ਬਰਾਬਰ ਹੱਕ ਹਾਸਲ ਹੋਣ। ਮੋਦੀ ਜਿਹੜਾ ਇਤਿਹਾਸ ਪੜ੍ਹਾ ਰਹੇ ਹਨ, ਉਹ ਲੋਕਾਂ ਨੂੰ ਵੰਡਣ ਵਾਲਾ ਹੈ।

# ਜਨਤਕ ਸਿਹਤ ਦੇ ਦੁਸ਼ਮਣ-ਨਿੱਜੀਕਰਨ ਤੇ ਬਦਨੀਤੀ

ਮੂਲ : ਡਾ. ਪਾਰਥਾ ਸ਼ਰਮਾ
ਅਨੁਵਾਦ : ਡਾ. ਜਸਬੀਰ ਸਿੰਘ ਔਲਖ

ਜਨਤਕ ਸਿਹਤ ਦੇ ਹਾਲਾਤ ਹਿੰਦੁਸਤਾਨ ਵਿੱਚ ਅਕਸਰ ਚਰਚਾ ਵਿੱਚ ਰਹਿੰਦੇ ਹਨ । ਜਿੱਥੇ ਨਕਲੀ ਦਵਾਈਆਂ ਅਤੇ ਬੇਲੋੜੀਆਂ ਸਰਜਰੀਆਂ ਤੋਂ ਲੈ ਕੇ ਗੈਰ-ਇਖਲਾਕੀ ਕਲੀਨੀਕਲ ਟਰਾਇਲਾਂ ਨਾਲ ਅਣਗਿਣਤ ਲੋਕ ਪ੍ਰਭਾਵਤ ਹੋਏ ਹਨ, ਉੱਥੇ ਬਿਮਾਰੀਆਂ ਪੈਦਾ ਕਰਨ ਵਾਲੇ ਕਾਰਕ ਨੀਤੀਗਤ ਮਾਮਲਿਆਂ ਦੀ ਬਦਨੀਅਤ ਅਤੇ ਸਰਕਾਰੀ ਸਕੀਮਾਂ ਦੇ ਫੇਲ੍ਹ ਹੋਣ ਦਾ ਵੀ ਨਤੀਜਾ ਭੁਗਤਿਆ ਹੈ। ਗੈਰ-ਪ੍ਰੋਸੈਸਡ ਬਜ਼ਾਰੂ ਭੋਜਨ ਨੇ ਜਿੱਥੇ ਗੈਰ-ਸੰਚਾਲਿਤ ਬਿਮਾਰੀਆਂ ਨੂੰ ਮਹਾਂਮਾਰੀ ਦੀ ਹੱਦ ਤੱਕ ਵਧਾ ਦਿੱਤਾ ਹੈ, ਉੱਥੇ ਹਵਾ, ਪਾਣੀ, ਮਿੱਟੀ ਦੇ ਪ੍ਰਦੂਸ਼ਣ ਅਤੇ ਵਾਤਾਵਰਨ ਤਬਦੀਲੀਆਂ ਨੇ ਕਰੋੜਾਂ ਦੀਆਂ ਜ਼ਿੰਦਗੀਆਂ ਨੂੰ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ। ਜਮਾਤੀ, ਜਾਤੀ, ਧਾਰਮਿਕ ਅਤੇ ਦੂਸਰੇ ਸਮਾਜਿਕ ਵਿਤਕਰਿਆਂ ਨੇ ਹਾਲਤ ਨੂੰ ਹੋਰ ਖਰਾਬ ਕੀਤਾ ਹੈ।

**ਮੌਜੂਦਾ ਸਮੱਸਿਆਵਾਂ** : ਸਿਹਤ ਕਾਮਿਆਂ ਦੇ ਨਜ਼ਰੀਏ ਤੋਂ ਵੇਖਿਆਂ ਹਾਲਾਤ ਚਿੰਤਾਜਨਕ ਦਿਖਾਈ ਦਿੰਦੇ ਹਨ। ਆਸ਼ਾ ਵਰਕਰਾਂ ਹਾਲੇ ਤੱਕ ਆਪਣੇ ਹੱਕਾਂ ਲਈ ਜੱਦੋਜਹਿਦ ਕਰ ਰਹੀਆਂ ਹਨ। ਬਹੁਤੇ ਸਰਕਾਰੀ ਹਸਪਤਾਲਾਂ ਵਿੱਚ ਕੰਮ ਦੀਆਂ ਹਾਲਤਾਂ ਮਾੜੀਆਂ ਹਨ।

ਨਿੱਜੀਕਰਨ ਦੇ ਹੱਲੇ ਨੇ ਇਸ ਸਥਿਤੀ ਨੂੰ ਹੋਰ ਵਿਗਾੜਿਆ ਹੈ। ਹੁਣ ਜਦੋਂ ਕਿ ਨਿੱਜੀਕਰਨ ਦੀ ਪ੍ਰਕਿਰਿਆ ਬਹੁਤ ਤੇਜ਼ ਹੋ ਗਈ ਹੈ ਤਾਂ ਕਾਰਪੋਰੇਟ ਹਸਪਤਾਲਾਂ ਵਿੱਚ ਵਪਾਰਿਕ ਅਦਾਰਿਆਂ ਦੇ ਮੁਨਾਫਿਆਂ ਦੀ ਤਰਜ਼ ’ਤੇ ਡਾਕਟਰਾਂ ਨੂੰ ਟੀਚੇ ਦਿੱਤੇ ਜਾਂਦੇ ਹਨ।ਆਯੂਸ਼ਮਾਨ ਸਕੀਮ ਅਤੇ ਪਬਲਿਕ - ਪ੍ਰਾਈਵੇਟ ਹਿੱਸੇਦਾਰੀ ਰਾਹੀਂ ਸਰਕਾਰੀ ਪੈਸਾ ਜਨਤਕ ਸਿਹਤ ਸੰਸਥਾਵਾਂ ਦੀ ਕੀਮਤ ’ਤੇ ਪ੍ਰਾਈਵੇਟ ਖਿਡਾਰੀਆਂ ਵੱਲ ਜਾ ਰਿਹਾ ਹੈ।

ਨਿੱਜੀਕਰਨ ਨੇ ਮੈਡੀਕਲ ਸਿੱਖਿਆ ’ਤੇ ਵੀ ਮਾੜਾ ਅਸਰ ਪਾਇਆ ਹੈ। ਹੁਣ ਜਦੋਂ ਪ੍ਰਾਈਵੇਟ ਮੈਡੀਕਲ ਕਾਲਜ ਐੱਮ ਬੀ ਬੀ ਐੱਸ ਕਰਵਾਉਣ ਦਾ ਚਾਲੀ-ਪੰਜਾਹ ਲੱਖ ਵਸੂਲਦੇ ਹਨ ਤਾਂ ਉੱਥੇ ਪੜ੍ਹੇ ਡਾਕਟਰ ਦਾ ਧਿਆਨ ਬਿਮਾਰੀ ਦੇ ਸਮਾਜਿਕ - ਆਰਥਿਕ ਪਹਿਲੂਆਂ ਤੇ ਸਿੱਖਿਅਤ ਹੋਣ ਦੀ ਬਜਾਏ ਜਲਦੀ-ਜਲਦੀ ਮੋਟੀਆਂ ਫੀਸਾਂ ਦੇ ਰੂਪ ਵਿੱਚ ਦਿੱਤੀ ਆਪਣੀ ਲਾਗਤ ਨੂੰ ਵਾਪਸ ਹਾਸਲ ਕਰਨ ਦੀ ਹੁੰਦੀ ਹੈ। ਮੈਡੀਕਲ ਸਿੱਖਿਆ ਦੀ ਬਹੁ-ਵਿਕਲਪੀ ਸਵਾਲਾਂ (MCQs) ਦੀ ਵਿਧੀ ਨੇ ਮੈਡੀਕਲ ਵਿਦਿਆਰਥੀਆਂ ਵਿੱਚ ਸੋਚਣ ਸ਼ਕਤੀ ਦੇ ਵਿਕਾਸ ਦੀ ਬਜਾਏ ਰੱਟਾ-ਲਾਊ ਪ੍ਰਵਿਰਤੀ ਨੂੰ ਪੈਦਾ ਕਰ ਦਿੱਤਾ ਹੈ ਅਤੇ ਹੁਣ ਉਹਨਾਂ ਦਾ ਫੋਕਸ ਇਮਤਿਹਾਨ ਪਾਸ ਕਰਨਾ ਹੀ ਰਹਿ ਗਿਆ ਹੈ, ਨਾ ਕਿ ਕਲੀਨੀਕਲ ਯੋਗਤਾ ਦਾ ਵਿਕਾਸ ਕਰਨਾ। ਜਦੋਂ ਸਿਹਤ ਸੰਭਾਲ ਅਤੇ ਸਿਹਤ ਸਹੂਲਤਾਂ ਲਗਾਤਾਰ ਮਹਿੰਗੀਆਂ ਹੋ ਰਹੀਆਂ ਹਨ ਅਤੇ ਜਨਤਕ ਸਿਹਤ ਢਾਂਚਾ ਡਗਮਗਾ ਰਿਹਾ ਹੈ ਤਾਂ ਇਸ ਵਰਤਾਰੇ ਤੇ ਚਿੰਤਨ ਕਰਨ ਦੀ ਵਾਜਬੀਅਤ ਬਣਦੀ ਹੈ। ਜਨਤਕ ਸਿਹਤ ਸੰਭਾਲ ਦੀ ਜ਼ਿਆਦਾ ਫੰਡਿੰਗ, ਮੁੱਢਲੇ ਸਿਹਤ ਢਾਂਚੇ ਦਾ ਵਿਸਥਾਰ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਨੂੰ ਰੈਗੂਲਰ ਕਰਨ ਸੰਬੰਧੀ ਅਕਸਰ ਚਰਚਾ ਹੁੰਦੀ ਹੈ, ਪਰ ਬਗੈਰ ਸਿਆਸੀ ਇੱਛਾਸ਼ਕਤੀ ਦੇ ਇਸ ਦੇ ਕੋਈ ਨਤੀਜੇ ਨਹੀਂ ਆ ਰਹੇ।

**ਡਾਕਟਰ -ਤਬਦੀਲੀ ਦੇ ਦੂਤ**: ਡਾਕਟਰ ਸਮਾਜ ਵਿੱਚ ਇੱਕ ਇਖਲਾਕੀ ਤਾਕਤ ਅਤੇ ਰੁਤਬਾ ਰੱਖਦੇ ਹਨ। ਇਹ ਪਹਿਲੂ ਉਹਨਾਂ ਨੂੰ ਸਮਾਜਿਕ ਤਬਦੀਲੀ ਦੇ ਮਜ਼ਬੂਤ ਵਾਹਕ ਬਣਾਉਂਦਾ ਹੈ। ਪੇਸ਼ੇਵਰਾਂ ਦੇ ਗਰੁੱਪ ਵਿੱਚੋਂ ਡਾਕਟਰਾਂ ਦਾ ਛੋਟਾ ਪਰ ਮਹੱਤਵਪੂਰਨ ਸਮੂਹ ਹੈ, ਜਿਹੜਾ ਰੋਜ਼ਾਨਾ ਅਤੇ ਸਭ ਤੋਂ ਪਹਿਲਾਂ ਵੇਖ ਸਕਦਾ ਹੈ ਕਿ ਗਰੀਬੀ ਕਿਵੇਂ ਕੁਪੋਸ਼ਣ ਵਿੱਚ ਬਦਲਦੀ ਹੈ, ਅਸੁਰੱਖਿਅਤ ਸੜਕਾਂ ਕਿਵੇਂ ਹਾਦਸਿਆਂ ਨੂੰ ਜਨਮ ਦਿੰਦੀਆਂ ਹਨ, ਹਸਪਤਾਲਾਂ ਵਿੱਚ ਟਰਾਮਾ ਦਾ ਬੋਝ ਵਧਦਾ ਹੈ, ਕਿਵੇਂ ਸਰਕਾਰੀ ਤੰਤਰ ਦੀ ਅਕੁਸ਼ਲਤਾ ਕੈਂਸਰ, ਗੁਰਦਿਆਂ ਦੇ ਫੇਲ੍ਹ ਹੋਣ, ਤਪਦਿਕ ਅਤੇ ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਓ (ਜਿਵੇਂ ਤਾਜ਼ਾ ਘਟਨਾਂ ਇੰਦੋਰ ਵਿੱਚ ਦੂਸ਼ਿਤ ਪਾਣੀਂ ਨਾਲ ਹੋਈਆਂ ਮੌਤਾਂ ਅਤੇ ਪ੍ਰਦੂਸ਼ਣ ਨਾਲ ਦਿੱਲੀ ਵਿੱਚ ਵਧੇ ਤਪਦਿਕ ਦੇ ਮਰੀਜ਼ ਦਾ ਕਾਰਨ ਬਣਦੀ ਹੈ। ਇਹਨਾਂ ਪੀੜਤਾਂ ਨੂੰ ਨੇੜਿਓਂ ਤੱਕਣ ਕਰਕੇ ਕਿਸੇ ਹੋਰ ਪੇਸ਼ੇਵਰ ਕਿੱਤੇ ਦੇ ਮੁਕਾਬਲੇ ਡਾਕਟਰਾਂ ਦਾ ਇਖ਼ਲਾਕੀ ਫ਼ਰਜ਼ ਅਤੇ ਤਾਕਤ ਵਿੱਚ ਅਥਾਹ ਵਾਧਾ ਕਰਦੀ ਹੈ।

ਇਹ ਵਿਚਾਰ ਕਿ ਡਾਕਟਰਾਂ ਦੀ ਜ਼ਿੰਮੇਵਾਰੀ ਆਪਣੇ ਕਲੀਨਿਕ ਤੋਂ ਬਾਹਰ ਵੀ ਹੈ, ਕੋਈ ਨਵਾਂ ਵਿਚਾਰ ਨਹੀਂ। ਸਾਡੇ ਮੈਡੀਕਲ ਵਿਦਿਆਰਥੀਆਂ ਨੂੰ ਜਰਮਨੀ ਦੇ ਰੁਡਲੋਫ਼ ਵਿਰਚੋ ਬਾਰੇ ਇਹ ਤਾਂ ਪੜ੍ਹਾ ਦਿੱਤਾ ਜਾਂਦਾ ਹੈ ਕਿ ਉਹ ਆਪਣੀਂ ਸੈੱਲ ਥਿਊਰੀ ਕਰਕੇ ਇੱਕ ਮਹਾਨ ਪੈਥੋਲੋਜਿਸਟ ਸੀ, ਪਰ ਉਸ ਦੇ ਮੈਡੀਕਲ ਖੇਤਰ ਬਾਰੇ ਇਨਕਲਾਬੀ ਵਿਚਾਰਾਂ ਦੀ ਕਦੇ ਵੀ ਚਰਚਾ ਨਹੀਂ ਹੁੰਦੀ।

ਸਾਲ 1848 ਵਿੱਚ ਉਸ ਨੇ ਇੱਕ ਹਫਤਾਵਾਰੀ ਅਖ਼ਬਾਰ ‘ਮੈਡੀਕਲ ਰਿਫਾਰਮ’ ਸ਼ੁਰੂ ਕੀਤਾ, ਜਿਸ ਵਿੱਚ ਉਸ ਨੇ ਵਿਚਾਰ ਦਿੱਤਾ ਕਿ ਮੈਡੀਸਨ ਇੱਕ ਸਮਾਜ ਵਿਗਿਆਨ ਹੈ ਅਤੇ ਫਿਜ਼ੀਸ਼ੀਅਨ ਗਰੀਬ ਦਾ ਕੁਦਰਤੀ ਵਕੀਲ । ਉਸ ਨੇ ਦਲੀਲ ਦਿੱਤੀ ਕਿ ਬਿਮਾਰੀ ਸਿਰਫ਼ ਬਾਇਲੋਜੀਕਲ ਕ੍ਰਿਆ ਨਹੀਂ ਹੈ, ਬਲਕਿ ਇਹ ਸਿਆਸੀ ਅਤੇ ਸਮਾਜਕ ਢਾਂਚੇ ਦੀ ਪੈਦਾਇਸ਼ ਹੈ, ਜਿਸ ਨੂੰ ਗ਼ੁਰਬਤ, ਮਾੜੀਆਂ ਰਹਿਣ ਹਾਲਤਾਂ, ਭੁੱਖਮਰੀ, ਅਣਪੜ੍ਹਤਾ ਅਤੇ ਸਿਆਸੀ ਤਾਕਤ ਤੋਂ ਸੱਖਣੀ ਜ਼ਿੰਦਗੀ ਜਨਮ ਦਿੰਦੀ ਹੈ।

ਵਿਰਚੋ ਨੇ ਆਪਣੇ ਇਸ ਵਿਚਾਰ ਨੂੰ ਸਿਰਫ਼ ਅਕਾਦਮਿਕ ਲੇਖਣੀ ਤੱਕ ਸੀਮਤ ਨਹੀਂ ਰੱਖਿਆ । ਉਸ ਦਾ ਖ਼ਿਆਲ ਸੀ ਕਿ ਸਿਹਤ ਸੰਭਾਲ ਵਿੱਚ ਨਿੱਗਰ ਬਦਲਾਅ ਢਾਂਚਾਗਤ ਸੁਧਾਰਾਂ ਬਿਨਾਂ ਸੰਭਵ ਨਹੀਂ ਅਤੇ ਇਸ ਕਰਕੇ ਉਹ ਸਰਗਰਮ ਰਾਜਨੀਤੀ ਵਿੱਚ ਦਾਖ਼ਲ ਹੋਇਆ। ਸਾਲ 1861 ਵਿੱਚ ਉਸ ਨੇ ਜਰਮਨ ਪ੍ਰੋਗਰੈਸਿਵ ਪਾਰਟੀ ਦਾ ਗਠਨ ਕੀਤਾ ਅਤੇ ਪਰੂਸੀਅਨ ਵਿਧਾਨ ਪਾਲਿਕਾ ਲਈ ਚੁਣਿਆ ਗਿਆ, ਜਿੱਥੇ ਉਸ ਨੇ ਓਟੋ ਬਾਨ ਬਿਸਮਾਰਕ ਦੀਆਂ ਏਕਾਅਧਿਕਾਰਵਾਦੀ ਅਤੇ ਫ਼ੌਜੀ ਨੀਤੀਆਂ ਦੀ ਆਲੋਚਨਾ ਕੀਤੀ। ਵਿਰਚੋ ਲਗਾਤਾਰ ਇਸ ਗੱਲ ਲਈ ਲੜਦਾ ਰਿਹਾ ਕਿ ਸਰਕਾਰੀ ਫੰਡ ਮਿਲਟਰੀ ਮੁਹਿੰਮਾਂ ਦੀ ਬਜਾਏ ਸੈਨੀਟੇਸ਼ਨ, ਮਕਾਨ-ਉਸਾਰੀ, ਸਿੱਖਿਆ ਅਤੇ ਜਨਤਕ ਸਿਹਤ ਦੇ ਢਾਂਚੇ ਦੀ ਉਸਾਰੀ ਲਈ ਵਰਤਣੇ ਚਾਹੀਦੇ ਹਨ । ਉਸ ਲਈ ਇਹ ਕੋਈ ਸਮਾਜ ਭਲਾਈ ਦੇ ਕਾਰਜ ਨਹੀਂ ਸਨ, ਬਲਕਿ ਜ਼ਰੂਰੀ ਮੈਡੀਕਲ ਸੇਵਾਵਾਂ ਦਾ ਹੀ ਵਿਸਥਾਰ ਸਨ।

ਰੁਡਲਿਫ ਵਿਰਚੋ 1880 ਤੋਂ 1893 ਤੱਕ ਜਰਮਨੀ ਦੀ ਸੰਸਦ ਦਾ ਮੈਂਬਰ ਰਿਹਾ, ਜਿੱਥੇ ਉਹ ਲਗਾਤਾਰ ਆਪਣੇ ਉਪਰੋਕਤ ਵਿਚਾਰਾਂ ਲਈ ਸੰਘਰਸ਼ ਕਰਦਾ ਰਿਹਾ । ਆਪਣੀ ਵਿਧਾਨ ਪਾਲਿਕਾ ਮੈਂਬਰੀ ਨੂੰ ਉਸ ਨੇ ਮਹਾਂਮਾਰੀ ਵਿਗਿਆਨ ਦੀਆਂ (Epidemiology Observations) ਲੱਭਤਾਂ ਨੂੰ ਨੀਤੀਗਤ ਮੋੜਾ ਦੇਣ ਲਈ ਕਾਮਯਾਬ ਰਿਹਾ ਅਤੇ ਲਗਾਤਾਰ ਇਸ ਗੱਲ ’ਤੇ ਜ਼ੋਰ ਦਿੰਦਾ ਰਿਹਾ ਕਿ ਫਿਜ਼ੀਸ਼ੀਅਨਾਂ ਨੂੰ ਉਹਨਾਂ ਸਾਮਾਜਕ ਅਲਾਮਤਾਂ ਦੇ ਖਿਲਾਫ਼ ਖੜ੍ਹਨਾ ਚਾਹੀਦਾ ਹੈ, ਜਿਹੜੀਆਂ ਰੋਗਾਂ ਨੂੰ ਜਨਮ ਦਿੰਦੀਆਂ ਹਨ।

ਵਿਰਚੋ ਦੀ ਵਿਰਾਸਤ ਕੋਈ ਇਕਲੌਤੀ ਉਦਾਹਰਣ ਨਹੀਂ । ਸਾਲ 1985 ਵਿੱਚ ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫਾਰ ਦ ਪ੍ਰੀਵੈਨਸ਼ਨ ਆਫ਼ ਨਿਊਕਲੀਅਰ ਵਾਰ ਨਾਂਅ ਦੀ ਸੰਸਥਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ, ਜਿਸ ਨੇ ਆਪਣੀ ਵਿਗਿਆਨਕ ਸੋਚ ਅਤੇ ਇਖ਼ਲਾਕੀ ਤਾਕਤ ਨਾਲ ਪ੍ਰਮਾਣੂ ਪ੍ਰਸਾਰ ਦੇ ਸਿਹਤ ਅਤੇ ਮਨੁੱਖਤਾ ਲਈ ਖਤਰਿਆਂ ਬਾਰੇ ਇੱਕ ਮੁਹਿੰਮ ਚਲਾਈ ਹੋਈ ਸੀ। ਇਸ ਸੰਸਥਾ ਦੇ ਕਾਰਜ ਨੇ ਦਰਸਾਇਆ ਕਿ ਕਿਵੇਂ ਮੈਡੀਕਲ ਗਿਆਨ ਕੌਮਾਂਤਰੀ ਸਿਆਸੀ ਹਿੰਸਾ ਦੇ ਖਿਲਾਫ਼ ਇੱਕ ਆਵਾਜ਼ ਬਣ ਸਕਦਾ ਹੈ ਅਤੇ ਸੁਰੱਖਿਆ ਬਹਿਸਾਂ ਨੂੰ ਮਨੁੱਖਤਾ ਦੀ ਹੋਂਦ ਅਤੇ ਸਿਹਤ ਸਰੋਕਾਰਾਂ ਦੇ ਇਰਦ-ਗਿਰਦ ਲਿਆ ਸਕਦਾ ਹੈ।ਇਸੇ ਤਰ੍ਹਾਂ ਡਾਕਟਰਾਂ ਦੀ ਦਮਨਕਾਰੀ ਸ਼ਾਸਨ ਵਿਰੁੱਧ ਸੰਘਰਸ਼ ਦੀ ਸ਼ਾਨਦਾਰ ਪ੍ਰੰਪਰਾ ਰਹੀ ਹੈ। ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਦੀ ਨੀਤੀ ਦੇ ਚਲਦਿਆਂ ਉੱਥੋਂ ਦੇ ਡਾਕਟਰਾਂ ਨੇ ਜਥੇਬੰਦ ਹੋ ਕੇ ਸਿਹਤ ਸੇਵਾਵਾਂ ਵਿੱਚ ਨਸਲੀ ਵਿਤਕਰੇ, ਦਸਤਾਵੇਜ਼ਾਂ ਨਾਲ ਛੇੜਛਾੜ ਅਤੇ ਹਿੰਸਕ ਰੰਗਭੇਦੀ ਪ੍ਰਸ਼ਾਸਨ ਨਾਲ ਮੈਡੀਕਲ ਮੈਨੇਜਮੈਂਟ ਦੀ ਮਿਲੀਭੁਗਤ ਨੂੰ ਜੱਗ-ਜ਼ਾਹਰ ਕੀਤਾ। ਡਾਕਟਰਾਂ ਦੇ ਵੱਡੇ ਹਿੱਸੇ ਨੇ ਰੰਗਭੇਦੀ ਨੀਤੀਆਂ ਦਾ ਵਿਰੋਧ ਕੀਤਾ ਅਤੇ ਮੈਡੀਕਲ ਇਖਲਾਕ ਦਾ ਝੰਡਾ ਬੁਲੰਦ ਰੱਖਿਆ।

ਹਿੰਦੁਸਤਾਨ ਵਿੱਚ ਵੀ ਬਤੌਰ ਸਮਾਜ ਸੁਧਾਰਕ ਡਾਕਟਰਾਂ ਦੀ ਆਪਣੀ ਇੱਕ ਰਵਾਇਤ ਰਹੀ ਹੈ । ਡਾ. ਮਧੂ ਲਕਸ਼ਮੀ ਰੈਡੀ ਦੀ ਉਦਾਹਰਣ ਸਾਡੇ ਸਾਹਮਣੇ ਹੈ, ਜਿਸ ਨੇ ਸਾਮਾਜਕ ਅਨਿਆਂ ਦੇ ਖਿਲਾਫ਼ ਆਪਣੀ ਮੈਡੀਕਲ ਯੋਗਤਾ ਨੂੰ ਵਰਤਿਆ। ਭਾਰਤ ਦੀ ਪਹਿਲੀ ਮਹਿਲਾ ਡਾਕਟਰ ਅਤੇ ਵਿਧਾਨਕਾਰ ਹੋਣ ਦੇ ਬਾਵਜੂਦ ਉਸ ਨੇ ਬਾਲ ਵਿਆਹ ਤੇ ਦੇਵਦਾਸੀ ਪ੍ਰਥਾ ਦੇ ਵਿਰੁੱਧ ਅਤੇ ਸਿੱਖਿਆ ਅਤੇ ਰਾਜਨੀਤਕ ਖੇਤਰ ਵਿੱਚ ਔਰਤਾਂ ਦੀ ਹਿੱਸੇਦਾਰੀ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ।

ਕੁੱਲ ਆਲਮ ਦੀ ਤਵਾਰੀਖ਼ ਵਿੱਚ ਅਨੇਕਾਂ ਵਾਰ ਡਾਕਟਰ ਜਨਤਕ ਖੇਤਰ ਵਿੱਚ ਦਾਖ਼ਲ ਹੋਏ ਅਤੇ ਬੇਇਨਸਾਫੀਆਂ, ਏਕਾਅਧਿਕਾਰ ਅਤੇ ਢਾਂਚਾਗਤ ਹਿੰਸਾ ਦੇ ਖਿਲਾਫ਼ ਜੂਝਣ ਦੀ ਰੁਡਲਿਫ ਵਿਰਚੋ ਦੀ ਉਸ ਵਿਰਾਸਤ ਦਾ ਝੰਡਾ ਬੁਲੰਦ ਰੱਖਿਆ, ਜਿਸ ਅਨੁਸਾਰ ਡਾਕਟਰੀ ਵਿਗਿਆਨ ਨੂੰ ਸਾਮਾਜਕ ਤਬਦੀਲੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

**ਸਿਆਸੀ ਜਵਾਬਦੇਹੀ**: ਹੁਣ ਸਮਾਂ ਹੈ ਕਿ ਭਾਰਤ ਵਿੱਚ ਵੀ ਸਵਾਲ ਕਰਨੇ ਸ਼ੁਰੂ ਕਰਨ ਕਿ ਉਹਨਾਂ ਦੀਆਂ ਓਪੀਡੀਜ਼ ਵਿੱਚ ਰੋਗ ਦੇ ਲਾਇਲਾਜ ਹੋਣ ਦੀ ਸਟੇਜ ’ਤੇ ਪਹੁੰਚ ਕੇ ਮਰੀਜ਼ਾਂ ਦੀ ਭੀੜ ਕਿਉਂ ਆਉਂਦੀ ਹੈ? ਜਿਹੜੀ ਦਵਾਈ ਉਹ ਮਰੀਜ਼ ਨੂੰ ਲਿਖਦੇ ਹਨ, ਉਹ ਉਹਨਾਂ ਦੀ ਖਰੀਦ ਪਹੁੰਚ ਤੋਂ ਬਾਹਰ ਕਿਉਂ ਹੁੰਦੀ ਹੈ? ਇਸ ਤੋਂ ਵੱਧ ਜਿਹੜੇ ਇਲਾਜ ਮਰੀਜ਼ ਕਰਵਾ ਸਕਦੇ ਹਨ, ਉਹਨਾਂ ਦੀਆਂ ਦਵਾਈਆਂ ਬੇਅਸਰ ਕਿਉਂ ਹੁੰਦੀਆਂ ਹਨ?

ਕੈਂਸਰ ਮਾਹਰਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਕਿਉਂ ਤੰਬਾਕੂ ਅਤੇ ਅਲਕੋਹਲ ਦੀਆਂ ਮਸ਼ਹੂਰੀਆਂ ਬਿਨਾਂ ਰੋਕ-ਟੋਕ ਦੇ ਚਲਦੀਆਂ ਹਨ। ਧੂੰਆਂ ਰਹਿਤ ਤੰਬਾਕੂ ਤਾਂ ਸਸਤਾ ਹੋ ਗਿਆ ਹੈ, ਪਰ ਭਾਰਤ ਦੇ ਮਰੀਜ਼ ਕੈਂਸਰ ਦੀਆਂ ਨਵੀਆਂ ਅਤੇ ਜਾਨ-ਬਚਾਊ ਦਵਾਈਆਂ ਖਰੀਦਣ ਦੀ ਸਮਰੱਥਾ ਨਹੀਂ ਰੱਖਦੇ? ਆਰਥੋ ਅਤੇ ਨਿਊਰੋ ਸਰਜਨ ਲਾਜ਼ਮੀ ਪੁੱਛਣ ਕਿ ਭਾਰਤ ’ਚ ਟ੍ਰੈਫਿਕ ਹਾਦਸਿਆਂ ਦੀ ਗਿਣਤੀ ਕਿਉਂ ਵਧ ਰਹੀ ਹੈ? ਗੁਰਦਿਆਂ ਦੇ ਮਾਹਰਾਂ ਦਾ ਸਵਾਲ ਬਣਦਾ ਹੈ ਕਿ ਕਿਉਂ ਡਾਇਲਸਿਸ ਦੀ ਜ਼ਰੂਰਤ ਦਿਨ-ਬ-ਦਿਨ ਵਧ ਰਹੀ ਹੈ ਅਤੇ ਮਰੀਜ਼ਾਂ ਨੂੰ ਡਾਇਲਸਿਸ ਦੀ ਸਹੂਲਤ ਨਦਾਰਦ ਕਿਉਂ ਹੈ?

ਉਪਰੋਕਤ ਸਵਾਲਾਂ ਤੋਂ ਇੱਕ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਹ ਜਾਂ ਤਾਂ ਨੀਤੀਗਤ ਅਸਫ਼ਲਤਾ ਹੈ ਜਾਂ ਫ਼ਿਰ ਨੀਤੀਆਂ ਸਿਰਫ਼ ਕਾਗ਼ਜ਼ਾਂ ਦਾ ਹੀ ਸ਼ਿੰਗਾਰ ਬਣਦੀਆਂ ਹਨ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਕੋਈ ਸੰਜੀਦਾ ਸਿਆਸੀ ਇੱਛਾ ਸ਼ਕਤੀ ਹੀ ਨਹੀਂ ਹੈ। ਸਮੇਂ ਦੀ ਸਿਆਸਤ ਤਾਂ ਸਾਨੂੰ ਉਹਨਾਂ ਅਨੇਕਾਂ ਉਦਯੋਗਾਂ ਤੱਕ ਲੈ ਜਾਂਦੀ ਹੈ, ਜਿੱਥੇ ਸਿਹਤ ਸਮੇਤ ਲੋਕ ਸਰੋਕਾਰਾਂ ਦੀ ਬਜਾਏ ਮੁਨਾਫ਼ੇਖੋਰ ਸਿਸਟਮ ਦੀ ਪੁੱਗਦੀ ਹੈ, ਜਿਸ ਨੂੰ ਸਰਕਾਰੀ ਰੱਖਿਆ ਛੱਤਰੀ ਵੀ ਹਾਸਲ ਹੁੰਦੀ ਹੈ।

ਭਾਰਤ ਦਾ ਸਿਹਤ ਢਾਂਚਾ ਤਾਂ ਇੱਕ ਟੋਕਰੀ ਦੀ ਤਰ੍ਹਾਂ ਹੈ, ਜਿਸ ਵਿੱਚ ਖ਼ਲਕਤ ਦੇ ਦੁੱਖਾਂ ਨੂੰ ਸੰਭਾਲਿਆ ਜਾਂਦਾ ਹੈ, ਦੁੱਖਾਂ ਦੀ ਗੰਦਗੀ ਨੂੰ ਟੋਕਰੀ ਤੋਂ ਬਾਹਰ ਡੁੱਲ੍ਹਣ ਦੀ ਮਨਾਹੀ ਹੈ, ਤਾਂ ਜੋ ਫਰਸ਼ ਗੰਦਾ ਨਾ ਹੋ ਜਾਵੇ। ਹੁਣ ਇਹ ਟੋਕਰੀ ਵੀ ਭਰ ਚੁੱਕੀ ਹੈ, ਪਰ ਸਾਡੀ ਕੋਸ਼ਿਸ਼ ਤਾਂ ਵਧੀਆ ਤੋਂ ਵਧੀਆ ਪੋਚਾ ਲਾ ਕੇ ਪੈਣ ਵਾਲੇ ਧੱਬਿਆਂ ਨੂੰ ਧੋਣ ਤੱਕ ਸੀਮਤ ਹੈ ।

ਹੁਣ ਡਾਕਟਰਾਂ ਦੀ ਉਹਨਾਂ ਪ੍ਰਤੀ ਇੱਕ ਇਖ਼ਲਾਕੀ ਜ਼ਿੰਮੇਵਾਰੀ ਬਣਦੀ ਹੈ, ਜਿਹਨਾਂ ਉਹਨਾਂ ਦੀ ਡਾਕਟਰੀ ਪੜ੍ਹਾਈ ਦੇ ਦਿਨਾਂ ਵਿੱਚ ਆਪਣੀਆਂ ਦੇਹਾਂ ਡਾਕਟਰਾਂ ਦੇ ਸਪੁਰਦ ਕੀਤੀਆਂ, ਤਾਂ ਜੋ ਉਹ ਮੈਡੀਕਲ ਸਿੱਖਿਆ ਗ੍ਰਹਿਣ ਕਰ ਸਕਣ । ਸਮਾਜਕ ਤਬਦੀਲੀ ਲਈ ਇਹਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਚੁੱਪ ਰਹਿਣਾ, ਨਿਰਪੱਖਤਾ ਨਹੀਂ ਹੁੰਦੀ, ਬਲਕਿ ਉਸ ਸਮੇਂ ਸੋਚ ਸਮਝ ਕੇ ਧਾਰਨ ਕੀਤੀ ਡਰੂ ਪਹੁੰਚ ਹੁੰਦੀ ਹੈ, ਜਦੋਂ ਸਮਾਜ ਸਾਥੋਂ ਅਗਵਾਈ ਦੀ ਮੰਗ ਕਰਦਾ ਹੈ।ਹਿੰਦੁਸਤਾਨ ਵਰਗੇ ਦੇਸ਼ ਜਿੱਥੇ ਅਸਾਵਾਂਪਣ ਸਿਖਰ ’ਤੇ ਹੈ, ਉੱਥੇ ਸਮਾਜ ਦਾ ਇੱਕ ਹਿੱਸਾ ਹੈ, ਜਿਸ ਦੀ ਆਵਾਜ਼ ਹੀ ਨਹੀਂ ਸੁਣੀ ਜਾ ਰਹੀ ।ਇਨ੍ਹਾਂ ਅਣਸੁਣੀਆਂ ਆਵਾਜ਼ਾਂ ਦੀ ਪ੍ਰਤੀਨਿਧਤਾ ਕਰਕੇ ਸਮਾਜ ਦੀਆਂ ਜੀਵੰਤ ਸਚਾਈਆਂ ਨੂੰ ਜਨਤਕ ਤੌਰ ’ਤੇ ਉਭਾਰਨਾ ਮੈਡੀਕਲ ਕਿੱਤੇ ਦੀ ਪੇਸ਼ੇਵਰ ਜ਼ਿੰਮੇਵਾਰੀ ਵੀ ਹੈ, ਇਖ਼ਲਾਕੀ ਧਰਮ ਵੀ। ਡਾਕਟਰਾਂ ਨੇ ਬਿਮਾਰੀ ਦਾ ਇਲਾਜ ਹੀ ਨਹੀਂ ਕਰਨਾ ਹੁੰਦਾ, ਬਲਕਿ ਇਹਨਾਂ ਬਿਮਾਰੀਆਂ ਨੂੰ ਪੈਦਾ ਕਰਨ ਵਾਲੇ ਸਿਸਟਮ ’ਤੇ ਵੀ ਚੋਟ ਮਾਰਨੀ ਹੁੰਦੀ ਹੈ ।

**# ਸੰਪਰਕ : 98728-44163**
**(ਦ ਹਿੰਦੂ ਵਿੱਚੋਂ ਧੰਨਵਾਦ ਸਹਿਤ)**

# ਪਤੰਗਬਾਜ਼ੀ ਨਾਲ ਦੁਖਦਾਈ ਖਬਰਾਂ ਦਾ ਬੋਲਬਾਲਾ ਕਿਵੇਂ ਰੁਕੇਗਾ

ਮੇਜਰ ਸਿੰਘ ਨਾਭਾ

ਨਵੇਂ ਸਾਲ ਦੇ ਚੜ੍ਹਦਿਆਂ ਹੀ ਪਤੰਗਾਂ ਅਤੇ ਚਾਈਨਾ ਡੋਰ ਨਾਲ ਦਰਦਨਾਇਕ ਘਟਨਾਵਾਂ ਵਾਪਰ ਰਹੀਆਂ ਹਨ । ਲੋਹੜੀ ਤੋਂ ਇੱਕ ਦਿਨ ਪਹਿਲਾਂ ਸੁਨਾਮ ਨੇੜੇ ਤੁੰਗਾਂ ਪਿੰਡ ’ਚ ਪਰਵਾਰ ਦੇ 12 ਸਾਲ ਦੇ ਇਕਲੌਤੇ ਬੇਟੇ ਹਰਜੋਤ ਸਿੰਘ ਦੀ ਛੱਤ ’ਤੇ ਪਤੰਗ ਉਡਾਉਂਦੇ ਦੀ ਅਚਾਨਕ ਹੇਠਾਂ ਡਿੱਗ ਕਾਰਨ ਦੁਖਦਾਇਕ ਮੌਤ ਹੋ ਗਈ । ਪਤੰਗ ਉਡਾਉਂਦੇ ਸਮੇਂ ਮਕਾਨਾਂ ਦੀਆਂ ਛੱਤਾਂ ’ਤੋਂ ਡਿੱਗ ਕੇ ਮੌਤਾਂ ਹੋਣ ਦੀਆਂ ਘਟਨਾਵਾਂ ਕਈ ਵਾਰ ਹੁੰਦੀਆਂ ਰਹਿੰਦੀਆਂ ਹਨ ।

ਪਟਿਆਲਾ ਵਿੱਚ ਪਿਛਲੇ ਚੜ੍ਹਦੇ ਸਾਲ ਵੀ ਇੱਕ ਬੱਚਾ ਛੱਤ ਉੱਪਰ ਪਤੰਗ ਉਡਾਉਂਦਾ ਛੱਤ ਤੋਂ ਡਿੱਗ ਕੇ ਸਾਹਾਂ ਦੀ ਡੋਰ ਪੂਰੀ ਕਰ ਗਿਆ ਸੀ । ਹੁਣ ਗੱਲ ਗੰਭੀਰਤਾ ਨਾਲ ਸੋਚਣ ਦੀ ਆਉਂਦੀ ਹੈ ਕਿ ਸਾਡਾ ਸਮਾਜ ਇਹੋ ਜਿਹੇ ਕੰਮਾਂ ਨੂੰ ਉਤਸ਼ਾਹਿਤ ਕਿਉਂ ਕਰਦਾ ਹੈ, ਜਿਨ੍ਹਾਂ ਨਾਲ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ । ਇਹੋ ਜਿਹੇ ਦੁੱਖ ਮਾਪੇ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ, ਪਰ ਸਾਰੇ ਮਾਪੇ ਇਹੋ ਜਿਹੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਦੇ । ਇਹ ਹਾਦਸੇ ਕਿਸੇ ਵੀ ਬੱਚੇ ਨਾਲ ਵਾਪਰ ਸਕਦੇ ਹਨ ਇਹ ਮਨ ’ਚ ਜਰੂਰ ਮਾਪਿਆਂ ਨੂੰ ਧਾਰ ਲੈਣਾ ਚਾਹੀਦਾ ਹੈ । ਬੱਚੇ ਬਸੰਤ ਪੰਚਮੀ ਤੋਂ ਪਹਿਲਾਂ ਹੀ ਪਤੰਗ ਉਡਾਉਣ ਲੱਗ ਜਾਂਦੇ ਹਨ । ਐਨੀ ਜ਼ਿਆਦਾ ਠੰਢ ਦੀ ਪ੍ਰਵਾਹ ਨਹੀਂ ਕਰਦੇ, ਜਿਸ ਨਾਲ ਠੰਢ ਲਗਾ ਬਹਿੰਦੇ ਹਨ । ਬਸੰਤ ਪੰਚਮੀ ਵਾਲੇ ਦਿਨ ਤਾਂ ਹਰੇਕ ਬੱਚੇ ਦੀ ਪਤੰਗ ਉਡਾਉਣ ਦੀ ਖਾਹਿਸ਼ ਹੁੰਦੀ ਹੈ, ਜੋ ਕਿ ਛੋਟੇ ਬੱਚਿਆਂ ਲਈ ਉਨ੍ਹਾਂ ਦੀ ਖੁਸ਼ੀ ਲਈ ਮਾਪੇ ਆਪ ਬਾਜ਼ਾਰੋਂ ਬੱਚਿਆਂ ਨੂੰ ਨਾਲ ਲਿਜਾ ਕੇ ਉਨ੍ਹਾਂ ਦੀ ਪਸੰਦ ਦੇ ਪਤੰਗ ਖਰੀਦ ਕੇ ਲਿਅਉਂਦੇ ਆਮ ਹੀ ਦੇਖੇ ਜਾ ਸਕਦੇ ਹਨ, ਪਰ ਛੋਟੇ ਬੱਚਿਆਂ ਦੀ ਪਤੰਗ ਉਡਾਉਣ ਸਮੇਂ ਮਾਪਿਆਂ ਦੀ ਨਿਗਰਾਨੀ ਬਹੁਤ ਜ਼ਰੂਰੀ ਹੈ ।

ਪਤੰਗ ਉਡਾਉਂਦੇ ਸਮੇਂ ਰੋਜ਼ਾਨਾ ਅਨੇਕਾਂ ਵਾਪਰ ਰਹੀਆਂ ਖਤਰਨਾਕ ਘਟਨਾਵਾਂ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਹੁੰਦੀਆਂ ਹਨ । ਰਾਹਗੀਰਾਂ ਦੀਆਂ ਗਰਦਨਾਂ, ਮੂੰਹ ਆਦਿ ’ਚ ਖਤਰਨਾਕ ਚਾਇਨਾ ਡੋਰ ਨਾਲ ਜ਼ਖਮੀ ਹੋਇਆਂ ਦੇ ਕਈ-ਕਈ ਟਾਂਕੇ ਲੱਗਣ ਦੀਆਂ ਖਬਰਾਂ ਮਿਲਦੀਆਂ ਰਹੀਆਂ ਹਨ । ਪਿਛਲੇ ਦਿਨੀਂ ਨਾਭਾ ਦੇ ਵਸਨੀਕ ਦੀ ਚਾਈਨਾ ਡੋਰ ਨਾਲ ਗਰਦਨ ’ਤੇ ਕੱਟ ਲੱਗ ਕਾਰਨ ਟਾਂਕੇ ਲੱਗੇ ਹਨ । ਇਸ ਸੰਬੰਧੀ ਨਾਭਾ ਹਲਕੇ ਦੇ ਵਿਧਾਇਕ ਗੁਰਦੇਵ ਮਾਨ ਨੇ ਪੰਜਾਬ ਵਿੱਚ ਨਿਵੇਕਲੀ ਪਹਿਲ ਕਰਦੇ ਹੋਏ ਚਾਈਨਾ ਡੋਰ ਵੇਚਣ ਵਾਲੇ ਦੀ ਸੂਚਨਾ ਦੇਣ ਵਾਲੇ ਨੂੰ ਆਪਣੇ ਵੱਲੋਂ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ । ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਲਈ ਲੋਕਾਂ ਨੂੰ ਵੀ



ਸਹਿਯੋਗ ਦੇਣਾ ਚਾਹੀਦਾ ਹੈ । ਜਿਸ ਤਰ੍ਹਾਂ ਅੱਜ ਚਾਈਨਾ ਡੋਰ ਨਾਲ ਪਤੰਗ ਉਡਾਇਆ ਜਾਂਦਾ ਹੈ , ਇਸ ਤਰ੍ਹਾਂ ਕਈ ਤਰ੍ਹਾਂ ਦੇ ਮਾੜੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਇਸ ਡੋਰ ਨਾਲ ਪੰਛੀਆਂ ਅਤੇ ਮਨੁੱਖਾਂ ਦੀ ਜਾਨ ਨੂੰ ਖਤਰੇ ’ਚ ਪਾਉਣ ਵਾਲੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਹ ਡੋਰ ਪ੍ਰਦੂਸ਼ਣ ਫੈਲਾਉਣ ਦਾ ਕਾਰਨ ਵੀ ਬਣਦੀ ਹੈ। ਇਸੇ ਕਾਰਨ ਪ੍ਰਸ਼ਾਸਨ ਨੇ ਚਾਈਨਾ ਡੋਰ ਰੱਖਣ, ਵੇਚਣ, ਸਟੋਰ ਕਰਨ ’ਤੇ ਪਾਬੰਦੀ ਤਾਂ ਜ਼ਰੂਰ ਲਾਈ ਹੋਈ ਹੈ , ਕਿਤੇ-ਕਿਤੇ ਮਾੜੀ ਮੋਟੀ ਪਾਬੰਦੀਸ਼ੁਦਾ ਡੋਰ ਨੂੰ ਫੜਨ ਦੀ ਕਾਰਵਾਈ ਭਾਵੇਂ ਦਿਖਾਵੇ ਲਈ ਕਰ ਵੀ ਲਈ ਜਾਂਦੀ ਹੈ, ਪੂਰਨ ਪਾਬੰਦੀ ਕਿਉਂ ਨਹੀਂ ਲੱਗ ਰਹੀ, ਇਸ ਪਿੱਛੇ ਕੀ ਕਾਰਨ ਹੈ,ਇਹ ਤਾਂ ਪ੍ਰਸ਼ਾਸਨ ਹੀ ਦੱਸ ਸਕਦਾ ਹੈ, ਪਰ ਇਹ ਜਾਨਲੇਵਾ ਡੋਰ ਸ਼ਰੇਆਮ ਦੁਕਾਨਾਂ ਤੋਂ ਮਿਲ ਰਹੀ ਹੈ ਅਤੇ ਪਤੰਗ ਉਡਾ ਰਹੇ ਬੱਚਿਆਂ ਦੇ ਹੱਥਾਂ ਵਿੱਚ ਦੇਖੀ ਜਾ ਸਕਦੀ ਹੈ । ਬਸੰਤ ਪੰਚਮੀ ਵਾਲੇ ਦਿਨ ਸ਼ਹਿਰਾਂ ਅੰਦਰ ਰੰਗ-ਬਰੰਗੇ ਪਤੰਗਾਂ ਦੀਆਂ ਧਾੜਾਂ ਆਮ ਵੇਖਣ ਨੂੰ ਮਿਲਦੀਆਂ ਹਨ ਕਿੰਨੇ ਪਤੰਗ ਕੱਟੇ ਜਾਂਦੇ ਹਨ, ਜਿਨ੍ਹਾਂ ਦੀਆਂ ਡੋਰਾਂ ਹੇਠਾਂ ਆਉਂਦੀਆਂ ਬਿਜਲੀ ਦੀਆਂ ਤਾਰਾਂ, ਦਰੱਖਤਾਂ ਆਦਿ ’ਚ ਫਸ ਕੇ ਲਟਕ ਜਾਂਦੀਆਂ ਹਨ, ਜੋ ਕਿ ਦੁਰਘਟਨਾਵਾਂ ਦਾ ਕਾਰਣ ਬਣਦੀਆਂ ਹਨ। ਗਲੀਆਂ , ਸੜਕਾਂ, ਆਦਿ ਤੋਂ ਪੈਦਲ ਚੱਲਣ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ, ਪਤਾ ਨਹੀਂ ਕਿਸ ਵੇਲੇ ਕੋਈ ਡੋਰ ਪੈਰਾਂ ’ਚ ਉਲਝ ਕੇ ਤੁਹਾਨੂੰ ਮੂਧੇ ਮੂੰਹ ਡੇਗ ਦੇਵੇ ।

ਬਸੰਤ ਪੰਚਮੀ ਨੂੰ ਤਿਉਹਾਰ ਵਾਲੇ ਦਿਨ ਜਦ ਬੱਚੇ ਖੁਸ਼ੀਆਂ ਮਨਾ ਰਹੇ ਹੁੰਦੇ ਹਨ, ਪਤਾ ਨਹੀਂ ਕਿੰਨੇ ਜਾਨਵਰ, ਪੰਛੀ ਆਦਿ ਇਨ੍ਹਾਂ ਡੋਰਾਂ ’ਚ ਉਲਝ ਕੇ ਜ਼ਖ਼ਮੀ ਹੋ ਕੇ ਤੜਫੇ ਜਾਂ ਮਰੇ ਹੋਣਗੇ । ਸੋ ਮਾਪਿਆਂ ਨੂੰ ਛੋਟੇ ਬੱਚਿਆਂ ਦੇ ਮਨਾਂ ਵਿੱਚ ਇਹੋ ਜਿਹੀਆਂ ਖਤਰਨਾਕ ਖੇਡਾਂ ਪ੍ਰਤੀ ਨਫਰਤ ਭਰਨੀ ਚਾਹੀਦੀ ਹੈ, ਤਾਂ ਕਿ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਸਕੂਲੀ ਸਿਲੇਬਸ਼ ਵਿੱਚ ਵੀ ਇਸ ਸੰਬੰਧੀ ਛੋਟੇ ਬੱਚਿਆਂ ਨੂੰ ਜਾਗਰੂਕ ਕਰਨ ਲਈ ਕਵਿਤਾਵਾਂ, ਕਹਾਣੀਆਂ, ਆਦਿ ਨੂੰ ਸ਼ਾਮਲ ਕਰ ਕੇ ਸ਼ੁਰੂ ਤੋਂ ਹੀ ਉਨ੍ਹਾਂ ਦੇ ਮਨਾਂ ਵਿੱਚ ਚਾਈਨਾ ਡੋਰ ਦੇ ਬੁਰੇ ਪ੍ਰਭਾਵਾਂ ਤੋਂ ਸੁਚੇਤ ਕਰਨਾ ਚਾਹੀਦਾ ਹੈ ।

**# ਸੰਪਰਕ : 94635-53962**

# ਬਣਾਵਟੀ ਬੁੱਧੀ ਅਤੇ ਪੰਜਾਬੀ ਸੱਭਿਆਚਾਰ



ਡਾ. ਸੰਦੀਪ ਘੰਡ

ਇੱਕ ਸਮਾਂ ਸੀ ਜਦੋਂ ਮਸ਼ੀਨਾਂ ਮਨੁੱਖ ਦੀ ਮਿਹਨਤ ਦਾ ਸਹਾਰਾ ਹੁੰਦੀਆਂ ਸਨ। ਅੱਜ ਮਸ਼ੀਨ ਮਨੁੱਖ ਦੀ ਸੋਚ ਨੂੰ ਵੀ ਚੁਣੌਤੀ ਦੇ ਰਹੀ ਹੈ। ਕ੍ਰਿਤ੍ਰਿਮ ਬੁੱਧੀ ਸਿਰਫ਼ ਕੰਪਿਊਟਰ ਵਿਗਆਨ ਜਾਂ ਉਦਯੋਗਕ ਤਰੱਕੀ ਤੱਕ ਸੀਮਿਤ ਨਹੀਂ ਰਹੀ, ਸਗੋਂ ਇਹ ਭਾਸ਼ਾਵਾਂ, ਸੱਭਿਆਚਾਰ, ਸਾਹਿਤ ਅਤੇ ਸਮਾਜਕ ਰਿਸ਼ਤਿਆਂ ਤੱਕ ਆਪਣਾ ਪ੍ਰਭਾਵ ਛੱਡ ਰਹੀ ਹੈ। ਪੰਜਾਬੀ ਸੱਭਿਆਚਾਰ, ਜੋ ਹਜ਼ਾਰਾਂ ਸਾਲਾਂ ਦੀ ਲੋਕਧਾਰਾ, ਮੌਖਿਕ ਪਰੰਪਰਾ ਅਤੇ ਜੀਵੰਤ ਅਨੁਭਵਾਂ ਨਾਲ ਬਣਿਆ ਹੈ, ਅੱਜ ਏ ਆਈ ਮਨੁੱਖ ਦੇ ਸਾਹਮਣੇ ਇੱਕ ਨਵਾਂ ਤਜਰਬਾ ਵੀ ਹੈ ਅਤੇ ਗੰਭੀਰ ਸੰਕਟ ਵੀ।

**ਬਣਾਵਟੀ ਬੁੱਧੀ: ਅਰਥ ਅਤੇ ਪਸਾਰ**

ਬਣਾਵਟੀ ਬੁੱਧੀ ਦਾ ਅਰਥ ਹੈ—ਮਸ਼ੀਨਾਂ ਨੂੰ ਮਨੁੱਖੀ ਬੁੱਧੀ ਵਰਗੀਆਂ ਸਮਰਥਾਵਾਂ ਦੇਣਾ, ਜਿਵੇਂ ਸਿੱਖਣਾ, ਵਿਸ਼ਲੇਸ਼ਣ ਕਰਨਾ, ਫੈਸਲੇ ਲੈਣਾ ਅਤੇ ਭਾਸ਼ਾ ਸਮਝਣਾ । ਅੱਜ ਏ ਆਈ ਭਾਸ਼ਾ ਦਾ ਅਨੁਵਾਦ ਕਰਦੀ ਹੈ, ਕਵਿਤਾ ਲਿਖਦੀ ਹੈ, ਤਸਵੀਰਾਂ ਬਣਾਉਂਦੀ ਹੈ ਅਤੇ ਆਵਾਜ਼ਾਂ ਨੂੰ ਲਿਖਤ ਵਿੱਚ ਬਦਲਦੀ ਹੈ।

ਇਸ ਤਕਨੀਕੀ ਵਿਕਾਸ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਇਆ ਹੈ, ਪਰ ਨਾਲ ਹੀ ਇੱਕ ਗੰਭੀਰ ਸੱਭਿਆਚਾਰਕ ਚਿੰਤਾ ਵੀ ਜਨਮ ਲਿਆਈ ਹੈ—ਕੀ ਮਨੁੱਖੀ ਅਨੁਭਵ, ਭਾਵਨਾ ਅਤੇ ਸੰਵੇਦਨਾ ਨੂੰ ਮਸ਼ੀਨ ਬਰਕਰਾਰ ਰੱਖ ਸਕਦੀ ਹੈ?

**ਪੰਜਾਬੀ ਭਾਸ਼ਾ ਅਤੇ ਡਿਜੀਟਲ ਯੁੱਗ**

ਪੰਜਾਬੀ ਭਾਸ਼ਾ ਮੁੱਖ ਤੌਰ ’ਤੇ ਮੌਖਿਕ ਪਰੰਪਰਾ ’ਤੇ ਆਧਾਰਤ ਰਹੀ ਹੈ। ਲੋਕ ਗੀਤ, ਕਹਾਣੀਆਂ, ਸਾਖੀਆਂ ਅਤੇ ਕਹਾਵਤਾਂ ਪੀੜ੍ਹੀ ਦਰ ਪੀੜ੍ਹੀ ਮੂੰਹ-ਜ਼ਬਾਨੀ ਅੱਗੇ ਵਧੀਆਂ । ਏ ਆਈ ਦੇ ਆਉਣ ਨਾਲ ਪੰਜਾਬੀ ਭਾਸ਼ਾ ਨੂੰ ਡਿਜੀਟਲ ਜਗਤ ਵਿੱਚ ਨਵੀਂ ਜਗ੍ਹਾ ਮਿਲੀ ਹੈ।ਇਸ ਨਾਲ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ ਆਪਣੀ ਭਾਸ਼ਾ ਨਾਲ ਜੁੜੇ ਰਹਿਣਾ ਆਸਾਨ ਹੋਇਆ ਹੈ। ਵਿਦਿਆਰਥੀ, ਖੋਜਕਰਤਾ ਅਤੇ ਲੇਖਕ ਡਿਜੀਟਲ ਸਰੋਤਾਂ ਰਾਹੀਂ ਪੰਜਾਬੀ ਲਿਖਤਾਂ ਤੱਕ ਪਹੁੰਚ ਰਹੇ ਹਨ ।


ਇੱਥੇ ਇੱਕ ਖ਼ਤਰਾ ਵੀ ਹੈ। ਪੰਜਾਬੀ ਦੇ ਮੁਹਾਵਰੇ, ਲਹਿਜੇ ਅਤੇ ਸੱਭਿਆਚਾਰਕ ਸੰਦਰਭ ਮਸ਼ੀਨ ਲਈ ਸਮਝਣਾ ਅਜੇ ਵੀ ਮੁਸ਼ਕਲ ਹੈ। ਗਲਤ ਅਨੁਵਾਦ ਸਿਰਫ਼ ਸ਼ਬਦਾਂ ਦੀ ਗਲਤੀ ਨਹੀਂ ਹੁੰਦਾ, ਉਹ ਅਰਥਾਂ ਅਤੇ ਭਾਵਨਾਵਾਂ ਨੂੰ ਵੀ ਵਿਗਾੜ ਸਕਦਾ ਹੈ।

**ਪੰਜਾਬੀ ਸਾਹਿਤ ’ਤੇ ਏ ਆਈ ਦਾ ਪ੍ਰਭਾਵ**

ਏ ਆਈ ਅੱਜ ਕਵਿਤਾ ਲਿਖ ਸਕਦੀ ਹੈ, ਕਹਾਣੀ ਦਾ ਖਾਕਾ ਤਿਆਰ ਕਰ ਸਕਦੀ ਹੈ ਅਤੇ ਵਿਸ਼ਿਆਂ ’ਤੇ ਲੇਖ ਬਣਾਉਂਦੀ ਹੈ। ਇਸ ਨਾਲ ਲੇਖਨ ਦੀ ਗਤੀ ਵਧੀ ਹੈ ਅਤੇ ਖੋਜ ਕੰਮ ਆਸਾਨ ਹੋਇਆ ਹੈ। ਪੁਰਾਤਨ ਪੰਜਾਬੀ ਸਾਹਿਤ ਦੀ ਡਿਜੀਟਲ ਸੰਭਾਲ ਵੀ ਏ ਆਈ ਦੀ ਵੱਡੀ ਉਪਲੱਬਧੀ ਹੈ, ਪਰ ਸਵਾਲ ਇਹ ਹੈ—ਕੀ ਮਸ਼ੀਨ ਉਸ ਦਰਦ ਨੂੰ ਸਮਝ ਸਕਦੀ ਹੈ, ਜੋ ਕਿਸਾਨੀ ਸੰਘਰਸ਼, ਵਿਛੋੜੇ ਜਾਂ ਪ੍ਰੇਮ ਵਿੱਚ ਵਸਦਾ ਹੈ? ਜੇ ਸਾਹਿਤ ਤੋਂ ਮਨੁੱਖੀ ਸੰਵੇਦਨਾ ਗਾਇਬ ਹੋ ਗਈ, ਤਾਂ ਉਹ ਸਿਰਫ਼ ਡਾਟਾ ਬਣ ਕੇ ਰਹਿ ਜਾਵੇਗਾ।

**ਲੋਕਧਾਰਾ ਅਤੇ ਸੱਭਿਆਚਾਰ: ਡਾਟਾ ਨਹੀਂ, ਜੀਵਨ**

ਪੰਜਾਬੀ ਲੋਕਧਾਰਾ—ਲੋਰੀਆਂ, ਵਿਆਹੀ ਗੀਤ, ਤਿਉਹਾਰ ਅਤੇ ਰਸਮਾਂ ਸਿਰਫ਼ ਜਾਣਕਾਰੀ ਨਹੀਂ, ਸਗੋਂ ਜੀਵੰਤ ਅਨੁਭਵ ਹਨ। ਏ ਆਈ ਇਨ੍ਹਾਂ ਨੂੰ ਰਿਕਾਰਡ ਕਰ ਸਕਦੀ ਹੈ, ਸੰਭਾਲ ਸਕਦੀ ਹੈ ਅਤੇ ਦੁਨੀਆ ਤੱਕ ਪਹੁੰਚਾ ਸਕਦੀ ਹੈ। ਇਹ ਇੱਕ ਵੱਡਾ ਲਾਭ ਹੈ, ਪਰ ਸੱਭਿਆਚਾਰ ਨੂੰ ਸਿਰਫ਼ ਡਿਜੀਟਲ ਫਾਇਲਾਂ ਵਿੱਚ ਕੈਦ ਕਰ ਦੇਣਾ ਖ਼ਤਰਨਾਕ ਵੀ ਹੋ ਸਕਦਾ ਹੈ। ਜੀਵੰਤ ਸੱਭਿਆਚਾਰ ਲੋਕਾਂ ਦੀ ਸਾਂਝੀ ਜ਼ਿੰਦਗੀ ਵਿੱਚ ਸਾਹ ਲੈਂਦਾ ਹੈ, ਨਾ ਕਿ ਸਿਰਫ਼ ਸਰਵਰਾਂ ’ਤੇ।



**ਨੌਜਵਾਨ ਪੀੜ੍ਹੀ ਅਤੇ ਪਛਾਣ ਦਾ ਸੰਕਟ**

ਅੱਜ ਦੀ ਨੌਜਵਾਨ ਪੀੜ੍ਹੀ ਏ ਆਈ ਨਾਲ ਜੁੜੀ ਹੋਈ ਹੈ। ਸੋਸ਼ਲ ਮੀਡੀਆ, ਡਿਜੀਟਲ ਟੂਲ ਅਤੇ ਅੰਗਰੇਜ਼ੀ-ਕੇਂਦਰਤ ਸਮੱਗਰੀ ਨੇ ਉਸ ਦੀ ਸੋਚ ਨੂੰ ਪ੍ਰਭਾਵਤ ਕੀਤਾ ਹੈ। ਇਸ ਨਾਲ ਇੱਕ ਖ਼ਤਰਾ ਪੈਦਾ ਹੋ ਰਿਹਾ ਹੈ—ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਹਾਸ਼ੀਏ ’ਤੇ ਨਾ ਚਲੇ ਜਾਣ।

ਜੇ ਏ ਆਈ ਸਿਰਫ਼ ਅੰਗਰੇਜ਼ੀ ਜਾਂ ਪ੍ਰਮੁੱਖ ਭਾਸ਼ਾਵਾਂ ’ਚ ਵਿਕਸਤ ਹੁੰਦੀ ਰਹੀ, ਤਾਂ ਛੋਟੀਆਂ ਭਾਸ਼ਾਵਾਂ ਲਈ ਥਾਂ ਘਟਦੀ ਜਾਵੇਗੀ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਵਿੱਚ ਡਿਜੀਟਲ ਸਿੱਖਿਆ, ਐਪਸ ਅਤੇ ਏ ਆਈ ਟੂਲ ਵਿਕਸਤ ਕੀਤੇ ਜਾਣ।

**ਭਵਿੱਖ ਦੀ ਦਿਸ਼ਾ: ਟਕਰਾਅ ਨਹੀਂ, ਸੰਤੁਲਨ**

ਬਣਾਵਟੀ ਬੁੱਧੀ ਨੂੰ ਸੱਭਿਆਚਾਰ ਦਾ ਵੈਰੀ ਨਹੀਂ ਬਣਾਇਆ ਜਾ ਸਕਦਾ। ਇਹ ਇੱਕ ਸਾਧਨ ਹੈ, ਇਸ ਦਾ ਵਰਤੋਂਕਾਰੀ ਮਨੁੱਖ ਹੈ। ਜੇ ਪੰਜਾਬੀ ਵਿਦਵਾਨ, ਭਾਸ਼ਾ ਵਿਗਿਆਨੀ ਅਤੇ ਤਕਨੀਕੀ ਮਾਹਰ ਇਕੱਠੇ ਕੰਮ ਕਰਨ, ਤਾਂ ਏ ਆਈ ਪੰਜਾਬੀ ਸੱਭਿਆਚਾਰ ਦੇ ਪੁਨਰਜਾਗਰਣ ਦਾ ਸਾਧਨ ਬਣ ਸਕਦੀ ਹੈ।ਬਣਾਵਟੀ ਬੁੱਧੀ ਪੰਜਾਬੀ ਸੱਭਿਆਚਾਰ ਲਈ ਇੱਕ ਵੱਡੀ ਚੁਣੌਤੀ ਵੀ ਹੈ ਅਤੇ ਇੱਕ ਸੁਨਹਿਰੀ ਮੌਕਾ ਵੀ। ਇਹ ਸਾਡੀ ਸਮਝ ਅਤੇ ਫੈਸਲੇ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਤਕਨੀਕ ਨੂੰ ਆਪਣੀ ਭਾਸ਼ਾ, ਸਾਹਿਤ ਅਤੇ ਪਛਾਣ ਦੀ ਰੱਖਿਆ ਲਈ ਵਰਤਦੇ ਹਾਂ ਜਾਂ ਅਣਜਾਣੇ ਵਿੱਚ ਆਪਣੀ ਜੜ੍ਹਾਂ ਤੋਂ ਦੂਰ ਹੋ ਜਾਂਦੇ ਹਾਂ।

ਅਸੀਂ ਜਾਣਦੇ ਹਾਂ ਕਿ ਸਾਡਾ ਪੰਜਾਬੀ ਸੱਭਿਆਚਾਰ ਹਜ਼ਾਰਾਂ ਸਾਲਾਂ ਦੀ ਲੋਕਧਾਰਾ, ਮੌਖਿਕ ਪਰੰਪਰਾ ਅਤੇ ਸਾਂਝੀ ਜੀਵਨ-ਸ਼ੈਲੀ ਦਾ ਨਤੀਜਾ ਹੈ। ਲੋਕ ਗੀਤ, ਕਹਾਣੀਆਂ, ਕਹਾਵਤਾਂ ਅਤੇ ਰਸਮਾਂ ਨੇ ਇਸ ਭਾਸ਼ਾ ਨੂੰ ਜੀਵੰਤ ਰੱਖਿਆ, ਪਰ ਡਿਜੀਟਲ ਯੁੱਗ ਵਿੱਚ ਜਿੱਥੇ ਮਸ਼ੀਨ ਮਨੁੱਖੀ ਸੋਚ ਦੀ ਨਕਲ ਕਰਨ ਦਾ ਦਾਅਵਾ ਕਰ ਰਹੀ ਹੈ, ਉੱਥੇ ਇਹ ਸਵਾਲ ਗੰਭੀਰ ਬਣ ਜਾਂਦਾ ਹੈ ਕਿ ਕੀ ਬਣਾਵਟੀ ਬੁੱਧੀ (ਏ ਆਈ) ਪੰਜਾਬੀ ਸੱਭਿਆਚਾਰ ਲਈ ਵਰਦਾਨ ਹੈ ਜਾਂ ਖ਼ਤਰਾ।

ਪੰਜਾਬੀ ਸਾਹਿਤ ਲਈ ਵੀ ਇਹ ਇੱਕ ਸੰਵੇਦਨਸ਼ੀਲ ਮੋੜ ਹੈ।(ਏ ਆਈ) ਕਵਿਤਾ ਅਤੇ ਕਹਾਣੀ ਲਿਖ ਸਕਦੀ ਹੈ, ਪਰ ਕੀ ਉਹ ਕਿਸਾਨੀ ਸੰਘਰਸ਼, ਵਿਛੋੜੇ ਜਾਂ ਮਾਂ-ਬੋਲੀ ਦੇ ਦਰਦ ਨੂੰ ਮਹਿਸੂਸ ਕਰ ਸਕਦੀ ਹੈ? ਜੇ ਸਾਹਿਤ ਮਨੁੱਖੀ ਅਨੁਭਵ ਤੋਂ ਵੱਖ ਹੋ ਗਿਆ, ਤਾਂ ਉਹ ਸਿਰਫ਼ ਮਸ਼ੀਨੀ ਉਤਪਾਦ ਬਣ ਕੇ ਰਹਿ ਜਾਵੇਗਾ।ਸਭ ਤੋਂ ਵੱਡੀ ਚਿੰਤਾ ਨੌਜਵਾਨ ਪੀੜ੍ਹੀ ਨਾਲ ਜੁੜੀ ਹੈ। ਅੰਗਰੇਜ਼ੀ-ਕੇਂਦਰਤ ਡਿਜੀਟਲ ਸਮੱਗਰੀ ਅਤੇ ਸੋਸ਼ਲ ਮੀਡੀਆ ਨੇ ਨੌਜਵਾਨਾਂ ਨੂੰ ਆਪਣੀ ਮਾਂ-ਬੋਲੀ ਤੋਂ ਦੂਰ ਕੀਤਾ ਹੈ । ਜੇਕਰ ਏ ਆਈ ਦੇ ਸਾਧਨ ਪੰਜਾਬੀ ਵਿੱਚ ਵਿਕਸਤ ਨਹੀਂ ਹੁੰਦੇ, ਤਾਂ ਭਵਿੱਖ ਵਿੱਚ ਭਾਸ਼ਾਈ ਅਸਮਾਨਤਾ ਹੋਰ ਡੂੰਘੀ ਹੋਵੇਗੀ।ਅਸੀਂ ਆਮ ਦੇਖਦੇ ਹਾਂ ਕਿ ਪੰਜਾਬੀ ਭਾਸ਼ਾ ਵਿੱਚ ਚੱਲ ਰਹੇ ਵੱਖ-ਵੱਖ ਟੀ ਵੀ ਚੈਨਲ ਪੰਜਾਬੀ ਭਾਸ਼ਾ ਦਾ ਬੇੜਾ ਗਰਕ ਕਰ ਰਹੇ ਹਨ।

ਇਸ ਸੰਦਰਭ ਵਿੱਚ ਸਰਕਾਰਾਂ, ਵਿਦਿਅਕ ਸੰਸਥਾਵਾਂ ਅਤੇ ਤਕਨੀਕੀ ਮਾਹਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਬਣਾਵਟੀ ਬੁੱਧੀ ਨੂੰ ਸੱਭਿਆਚਾਰਕ ਸੰਵੇਦਨਸ਼ੀਲਤਾ ਨਾਲ ਵਿਕਸਤ ਕੀਤਾ ਜਾਵੇ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਡਾਟਾ ਨਹੀਂ, ਸਗੋਂ ਜੀਵੰਤ ਵਿਰਾਸਤ ਸਮਝਿਆ ਜਾਵੇ।

ਇਸ ਦੇ ਬਾਵਜੂਦ ਏ ਆਈ ਦੀ ਸਭ ਤੋਂ ਵੱਡੀ ਕਮੀ ਇਸ ਦੀ ਸੰਵੇਦਨਸ਼ੀਲਤਾ ਦੀ ਘਾਟ ਹੈ। ਭਾਸ਼ਾ ਸਿਰਫ਼ ਸ਼ਬਦਾਂ ਦਾ ਜੋੜ ਨਹੀਂ ਹੁੰਦੀ; ਇਸ ਦੇ ਨਾਲ ਜੁੜੇ ਹੁੰਦੇ ਹਨ ਇਤਿਹਾਸ, ਦਰਦ, ਸੰਘਰਸ਼ ਅਤੇ ਸਾਂਝੀ ਯਾਦ । ਇਸ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨੂੰ ਆਪਣੀ ਪਛਾਣ ਦੇ ਹੱਕ ਵਿੱਚ ਵਰਤਦੇ ਹਾਂ ਜਾਂ ਤਕਨੀਕ ਦੀ ਅੰਨ੍ਹੀ ਦੌੜ ਵਿੱਚ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਜਾਂਦੇ ਹਾਂ।

**# ਸੰਪਰਕ : 98151-39576**

17-JAN-PAGE-5.qxd 1/16/2026 8:33 PM Page 1



# ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ਼ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਗਰਜੇ ਲੋਕ

## ਬੀਜ ਬਿੱਲ, ਬਿਜਲੀ ਬਿੱਲ, ਫ੍ਰੀ ਟਰੇਡ ਐਗਰੀਮੈਂਟ, ਲੇਬਰ ਕੋਡ, ਨਰੇਗਾ ਕਾਨੂੰਨ ਨੂੰ ਖਤਮ ਕਰਨ ਖ਼ਿਲਾਫ਼, ਮੋਦੀ ਸਰਕਾਰ ਖਿਲਾਫ ਲੋਕ-ਰੋਹ ਸੜਕਾਂ 'ਤੇ





**ਫਾਜ਼ਿਲਕਾ (ਪਰਮਜੀਤ ਢਾਬਾਂ)**

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਸਮੂਹ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਦੇਸ਼ ਪੱਧਰੀ ਸੱਦੇ ਤਹਿਤ ਬੀਜ ਬਿੱਲ, ਬਿਜਲੀ ਬਿੱਲ, ਫ੍ਰੀ ਟਰੇਡ ਐਗਰੀਮੈਂਟ, ਲੇਬਰ ਕੋਡ, ਨਰੇਗਾ ਕਾਨੂੰਨ ਨੂੰ ਖਤਮ ਕਰਨ ਖ਼ਿਲਾਫ਼, ਕੇਂਦਰ ਦੀ ਬੀਜੇਪੀ ਸਰਕਾਰ ਖਿਲਾਫ ਫਾਜ਼ਿਲਕਾ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਰੋਹ ਭਰਪੂਰ ਧਰਨਾ ਦਿੰਦਿਆਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਦਮੋਦਰ ਦਾਸ ਮੋਦੀ ਦੇ ਨਾਮ ਡਿਪਟੀ ਕਮਿਸ਼ਨਰ ਦਫਤਰ ਨੂੰ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਰੇਸ਼ਮ ਮਿੱਠਾ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਸੀਨੀਅਰ ਸਕੱਤਰ ਜਗਸੀਰ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਬੀ ਕੇ ਯੂ ਡਕੌਂਦਾ (ਧਨੇਰ) ਹਰਮੀਤ ਸਿੰਘ, ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਵਣਜਾਰ ਸਿੰਘ, ਜਮਹੂਰੀ ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਰਮੇਸ਼ ਵਡੇਰਾ, ਬੀ ਕੇ ਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ, ਬੀ ਕੇ ਯੂ ਰਾਜੇਵਾਲ ਦੇ ਸੁਖਜਿੰਦਰ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸੁਖਦੀਪ ਸਿੰਘ, (ਬੁੱਟਰ) ਗਰੁੱਪ ਦੇ ਆਗੂ ਇਕਬਾਲ ਸਿੰਘ ਗੰਮੂਵਾਲਾ ਨੇ ਦੱਸਿਆ ਕਿ ਕੇਂਦਰ ਦੀ ਬੀ ਜੇ ਪੀ ਸਰਕਾਰ ਤੰਤ ਦੇ ਵਿਰੋਧ ਕਾਰਪੋਰੇਟ ਘਰਾਣਿਆਂ ਸੇਵਾਦਾਰ ਸਾਬਿਤ ਹੋ ਰਹੀ ਹੈ। ਪਬਲਿਕ ਸੈਕਟਰ ਦੇ ਅਦਾਰਿਆਂ ਦਾ ਇੱਕ ਇੱਕ ਕਰਕੇ ਭੋਗ ਪਾਇਆ ਜਾ ਰਿਹਾ ਹੈ ਤੇ ਤਾਕਤਾਂ ਦਾ ਕੇਂਦਰੀਕਰਨ ਕਰਕੇ ਕਾਨੂੰਨਾਂ ਵਿੱਚ ਸੋਧਾਂ ਕਰਕੇ ਦੇਸ਼ੀ ਤੇ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ਲੋਕਾਂ ਦੀ ਲੁੱਟ ਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਪਹਿਲਾਂ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਰਾਹੀਂ ਜ਼ਮੀਨਾਂ ਖੋਹਣ ਦਾ ਯਤਨ ਕੀਤਾ ਕੇਂਦਰ ਸਰਕਾਰ ਨੇ ਅਤੇ ਉਸ ਤੋਂ ਬਾਅਦ ਆਪਣੀ ਬੀ ਟੀਮ ਆਮ ਆਦਮੀ ਪਾਰਟੀ ਰਾਹੀਂ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨ ਹੜੱਪਣ ਦੀ ਨਾਕਾਮ ਕੋਸ਼ਿਸ਼ ਕਰਕੇ ਦੇਖ ਲਈ ਸੰਯੁਕਤ ਕਿਸਾਨ ਮੋਰਚੇ ਦੀ ਯੋਗ ਅਗਵਾਈ ਵਿੱਚ ਲੋਕ ਰੋਹ ਕਾਰਨ ਹਕੂਮਤਾਂ ਇੱਕ ਵਾਰ ਪਿੱਛੇ ਮੁੜੀਆਂ। ਹੁਣ ਫਿਰ ਤੋਂ ਬੀਜ ਬਿੱਲ, ਬਿਜਲੀ ਬਿੱਲ, ਫ੍ਰੀ ਟਰੇਡ ਐਗਰੀਮੈਂਟ, ਲੇਬਰ ਕੋਡ, ਨਰੇਗਾ ਕਾਨੂੰਨ ਖਤਮ ਕਰਨ, ਇੱਕ ਦੇਸ਼ ਇੱਕ ਰਜਿਸਟ੍ਰੇਸ਼ਨ ਦੀ ਨੀਤੀ ਤਹਿਤ ਦੇਸ਼ੀ ਤੇ ਵਿਦੇਸ਼ੀ ਲੁਟੇਰਿਆਂ ਜਮਾਤਾਂ ਨੂੰ ਦੇਸ਼ ਦੇ ਲੋਕਾਂ ਦਾ ਸਰਮਾਇਆ ਲੁਟਾਉਣ ਜਾ ਰਹੀ ਹੈ। ਆਰ ਐੱਸ ਐੱਸ ਨਰਿੰਦਰ ਮੋਦੀ, ਅਮਿਤ ਸ਼ਾਹ ਦੀ ਜੋੜੀ ਬੀ ਜੇ ਪੀ ਸਰਕਾਰ ਦੀ ਅਗਵਾਈ ਵਿੱਚ ਦੇਸ਼ ਦੇ ਮਿਹਨਤਕਸ਼ ਲੋਕਾਂ ਨਾਲ ਦੁਸ਼ਮਣਾਂ ਵਰਗਾ ਵਿਵਹਾਰ ਅਪਣਾਇਆ ਜਾ ਰਿਹਾ ਹੈ।ਇਸ ਮੌਕੇ ਭਰਾਤਰੀ ਜਥੇਬੰਦੀਆਂ ਪੀ ਐੱਸ ਯੂ ਦੇ ਆਗੂ ਆਦਿੱਤਿਆ, ਨੌਜਵਾਨ ਭਾਰਤ ਸਭਾ ਦੇ ਆਗੂ ਰਾਜਨ ਮੁਹਾਰ ਸੋਨਾ, ਡੀ ਟੀ ਐੱਫ ਦੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਟੀ ਐੱਸ ਯੂ ਦੇ ਸਰਕਲ ਪ੍ਰਧਾਨ ਜਰਨੈਲ ਸਿੰਘ, ਟੀ ਐੱਸ ਯੂ (ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚਾ) ਪ੍ਰਦੀਪ ਕੁਮਾਰ ਸਾਹੂ, ਪੰਜਾਬ ਰੋਡਵੇਜ਼ ਪਨਬਸ ਕੰਨਟਰੈਕਟ ਯੂਨੀਅਨ ਦੇ ਸਕੱਤਰ ਦੇ ਮਨਪ੍ਰੀਤ ਸਿੰਘ, ਐਡਵੋਕੇਟ ਪਰਮਜੀਤ ਢਾਬਾਂ ਸੂਬਾਈ ਮੀਤ ਸਕੱਤਰ ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਛਿੰਦਾ ਸਿੰਘ, ਪੈਨਸ਼ਨਰ ਯੂਨੀਅਨ ਨੰਦਾ ਰਾਮ, ਨਰੇਗਾ ਯੂਨੀਅਨ ਓਮ ਪ੍ਰਕਾਸ਼, ਜਮਹੂਰੀ ਖੇਤ ਮਜ਼ਦੂਰ ਸਭਾ ਦੇ ਆਗੂ ਜੰਗਾ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਬਲਬੀਰ ਕਾਠਗੜ੍ਹ, ਪੰਜਾਬ ਮੁਲਾਜ਼ਮ ਆਰਗੇਨਾਈਜੇਸ਼ਨ, ਪੈਨਸ਼ਨਰ ਯੂਨੀਅਨ ਦੇ ਆਗੂ ਬਖਤਾਵਰ ਸਿੰਘ ਆਦਿ ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕੇਂਦਰ ਦੀ ਬੀਜੇਪੀ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਲੁੱਟ ਰਹਿਤ ਸਮਾਜ ਸਿਰਜਣ ਲਈ ਮਹਾਨ ਸ਼ਹੀਦਾਂ ਦੇ ਸੁਪਨਿਆਂ ਤੋਂ ਪ੍ਰੇਰਨਾ ਲੈਂਦੇ ਹੋਏ ਸਾਂਝੇ ਸੰਘਰਸ਼ਾਂ ਦੇ ਮੈਦਾਨ ਵਿੱਚ ਲੋਕਾਂ ਨੂੰ ਨਿੱਤਰਣ ਦਾ ਸੱਦਾ ਦਿੱਤਾ ਗਿਆ।

**ਮੋਗਾ (ਇਕਬਾਲ ਸਿੰਘ ਖਹਿਰਾ) :** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤਹਿਤ ਕਿਸਾਨ, ਮਜ਼ਦੂਰ, ਮੁਲਾਜ਼ਮ, ਬਿਜਲੀ ਮੁਲਾਜ਼ਮ, ਟੈਕਨੀਕਲ ਸਰਵਿਸਿਜ਼, ਨੌਜਵਾਨ, ਸਟੂਡੈਂਟ ਤੇ ਸਮੂਹ ਜਨਤਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਅੱਗੇ ਧਰਨਾ ਲਗਾਇਆ ਗਿਆ। ਸਾਂਝੇ ਮੋਰਚੇ ਵੱਲੋਂ ਸੰਚਾਲਨ ਕਮੇਟੀ ਬਣਾਈ ਗਈ, ਜਿਸ ਵਿੱਚ ਬਲੌਰ ਸਿੰਘ ਘੱਲ ਕਲਾਂ ਜ਼ਿਲ੍ਹਾ ਵਿੱਤ ਸਕੱਤਰ ਬੀ.ਕੇ.ਯੂ ਉਗਰਾਹਾਂ, ਜਸਮੇਲ ਸਿੰਘ ਰਾਜਿਆਣਾ, ਜ਼ਿਲ੍ਹਾ ਪ੍ਰੈੱਸ ਸਕੱਤਰ ਕਿਰਤੀ ਕਿਸਾਨ ਯੂਨੀਅਨ, ਮੇਜਰ ਸਿੰਘ ਕਾਲੇਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਪ੍ਰਧਾਨ, ਆਗੂਆਂ ਨੇ ਸਟੇਜ ਸੰਚਾਲਨ ਦਾ ਪ੍ਰਬੰਧ ਚਲਾਉਂਦਿਆਂ ਹੋਇਆ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਆਗੂਆਂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ, ਮਨਰੇਗਾ ਖ਼ਤਮ ਕੀਤੀ ਜਾਇਦਾਦਾਂ ਵੇਚਣ, ਮਗਨਰੇਗਾ ਨੂੰ ਜੀ ਰਾਮ ਜੀ ਤਹਿਤ ਬਦਲਣ ਤੇ ਮੋਰਚੇ ਦੀਆਂ ਹੋਰ ਮੰਗਾਂ ਨੂੰ ਲੈ ਕੇ ਅੱਜ ਦਾ ਧਰਨਾ ਲਗਾਇਆ ਗਿਆ ਹੈ।ਇਸ ਦੌਰਾਨ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਛਿੰਦਰਪਾਲ ਕੌਰ ਰੋਡੇਖੁਰਦ, ਅਮਰਜੀਤ ਸਿੰਘ ਸੈਦੋਕੇ ਜ਼ਿਲ੍ਹਾ ਪ੍ਰਧਾਨ, ਕੁਲਦੀਪ ਕੌਰ ਕੁੱਸਾ ਬੀ.ਕੇ.ਯੂ ਉਗਰਾਹਾਂ, ਸੂਰਤ ਸਿੰਘ ਕੁਲ ਹਿੰਦ ਕਿਸਾਨ ਸਭਾ, ਕਸ਼ਮੀਰ ਸਿੰਘ ਭੇਖਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਮੇਜਰ ਸਿੰਘ ਕਾਲੇਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਜਗਦੀਸ਼ ਚਾਹਲ ਪੰਜਾਬ ਪੈਨਸ਼ਨਰਜ਼, ਕਮਲੇਸ਼ ਕੁਮਾਰ ਟੀ.ਐਸ.ਯੂ ਭੰਗਲ, ਰਾਜਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਨੌਜਵਾਨ ਭਾਰਤ ਸਭਾ,ਮੰਗਾ ਸਿੰਘ ਵੈਰੋਕੇ ਪੇਂਡੂ ਮਜ਼ਦੂਰ ਯੂਨੀਅਨ, ਭਜਨ ਸਿੰਘ ਸੂਬਾ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰਜ਼, ਉਪਕਾਰ ਸਿੰਘ ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ, ਗੁਰਮੇਲ ਸਿੰਘ ਨਾਹਰ ਪਾਵਰਕਾਮ ਟਰਾਂਸਕੋ ਪੈਨਸ਼ਨ ਯੂਨੀਅਨ, ਮਨਦੀਪ ਸਿੰਘ ਰਸੂਲਪੁਰ ਦੁਨੀਆਂ ਚੈਨਲ ਪੱਤਰਕਾਰ, ਸੁਖਵਿੰਦਰ ਸਿੰਘ ਬ੍ਰਹਮਕੇ ਜ਼ਿਲ੍ਹਾ ਪ੍ਰਧਾਨ ਬੀਕੇਯੂ ਰਾਜੇਵਾਲ, ਸੁਰਜੀਤ ਸਿੰਘ ਬੀਕੇਯੂ ਪੰਜਾਬ, ਰਵਿੰਦਰ ਸਿੰਘ ਜ਼ਿਲ੍ਹਾ ਸਕੱਤਰ ਬੀਕੇਯੂ ਲੱਖੋਵਾਲ, ਸੁਖਚੈਨ ਸਿੰਘ ਰਾਮਾ ਬੀਕੇਯੂ ਡਕੌਂਦਾ (ਧਨੇਰ) ਸੁਰਜੀਤ ਸਿੰਘ ਗੱਗੜਾ ਕੁੱਲ ਹਿੰਦ ਕਿਸਾਨ ਸਭਾ ਹਰਨੇਕ ਸਿੰਘ ਦੌਲਤਪੁਰਾ ਮਗਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ, ਅਮਨਪ੍ਰੀਤ ਸਿੰਘ ਟੈਕਨੀਕਲ ਸਰਵਿਸਿਜ਼ ਯੂਨੀਅਨ ਮੋਗਾ, ਹਰਪ੍ਰੀਤ ਸਿੰਘ ਬਾਘਾ ਪੁਰਾਣਾ ਟੀਐੱਸਯੂ ਯੂਨੀਅਨ, ਜਗਜੀਤ ਸਿੰਘ ਕੁਲ ਹਿੰਦ ਕਿਸਾਨ ਸਭਾ, ਸਵਰਨ ਸਿੰਘ ਸੂਬਾ ਆਗੂ ਮੈਡੀਕਲ ਪ੍ਰੈਕਟੀਸ਼ਨਰ ਬਲਾਕ ਮੋਗਾ, ਬਲੌਰ ਸਿੰਘ ਘੱਲ ਕਲਾਂ ਬੀਕੇਯੂ ਉਗਰਾਹਾਂ ਜ਼ਿਲ੍ਹਾ ਵਿੱਤ ਸਕੱਤਰ, ਜਸਮੇਲ ਸਿੰਘ ਰਾਜਿਆਣਾ ਜ਼ਿਲ੍ਹਾ ਪ੍ਰੈਸ ਸਕੱਤਰ ਕਿਰਤੀ ਕਿਸਾਨ ਯੂਨੀਅਨ ਇਨ੍ਹਾਂ ਬੁਲਾਰਿਆਂ ਨੇ ਸੰਬੋਧਨ ਕੀਤਾ।ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਮੰਗ ਪੱਤਰ ਸੌਂਪਿਆ ਗਿਆ।

## ਕਿਸਾਨਾਂ ਚਿੱਪ ਵਾਲੇ ਮੀਟਰ ਪੁੱਟ ਕੇ ਬਿਜਲੀ ਦਫ਼ਤਰ 'ਚ ਜਮ੍ਹਾਂ ਕਰਵਾਏ



**ਫ਼ਰੀਦਕੋਟ/ਸਾਦਿਕ (ਐਲਿਗਜ਼ੈਂਡਰ ਡਿਸੂਜ਼ਾ)**-ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਵੱਲੋਂ ਬਿਜਲੀ ਸੋਧ ਬਿੱਲ 2025 ਦੇ ਵਿਰੋਧ ਵਿੱਚ ਬਲਾਕ ਸਾਦਿਕ ਦੇ ਬਿਜਲੀ ਬੋਰਡ ਦਫ਼ਤਰ ਅੱਗੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੇ ਸਰਕਾਰ ਪ੍ਰਤੀ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਘਰਾਂ ਦੇ ਬਾਹਰ ਲੱਗੇ 'ਚਿੱਪ ਵਾਲੇ ਮੀਟਰ' ਪੁੱਟ ਕੇ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਸੌਂਪ ਦਿੱਤੇ।ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਤੇ ਬਿਜਲੀ ਵਿਭਾਗ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।ਇਕੱਠ ਨੂੰ ਸੰਬੋਧਨ ਕਰਦਿਆਂ ਬਲਾਕ ਸਾਦਿਕ ਦੇ ਮੀਤ ਪ੍ਰਧਾਨ ਸਰਦਾਰ ਸਤਨਾਮ ਸਿੰਘ ਜੰਡਵਾਲਾ ਨੇ ਕਿਹਾ ਕਿ ਕਿਸਾਨ ਜਥੇਬੰਦੀ ਬਿਜਲੀ ਸੋਧ ਬਿੱਲ 2025 ਦਾ ਸਖ਼ਤ ਵਿਰੋਧ ਕਰਦੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹ ਕਾਲਾ ਕਾਨੂੰਨ ਤੁਰੰਤ ਵਾਪਸ ਨਾ ਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਵਿਭਾਗ ਨੇ ਕਿਸਾਨਾਂ ਵਿਰੁੱਧ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਪਿੰਡਾਂ ਵਿੱਚ ਬਿਜਲੀ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਕਿਸਾਨ ਆਗੂਆਂ ਨੇ ਦੱਸਿਆ ਕਿ ਸੰਘਰਸ਼ ਨੂੰ ਤੇਜ਼ ਕਰਨ ਲਈ ਅਹਿਮ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਗਿਆ ਹੈ। 20 ਜਨਵਰੀ ਨੂੰ ਸ਼ਹੀਦ ਸ਼ੁਭਕਰਨ ਸਿੰਘ ਦੇ ਜੱਦੀ ਪਿੰਡ ਬੱਲੋ ਵਿਖੇ ਵਿਚਾਰ-ਵਟਾਂਦਰੇ ਲਈ ਮੀਟਿੰਗ ਹੋਵੇਗੀ।25 ਜਨਵਰੀ ਨੂੰ ਸੰਗਰੂਰ ਦੇ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਵੱਡੀ ਮੀਟਿੰਗ ਹੋਵੇਗੀ, ਜਿਸ ਵਿੱਚ 19 ਮਾਰਚ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਹੋਣ ਵਾਲੀ ਮਹਾਂ-ਪੰਚਾਇਤ ਦੀ ਤਿਆਰੀ ਸਬੰਧੀ ਰਣਨੀਤੀ ਬਣਾਈ ਜਾਵੇਗੀ। ਬਲਾਕ ਪ੍ਰਧਾਨ ਨਾਇਬ ਸਿੰਘ ਸੰਘ ਸਿੰਘ ਵਾਲਾ ਨੇ ਡੋਨ ਰਾਹੀਂ ਦੱਸਿਆ ਕਿ ਯੂਨੀਅਨ ਵੱਲੋਂ ਬਿਜਲੀ ਸੋਧ ਬਿੱਲ ਤੋਂ ਇਲਾਵਾ, ਟੋਲ ਪਲਾਜ਼ਿਆਂ ਨਾਲ ਲਾਗੂ ਕੀਤੇ ਜਾ ਰਹੇ ਕਾਨੂੰਨਾਂ ਤੇ ਬੀਜ ਸੋਧ ਬਿੱਲ ਸਮੇਤ ਕੁੱਲ 12 ਮੰਗਾਂ 'ਤੇ ਸੰਘਰਸ਼ ਵਿੱਢਿਆ ਗਿਆ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ 'ਲੁੱਕਵੇਂ ਚਾਲਾਂ' ਨੂੰ ਹੁਣ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਧਰਨੇ ਵਿੱਚ ਹਰਜੀਤ ਸਿੰਘ ਸਾਧੂ ਵਾਲਾ, ਗੁਰਪ੍ਰੀਤ ਸਿੰਘ ਮੁਮਾਰਾ, ਇਲਬਾਗ ਸਿੰਘ ਸੰਘ ਸਿੰਘ ਵਾਲਾ, ਗੁਰਪ੍ਰੀਤ ਸਿੰਘ ਕੰਨੀ, ਕਮਲੂ ਸਿੰਘ ਅਹਿਲ, ਗੁਰਪ੍ਰੀਤ ਸਿੰਘ ਸਾਦਿਕ, ਜਗਤਾਰ ਸਿੰਘ, ਲਖਬੀਰ ਸਿੰਘ ਬੀਹਲੇ ਵਾਲਾ, ਸੁਖਦੇਵ ਸਿੰਘ ਮਚਾਕੀ ਕਲਾਂ ਤੇ ਹਰਨੇਕ ਸਿੰਘ ਮਿੱਡੂਮਾਨ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਏ।ਅੰਤ ਵਿੱਚ ਨੁਮਾਇੰਦਗੀ ਕਰਦਿਆਂ ਪਰਮਜੀਤ ਕੌਰ ਸਾਦਿਕ ਨੇ ਵੀ ਸ਼ਮੂਲੀਅਤ ਕੀਤੀ।

# ਫਤਿਹਗੜ੍ਹ ਕੋਰੋਟਾਣਾ ਕਤਲ ਕੇਸ ਮਾਮਲੇ 'ਚ 4 ਮੁਲਜ਼ਮ ਕਾਬੂ

## ਵਾਰਦਾਤ ਸਮੇਂ ਵਰਤੇ ਹਥਿਆਰ ਬਰਾਮਦ



**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਸ ਐੱਸ ਪੀ ਮੋਗਾ ਅਜੈ ਗਾਂਧੀ ਦੇ ਨਿਰਦੇਸ਼ਾਂ 'ਤੇ ਐੱਸ.ਪੀ.ਡੀ. ਮੋਗਾ ਬਾਲ ਕ੍ਰਿਸ਼ਨ ਸਿੰਗਲਾ ਤੇ ਉਪ ਕਪਤਾਨ ਪੁਲਸ ਸਬ ਧਰਮਕੋਟ ਜਸਵਰਿੰਦਰ ਸਿੰਘ ਦੀ ਸੁਪਰਵੀਜ਼ਨ ਹੇਠ ਕੰਮ ਕਰਦੇ ਹੋਏ ਥਾਣਾ ਧਰਮਕੋਟ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਹੈ, ਜਦੋਂ ਇੰਸਪੈਕਟਰ ਲਛਮਣ ਸਿੰਘ ਮੁੱਖ ਅਫਸਰ ਥਾਣਾ ਧਰਮਕੋਟ ਵੱਲੋ ਪਿੰਡ ਫਤਿਹਗੜ੍ਹ ਕੋਰੋਟਨਾ ਵਿਖੇ ਇੱਕ ਨੌਜਵਾਨ ਦਾ ਕਤਲ ਕਰਨ ਵਾਲੇ 3 ਦੋਸ਼ੀਆਨ ਨੂੰ ਕਾਬੂ ਕੀਤਾ ਤੇ ਇਨ੍ਹਾਂ ਪਾਸੋਂ ਵਕੂਆ ਵਿੱਚ ਵਰਤੇ 02 ਬੇਸਬਾਲ ਬਰਾਮਦ ਕੀਤੇ।ਬੀਤੀ 08 ਜਨਵਰੀ 2026 ਨੂੰ ਪੁਲਸ ਪਾਸ ਮੁਦੱਈ ਮੁਕੱਦਮਾ ਗੁਰਲਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਅਗਵਾੜ ਕਮੋਆ ਧਰਮਕੋਟ ਨੇ ਇਤਲਾਹ ਦਿੱਤੀ ਕਿ ਮਿਤੀ 07.01.2026 ਨੂੰ ਮੁਦੱਈ ਮੁਕੱਦਮਾ ਆਪਣੇ ਮੋਟਰਸਾਈਕਲ ਤੇ ਉਸ ਦਾ ਲਵਪ੍ਰੀਤ ਸਿੰਘ ਉਰਫ ਲੱਭਾ ਉਮਰ ਕਰੀਬ 26 ਸਾਲ ਅਤੇ ਇਸ ਦੇ ਨਾਲ ਦਿਲਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਤੇ ਚਮਕੌਰ ਸਿੰਘ ਪੁੱਤਰ ਮੰਗਲ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੋਗੇ ਮੇਲਾ ਵੇਖਣ ਗਏ ਸੀ।ਮੁਦੱਈ ਮੁਕੱਦਮਾ ਦਾ ਭਰਾ ਲਵਪ੍ਰੀਤ ਸਿੰਘ ਉਰਫ ਲੱਭਾ, ਦਿਲਪ੍ਰੀਤ ਸਿੰਘ ਤੇ ਚਮਕੌਰ ਸਿੰਘ ਇੱਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੋਗੇ ਤੋਂ ਮੇਲਾ ਵੇਖ ਕੇ ਵਾਪਸ ਧਰਮਕੋਟ ਸਾਈਡ ਨੂੰ ਆ ਰਹੇ ਸੀ ਤਾਂ ਜਦੋਂ ਉਹ ਪਿੰਡ ਫਤਿਹਗੜ੍ਹ ਕੋਰੋਟਾਣਾ ਨਜ਼ਦੀਕ ਤਾਂ ਇੱਕ ਕਾਲੇ ਰੰਗ ਦੀ ਅਲਟੋ ਕਾਰ ਨੰਬਰ ਪੀ.ਬੀ-76-1-6706 ਉਨ੍ਹਾਂ ਦੇ ਮਗਰ ਲੱਗ ਗਈ ਅਤੇ ਅਲਟੋ ਕਾਰ ਚਾਲਕਾ ਨੇ ਉਨ੍ਹਾਂ ਦੇ ਮੋਟਰਸਾਈਕਲਾਂ ਨੂੰ ਸਾਈਡ ਮਾਰਨ ਦੀ ਕੋਸ਼ਿਸ਼ ਕੀਤੀ ਤੇ ਮੁਦੱਈ ਮੁਕੱਦਮਾ ਅਤੇ ਉਸ ਦੇ ਭਾਈ ਲਵਪ੍ਰੀਤ ਸਿੰਘ ਲੱਭਾ ਵਗੈਰਾ ਨੇ ਡਰਦੇ ਮਾਰੇ ਆਪਣੇ ਆਪਣੇ ਮੋਟਰਸਾਈਕਲਾਂ ਨੂੰ ਪਿੰਡ ਫਤਹਿਗੜ੍ਹ ਦੀਆਂ ਗਲੀਆਂ ਵਿੱਚ ਪਾ ਕੇ ਲੁਕਣ ਦੀ ਕੋਸ਼ਿਸ਼ ਕੀਤੀ, ਪਰ ਇਨ੍ਹਾ ਕਾਰ ਵਾਲਿਆਂ ਨੇ ਮੁਦੱਈ ਮੁਕੱਦਮਾ ਤੇ ਇਸ ਦੇ ਭਰਾ ਲਵਪ੍ਰੀਤ ਸਿੰਘ ਲੱਭਾ ਵਗੈਰਾ ਦੇ ਮੋਟਰਸਾਈਕਲਾਂ ਦਾ ਪਿੱਛਾ ਨਹੀਂ ਛੱਡਿਆ।ਜਦੋਂ ਮੁਦੱਈ ਮੁਕੱਦਮਾ ਦਾ ਭਰਾ ਮੋਟਰਸਾਈਕਲ ਪਿੰਡ ਫਤਿਹਗੜ੍ਹ ਕੋਰੋਟਾਣਾ ਤੋਂ ਬਾਹਰੋਂ ਕੱਢਣ ਲੱਗੇ ਤਾਂ ਅਲਟੋ ਕਾਰ ਡਰਾਈਵਰ ਨੇ ਲਵਪ੍ਰੀਤ ਸਿੰਘ ਲੱਭਾ ਦੇ ਮੋਟਰਸਾਈਕਲ ਵਿੱਚ ਟੱਕਰ ਮਾਰੀ, ਟੱਕਰ ਵੱਜਣ ਕਰਕੇ ਮੁਦੱਈ ਲਵਪ੍ਰੀਤ ਸਿੰਘ ਲੱਭਾ, ਦਿਲਪ੍ਰੀਤ ਸਿੰਘ ਤੇ ਚਮਕੌਰ ਸਿੰਘ ਤਿੰਨੇ ਜਾਣੇ ਸੜਕ ਦੇ ਖੱਬੇ ਪਾਸੇ ਵੱਲ ਡਿੱਗ ਪਏ।ਮੋਟਰਸਾਈਕਲ ਡਿੱਗਦੇ ਸਾਰ ਹੀ ਚਮਕੌਰ ਸਿੰਘ ਡਰਦਾ ਮਾਰਾ ਭੱਜ ਗਿਆ, ਕਾਰ ਡਰਾਈਵਰ ਨੇ ਕਾਰ ਰੋਕੀ, ਕਾਰ ਵਿੱਚੋ ਇੱਕ ਦਮ ਮੰਨੂ ਪੁੱਤਰ ਤੇਜਿੰਦਰਪਾਲ ਜਿਸ ਪਾਸ ਬੇਸਬਾਲ ਸੀ, ਧਰਮਪ੍ਰੀਤ ਅਨੇਜਾ ਜਿਸ ਪਾਸ ਬੇਸਬਾਲ ਸੀ, ਮੌਂਟੀ ਜਿਸ ਪਾਸ ਹਾਕੀ ਸੀ ਤੇ ਹੋਰ 2 ਨਾਮਲੂਮ ਵਿਅਕਤੀ ਉੱਤਰੇ ਜਿਨ੍ਹਾਂ ਪਾਸ ਵੀ ਬੇਸਬਾਲ ਸਨ।ਉਕਤ ਵਿਅਕਤੀ ਵੱਲੋਂ ਮੁਦੱਈ ਮੁਕੱਦਮਾ ਦੇ ਭਰਾ ਲਵਪ੍ਰੀਤ ਸਿੰਘ ਲੱਭਾ ਤੇ ਉਸ ਦੇ ਸਾਥੀ ਦਿਲਪ੍ਰੀਤ ਸਿੰਘ ਦੀ ਡਿੱਗੇ ਪਿਆ ਦੀ ਕੁੱਟਮਾਰ ਕੀਤੀ।ਮ੍ਰਿਤਕ ਲਵਪ੍ਰੀਤ ਸਿੰਘ ਉਰਫ ਲੱਭਾ ਦੇ ਸਿਰ ਅੇ ਮੂੰਹ 'ਤੇ ਜ਼ਿਆਦਾ ਸੱਟਾਂ ਹੋਣ ਕਰਕੇ ਮੌਤ ਗਈ, ਜਿਸ ਪਰ ਪੁਲਸ ਵੱਲੋ ਤੁਰੰਤ ਕਰਵਾਈ ਹੋਏ ਮੁਕੱਦਮਾ ਨੰਬਰ 07 ਮਿਤੀ 08.01. 2026 ਅ/ਧ 103, 126(2), 324(2), 115(2), 191(3), 190-ਬੀ ਐਨ ਐਸ ਥਾਣਾ ਧਰਮਕੋਟ ਦਰਜ ਕਰਕੇ ਤਫਤੀਸ਼ ਅਮਲ 'ਚ ਲਿਆਂਦੀ।

ਪੁਲਸ ਵੱਲੋਂ ਮੁਕੱਦਮਾ ਉਕਤ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ ਸੀ.ਸੀ ਟੀ.ਵੀ ਫੁਟੇਜ ਨੂੰ ਹਾਸਲ ਕੀਤਾ ਤੇ ਮੁਕੱਦਮਾ ਵਿੱਚ ਟੈਕਨੀਕਲ ਤਾਰੀਕੇ ਨਾਲ 02 ਨਾਮਲੂਮ ਵਿਅਕਤੀਆ ਵਿੱਚ ਇੱਕ ਦੋਸ਼ੀ ਜਗਜੀਤ ਸਿੰਘ ਵਾਸੀ ਰਸੂਲਪੁਰ ਹਾਲ ਵਾਸੀ ਕੈਲਾ ਨੂੰ ਟਰੇਸ ਕਰਕੇ ਮੁਕੱਦਮਾ ਵਿੱਚ ਦੋਸ਼ੀ ਨਾਮਜਦ ਕੀਤਾ, ਜਿਸ ਦੀ ਤਲਾਸ਼ ਜਾਰੀ ਹੈ।ਇਸ ਤੋ ਇਲਾਵਾ ਮੁਕੱਦਮਾ ਦੀ ਤਫਤੀਸ਼ ਵਿੱਚ ਇਹ ਗੱਲ ਵੀ ਸਾਹਮਣੇ ਆਈ ਕਿ ਦੋਸ਼ੀ ਮੌਂਟੀ ਦੀ ਪਤਨੀਗਗਨਦੀਪ ਕੌਰ ਦਾ ਵੀ ਇਸ ਕਤਲ ਵਿੱਚ ਹੱਥ ਹੈ। ਜਿਸ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ ਦੋਸ਼ਣ ਗਗਨਦੀਪ ਕੌਰ ਪਤਨੀ ਮੋਟੀ ਵਾਸੀ ਧਰਮਕੋਟ ਨੂੰ ਮਿਤੀ 11.01.2026 ਨੂੰ ਗ੍ਰਿਫਤਾਰ ਕੀਤਾ।ਮੁਕੱਦਮਾ ਵਿੱਚ ਬਾਕੀ ਰਹਿੰਦੇ 02 ਦੋਸ਼ੀ ਮੁਨੀਸ਼ ਕੁਮਾਰ ਉਰਫ ਮੰਨੂ ਪੁੱਤਰ ਤੇਜਿੰਦਰਪਾਲ ਸਿੰਘ ਤੇ ਧਰਮਪ੍ਰੀਤ ਅਨੇਜਾ ਉਰਫ ਬਾਊ ਪੁੱਤਰ ਦੇਸਰਾਜ ਵਾਸੀਆਨ ਧਰਮਕੋਟ ਦੀ ਟੈਕਨੀਕਲ ਤਾਰੀਕੇ ਨਾਲ ਭਾਲ ਕਰਕੇ ਮਿਤੀ 14.01.2025 ਨੂੰ ਗ੍ਰਿਫਤਾਰ ਕੀਤਾ ਅਤੇ ਇਨ੍ਹਾਂ ਵੱਲੋ ਵਾਰਦਾਤ ਵਿੱਚ ਵਰਤੇ 02 ਬੇਸਬਾਲ ਬਰਾਮਦ ਕੀਤੇ।ਇਸ ਤੋਂ ਇਲਾਵਾ ਮੁਕੱਦਮਾ ਦੇ ਦੋਸ਼ੀ ਮੌਂਟੀ ਨਾਰੰਗ ਪੁੱਤਰ ਪਵਨ ਕੁਮਾਰ ਵਾਸੀ ਮੁਹੱਲਾ ਕੁੰਗਰਾਂ ਦਾ, ਧਰਮਕੋਟ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।ਗ੍ਰਿਫਤਾਰ ਦੋਸ਼ੀਆਨ ਨੂੰ ਅਦਾਲਤ ਵਿੱਚ ਪੇਸ਼ ਕਰਕੇ, ਰਿਮਾਂਡ ਹਾਸਿਲ ਕਰਕੇ ਬਾਕੀ ਰਹਿੰਦੇ ਦੋਸ਼ੀ ਜਗਜੀਤ ਸਿੰਘ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

# ਪੁੱਤਰ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਦਰ ਦਰ ਭਟਕ ਰਿਹੇ ਅੰਗਹੀਣ ਪਿਤਾ

## ਪੁਲਸ 'ਤੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਦੇ ਲਗਾਏ ਦੋਸ਼



**ਸੰਗਰੂਰ (ਪ੍ਰਵੀਨ ਸਿੰਘ)**-ਦਲਿਤ ਭਾਈਚਾਰੇ ਨਾਲ ਸਬੰਧਤ ਆਜ਼ਾਦੀ ਘੁਲਾਟੀਆਂ ਪਰਿਵਾਰ ਦੇ ਮਾਸਟਰ ਜਗਸੀਰ ਸਿੰਘ ਰੋਗਲਾ ਤੇ ਉਨ੍ਹਾਂ ਦੀ ਪਤਨੀ ਬੀਰਪਾਲ ਕੌਰ ਨੇ ਆਪਣੇ ਨਾਬਾਲਗ ਲੜਕੇ ਜੋਬਨਬੀਰ ਸਿੰਘ ਦੇ ਖੁਦਕੁਸ਼ੀ ਮਾਮਲੇ ਵਿੱਚ ਇਨਸਾਫ ਦੀ ਮੰਗ ਕੀਤੀ ਹੈ।ਇਸ ਸਬੰਧੀ ਅੱਜ ਉਨ੍ਹਾਂ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਨੂੰ ਨਾਲ ਲੈਕੇ ਸ਼ਹਿਰ ਦੀ ਅਗਰਵਾਲ ਧਰਮਸ਼ਾਲਾ ਵਿਖੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਰਾ ਲੜਕਾ ਜੋਬਨਬੀਰ ਸਿੰਘ ਨੇ ਕੁੱਝ ਸਾਲ ਪਹਿਲਾਂ ਕੁੱਟਮਾਰ ਦਾ ਸ਼ਿਕਾਰ ਹੋਣ ਤੋਂ ਬਾਅਦ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਕੇ ਮੇਰੇ ਘਰ ਵਿੱਚ ਹੀ ਖੁਦਕੁਸ਼ੀ ਕਰ ਲਈ ਸੀ।ਇਸ ਸਬੰਧੀ ਮ੍ਰਿਤਕ ਦੇ ਪਿਤਾ ਮਾਸਟਰ ਜਗਸੀਰ ਸਿੰਘ ਨੇ ਦੱਸਿਆ ਕਿ ਮੇਰੇ ਬਿਆਨਾਂ ਦੇ ਅਧਾਰ 'ਤੇ ਥਾਣਾ ਦਿੜ੍ਹਬਾ ਦੀ ਪੁਲੀਸ ਵੱਲੋਂ ਰਣਧੀਰ ਸਿੰਘ ਵਾਸੀ ਪਿੰਡ ਲਦਾਲ ਖਿਲਾਫ ਮਾਮਲਾ ਦਰਜ ਕੇ ਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।ਜਗਸੀਰ ਸਿੰਘ ਤੇ ਉਸ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਦੀ ਕੁੱਟਮਾਰ ਕਰਨ ਵਾਲੇ ਕਾਫੀ ਲੋਕ ਸਨ, ਜਿਸ ਤੋਂ ਬਾਅਦ ਮੇਰਾ ਲੜਕਾ ਜੋਬਨਬੀਰ ਸਿੰਘ ਨੇ ਖੁਦਕੁਸ਼ੀ ਕਰ ਲਈ ਸੀ, ਪਰ ਪੁਲਸ ਵੱਲੋਂ ਇੱਕ ਵਿਅਕਤੀ ਖ਼ਿਲਾਫ ਹੀ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤਾ ਸੀ, ਜਦੋਂ ਕਿ ਜੋਬਨਬੀਰ ਨੇ ਵੀ ਖੁਦਕੁਸ਼ੀ ਨੋਟ ਵਿੱਚ ਕਾਫੀ ਲੋਕਾਂ ਵੱਲੋਂ ਕੁੱਟਮਾਰ ਕਰਨ ਦਾ ਜ਼ਿਕਰ ਕੀਤਾ ਸੀ।ਮਾਸਟਰ ਜਗਸੀਰ ਸਿੰਘ ਰੋਗਲਾ ਨੇ ਅੱਗੇ ਦੱਸਿਆ ਕਿ ਕੁੱਟਮਾਰ ਕਰਨ ਵਾਲੇ ਵਿਅਕਤੀਆਂ ਦੀ ਸੀਸੀਟੀਵੀ ਕੈਮਰੇ ਦੀ ਫੁਟੇਜ ਸਾਹਮਣੇ ਆਉਣ ਤੇ ਦੋ ਹੋਰ ਵਿਅਕਤੀਆਂ ਨੂੰ ਵੀ ਨਾਮਜ਼ਦ ਕੀਤਾ ਸੀ, ਪਰੰਤੂ ਦੋਵੇਂ ਵਿਅਕਤੀ ਪੁਲਸ ਦੀ ਪਹੁੰਚ ਤੋਂ ਦੂਰ ਸਨ, ਜੋ ਦੋਵੇਂ ਹੀ ਵਿਦੇਸ਼ ਜਾਣ ਦੀ ਤਾਕ ਵਿੱਚ ਸਨ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ ਪਰ ਪੁਲੀਸ ਨੇ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ।

ਉਹਨਾਂ ਦੱਸਿਆ ਕਿ ਉਹਨਾਂ ਵਿੱਚੋ ਇੱਕ ਵਿਅਕਤੀ ਦੇ ਵਿਦੇਸ਼ ਭੱਜ ਜਾਣ ਦੀ ਚਰਚਾ ਚੱਲ ਰਹੀ ਸੀ।ਉਹਨਾਂ ਦੱਸਿਆ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਪੁਲੀਸ ਅਜੇ ਤੱਕ ਬਾਕੀ ਰਹਿੰਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀ, ਜਿਸ ਕਰਕੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਉਸ ਨੂੰ ਆਪਣੇ ਪੁੱਤਰ ਦੇ ਮਾਮਲੇ ਸਬੰਧੀ ਅਜੇ ਤੱਕ ਇਨਸਾਫ ਮਿਲਣ ਦੀ ਕੋਈ ਵੀ ਆਸ ਨਜ਼ਰ ਨਹੀਂ ਆ ਰਹੀ।ਮਾਸਟਰ ਜਗਸੀਰ ਸਿੰਘ ਨੇ ਅੱਗੇ ਦੱਸਿਆ ਕਿ ਮੇਰੇ ਬਿਆਨਾਂ ਦੇ ਅਧਾਰ ਤੇ ਰਣਧੀਰ ਸਿੰਘ ਵਾਸੀ ਲਦਾਲ ਖਿਲਾਫ ਮੁਕੰਦਮਾ ਦਰਜ ਕਰਨ ਤੋਂ ਇਲਾਵਾ ਕੁੱਝ ਹੋਰ ਵਿਅਕਤੀ ਨੂੰ ਵੀ ਮਾਮਲੇ ਵਿੱਚ ਨਾਮਜਦ ਕੀਤਾ ਗਿਆ ਹੈ, ਜਿਨ੍ਹਾਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ।ਉਨ੍ਹਾਂ ਬੜੀ ਦੁਖੀ ਮਨ ਨਾਲ ਕਿਹਾ ਕਿ ਪੁਲਿਸ ਪ੍ਰਸ਼ਾਸਨ ਕਥਿਤ ਤੌਰ ਤੇ ਦੋਸ਼ੀਆਂ ਦਾ ਪੱਖ ਪੂਰ ਰਿਹਾ ਹੈ, ਜੋ ਆਜ਼ਾਦ ਘੁੰਮ ਰਹੇ ਮੁਕੱਦਮੇ ਵਿੱਚ ਸ਼ਾਮਲ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਜਗ੍ਹਾ ਸਿਰਫ਼ ਲਾਰਿਆਂ ਨਾਲ ਹੀ ਢੰਗ ਟਪਾ ਰਿਹਾ ਹੈ।ਮਾਸਟਰ ਜਗਸੀਰ ਸਿੰਘ ਨੇ ਆਪਣੇ ਪੁੱਤਰ ਦੇ ਕਾਤਲਾਂ ਵਿੱਚੋਂ ਬਾਕੀ ਰਹਿ ਗਏ ਨਾਮਜ਼ਦ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਨੇ 7 ਫਰਵਰੀ ਤੋਂ ਪਹਿਲਾਂ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਉਹ ਪਤੀ ਪਤਨੀ ਡੀ ਐੱਸ ਪੀ ਦਿੜ੍ਹਬਾ ਦਫ਼ਤਰ ਦੇ ਬਾਹਰ ਮਰਨ ਵਰਤ 'ਤੇ ਬੈਠਣਗੇ। ਇਸ ਮੌਕੇ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਵੱਡੀ ਗਿਣਤੀ ਆਗੂ ਹਾਜ਼ਰ ਸਨ।

# ਵਾਰਦਾਤ ਤੋਂ ਪਹਿਲਾਂ ਹੀ ਫ਼ਰੀਦਕੋਟ ਪੁਲਸ ਨੇ ਦਬੋਚਿਆ ਲੁਟੇਰਾ ਗਰੋਹ

## 5 ਮੈਂਬਰ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**-ਫ਼ਰੀਦਕੋਟ ਪੁਲਸ ਨੇ ਜ਼ਿਲ੍ਹੇ ਵਿੱਚ ਅਪਰਾਧਿਕ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਇੱਕ ਵੱਡੀ ਸਫ਼ਲਤਾ ਹਾਸਿਲ ਕਰਦਿਆਂ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟਾਂ-ਖੋਹਾਂ ਕਰਨ ਦੀ ਤਾਕ ਵਿੱਚ ਬੈਠੇ ਇੱਕ ਗਰੋਹ ਦੇ 5 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਸ ਨੇ ਇਨ੍ਹਾਂ ਦੋਸ਼ੀਆਂ ਨੂੰ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਦਬੋਚ ਲਿਆ।ਡਾ. ਪ੍ਰਗਿਆ ਜੈਨ (ਆਈ.ਪੀ.ਐਸ.), ਐਸ.ਐਸ.ਪੀ. ਫ਼ਰੀਦਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾੜੇ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਈ ਸਪੈਸ਼ਲ ਮੁਹਿੰਮ ਚਲਾਈ ਜਾ ਰਹੀ ਹੈ।ਇਸੇ ਤਹਿਤ ਸ੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ. (ਡੀ) ਤੇ ਸ੍ਰੀ ਸੰਜੀਵ ਕੁਮਾਰ ਡੀ.ਐਸ.ਪੀ. ਕੋਟਕਪੂਰਾ ਦੀ ਰਹਿਨੁਮਾਈ ਹੇਠ ਥਾਣਾ ਸਦਰ ਕੋਟਕਪੂਰਾ ਦੀ ਪੁਲਿਸ ਟੀਮ ਨੇ ਇਹਨਾਂ ਦੋਸ਼ੀਆਂ ਨੂੰ ਕਾਬੂ ਕੀਤਾ ਹੈ।ਥਾਣਾ ਸਦਰ ਕੋਟਕਪੂਰਾ ਦੇ ਮੁੱਖ ਅਫ਼ਸਰ ਇੰਸਪੈਕਟਰ ਗੁਰਾਦਿੱਤਾ ਸਿੰਘ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਸੁਰਿੰਦਰਜੀਤ ਸਿੰਘ ਪੁਲਸ ਪਾਰਟੀ ਸਮੇਤ ਪਿੰਡ ਸੰਧਵਾਂ ਵਿਖੇ ਚੈਕਿੰਗ ਕਰ ਰਹੇ ਸਨ। ਇਸ ਦੌਰਾਨ ਗੁਪਤ ਸੂਚਨਾ ਮਿਲੀ ਕਿ ਕੁਝ ਵਿਅਕਤੀ ਸੰਧਵਾਂ ਤੋਂ ਭਾਣਾ ਲਿੰਕ ਰੋਡ ਨੇੜੇ ਹਥਿਆਰਾਂ ਸਮੇਤ ਕਿਸੇ ਵੱਡੀ ਵਾਰਦਾਤ ਦੀ ਫ਼ਿਰਾਕ ਵਿੱਚ ਬੈਠੇ ਹਨ।ਪੁਲਸ ਨੇ ਤੁਰੰਤ ਛਾਪੇਮਾਰੀ ਕਰਕੇ ਮੌਕੇ ਤੋਂ ਪੰਜ ਦੋਸ਼ੀਆਂ ਨੂੰ ਕਾਬੂ ਕਰ ਲਿਆ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬੇਅੰਤ ਸਿੰਘ ਉਰਫ਼ ਕਾਲਾ (ਵਾਸੀ ਢਿੱਲਵਾਂ ਕਲਾਂ), ਰਾਜਵੀਰ ਸਿੰਘ (ਵਾਸੀ ਸੰਧਵਾਂ), ਜਿੰਦਰਪਾਲ ਸਿੰਘ ਉਰਫ਼ ਜਿੰਦਾ (ਵਾਸੀ ਸੰਧਵਾਂ), ਗੁਰਪ੍ਰੀਤ ਸਿੰਘ ਉਰਫ਼ ਗੋਲੂ (ਵਾਸੀ ਸੰਧਵਾਂ), ਹਰਜਿੰਦਰ ਸਿੰਘ (ਵਾਸੀ ਸੰਧਵਾਂ), ਪੁਲਸ ਨੇ ਇਨ੍ਹਾਂ ਪਾਸੋਂ ਇੱਕ ਲੋਹੇ ਦੀ ਸੱਬਲ, ਦੋ ਕਾਪੇ ਤੇ ਇੱਕ ਲੋਹੇ ਦੀ ਕੁਹਾੜੀ ਬਰਾਮਦ ਕੀਤੀ ਹੈ।ਪੁਲਸ ਅਨੁਸਾਰ ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਪਹਿਲਾਂ ਵੀ ਚੋਰੀ ਤੇ ਹੋਰ ਸੰਗੀਨ ਧਾਰਾਵਾਂ ਤਹਿਤ 4 ਮੁਕੱਦਮੇ ਦਰਜ ਹਨ।ਤਾਜ਼ਾ ਮਾਮਲੇ ਵਿੱਚ ਥਾਣਾ ਸਦਰ ਕੋਟਕਪੂਰਾ ਵਿਖੇ ਬੀ.ਐਨ.ਐਸ. ਦੀਆਂ ਧਾਰਾਵਾਂ 310(4) ਅਤੇ 310(5) ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਹੈਰੋਇਨ ਸਮੇਤ 3 ਗ੍ਰਿਫ਼ਤਾਰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 10 ਗ੍ਰਾਮ 33 ਮਿਲੀਗ੍ਰਾਮ ਹੈਰੋਇਨ ਸਮੇਤ 3 ਵਿਅਕਤੀਆਂ ਗਗਨਦੀਪ ਸਿੰਘ ਵਾਸੀ ਬੁਰਜ ਪੱਕਾ ਹਾਲ ਵਾਸੀ ਮਾਛੀਵਾੜਾ, ਜਸਵੀਰ ਰਾਮ ਵਾਸੀ ਉਧੋਵਾਲ ਕਲਾਂ ਹਾਲ ਵਾਸੀ ਮਾਛੀਵਾੜਾ ਤੇ ਗੁਰਪ੍ਰੀਤ ਸਿੰਘ ਵਾਸੀ ਮਾਛੀਵਾੜਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੁਖਦੀਪ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਸਬੰਧੀ ਗਸ਼ਤ ਕੀਤੀ ਜਾ ਰਹੀ ਸੀ ਤਾਂ ਟੀ-ਪੁਆਇੰਟ ਸ਼ਾਂਤੀ ਨਗਰ ਕੋਲ ਦੋ ਮੋਨੇ ਨੌਜਵਾਨ ਕੱਚੀ ਜਗ੍ਹਾ 'ਤੇ ਬੈਠੇ ਦਿਖਾਈ ਦਿੱਤੇ। ਪੁਲਸ ਪਾਰਟੀ ਨੂੰ ਦੇਖ ਇਹ ਪਾਰਦਰਸ਼ੀ ਲਿਫਾਫੇ ਨੂੰ ਛੱਡ ਕੇ ਭੱਜ ਗਏ, ਜਿਨ੍ਹਾਂ ਨੂੰ ਸਹਾਇਕ ਥਾਣੇਦਾਰ ਵੱਲੋਂ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਉਨ੍ਹਾਂ ਤੋਂ ਨਾਮ, ਪਤਾ ਪੁੱਛਿਆ। ਇੱਕ ਨੌਜਵਾਨ ਨੇ ਆਪਣਾ ਨਾਮ ਗਗਨਦੀਪ ਸਿੰਘ ਤੇ ਦੂਜੇ ਨੇ ਜਸਵੀਰ ਰਾਮ ਦੱਸਿਆ। ਇਨ੍ਹਾਂ ਨੌਜਵਾਨਾਂ ਵੱਲੋਂ ਛੱਡੇ ਗਏ ਪਾਰਦਰਸ਼ੀ ਮੋਮੀ ਲਿਫਾਫੀ ਦੀ ਜਾਂਚ ਕੀਤੀ ਤਾਂ ਉਸ 'ਚੋਂ 7 ਗ੍ਰਾਮ 33 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਉਕਤ ਨੌਜਵਾਨਾਂ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ। ਇਸ ਤਰ੍ਹਾਂ ਦੂਜੇ ਮਾਮਲੇ ਵਿੱਚ ਸਹਾਇਕ ਥਾਣੇਦਾਰ ਕਰਨੈਲ ਸਿੰਘ ਪੁਲਸ ਪਾਰਟੀ ਸਮੇਤ ਅਢਿਆਣਾ ਰੋਡ 'ਤੇ ਗਸ਼ਤ ਕਰ ਰਹੇ ਸੀ ਤਾਂ ਇੱਕ ਮੋਨਾ ਨੌਜਵਾਨ ਆਉਂਦਾ ਦਿਖਾਈ ਦਿੱਤਾ। ਪੁਲਸ ਨੂੰ ਦੇਖ ਨੌਜਵਾਨ ਨੇ ਆਪਣੀ ਪੈਂਟ ਦੀ ਜੇਬ 'ਚੋਂ ਇੱਕ ਮੋਮੀ ਲਿਫ਼ਾਫੀ ਸੜਕ ਕਿਨਾਰੇ ਸੁੱਟ ਦਿੱਤੀ। ਪੁਲਸ ਵੱਲੋਂ ਜਦੋਂ ਉਸ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਨਾਮ, ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਦੱਸਿਆ। ਪੁਲਸ ਨੇ ਜਦੋਂ ਉਸ ਵੱਲੋਂ ਸੁੱਟੀ ਲਿਫਾਫੀ ਦੀ ਜਾਂਚ ਕੀਤੀ ਤਾਂ ਉਸ 'ਚੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ।

# ਟ੍ਰਾਈਡੈਂਟ ਨੇ ਯੂਰਪ 'ਚ ਹੋਮ ਟੈਕਸਟਾਈਲ ਵਿਸਤਾਰ ਨੂੰ ਦਿੱਤੀ ਤੇਜ਼ੀ



**ਬਰਨਾਲਾ (ਰਾਜਿੰਦਰ ਬਰਾੜ)**

ਭਾਰਤ ਦੀਆਂ ਅਗੇਤਰੀ ਇੰਟੀਗ੍ਰੇਟਿਡ ਹੋਮ ਟੈਕਸਟਾਈਲ ਨਿਰਮਾਤਾ ਕੰਪਨੀਆਂ ਵਿੱਚ ਸ਼ਾਮਲ ਟ੍ਰਾਈਡੈਂਟ ਗਰੁੱਪ ਨੇ ਯੂਰਪ ਵਿੱਚ ਆਪਣੀ ਮੌਜੂਦਗੀ ਹੋਰ ਮਜ਼ਬੂਤ ਕਰਦੇ ਹੋਏ ਹੇਮਟੈਕਸਟਿਲ 2026 ਵਿੱਚ ਆਪਣੇ ਨਵੇਂ ਕਲੈਕਸ਼ਨ ਪੇਸ਼ ਕੀਤੇ।ਦੁਨੀਆ ਦੇ ਸਭ ਤੋਂ ਵੱਡੇ ਹੋਮ ਤੇ ਕਾਂਟ੍ਰੈਕਟ ਟੈਕਸਟਾਈਲ ਟਰੇਡ ਫੇਅਰ 'ਹੇਮਟੈਕਸਟਿਲ' ਦਾ ਆਯੋਜਨ 13 ਤੋਂ 16 ਜਨਵਰੀ 2026 ਤੱਕ ਜਰਮਨੀ ਦੇ ਮੇਸੇ ਫ੍ਰੈਂਕਫਰਟ ਵਿੱਚ ਕੀਤਾ ਗਿਆ।ਇਸ ਭਾਗੀਦਾਰੀ ਰਾਹੀਂ ਟ੍ਰਾਈਡੈਂਟ ਨੇ ਯੂਰਪ ਵਿੱਚ ਆਪਣੇ ਵਿਸਤਾਰ 'ਤੇ ਧਿਆਨ ਕੇਂਦਰਿਤ ਕਰਦਿਆਂ ਇਹ ਦਰਸਾਇਆ ਹੈ ਕਿ ਭਾਰਤ, ਯੂਕੇ ਤੇ ਯੂਰਪੀ ਯੂਨੀਅਨ ਦਰਮਿਆਨ ਪ੍ਰਸਤਾਵਿਤ ਮੁਫ਼ਤ ਵਪਾਰ ਸਮਝੌਤਿਆਂ (ਐਫ਼ਟੀਏ) ਨਾਲ ਬਣ ਰਹੀਆਂ ਅਨੁਕੂਲ ਵਪਾਰਕ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਕੰਪਨੀ ਅੱਗੇ ਵਧ ਰਹੀ ਹੈ।ਹੇਮਟੈਕਸਟਿਲ ਵਿੱਚ ਟ੍ਰਾਈਡੈਂਟ ਨੇ ਆਪਣੀ 'ਟੀਜੀ ਕਲੈਕਸ਼ਨ' ਨੂੰ ਪੇਸ਼ ਕੀਤਾ, ਜੋ 'ਵਿਜ਼ੀਬਲ ਇਨਵਿਜ਼ੀਬਲ' ਥੀਮ 'ਤੇ ਆਧਾਰਤ ਹੈ।ਇਹ ਕਲੈਕਸ਼ਨ ਆਧੁਨਿਕ ਡਿਜ਼ਾਈਨ, ਸਸਟੇਨੇਬਿਲਿਟੀ ਤੇ ਨਵੀਨਤਾ ਦਾ ਮੇਲ ਹੈ, ਜੋ ਇਹ ਦਰਸਾਉਂਦਾ ਹੈ ਕਿ ਸੋਚ-ਵਿਚਾਰ ਨਾਲ ਕੀਤੀਆਂ ਡਜ਼ਾਈਨ ਚੋਣਾਂ, ਜ਼ਿੰਮੇਵਾਰ ਸੋਰਸਿੰਗ ਤੇ ਉੱਨਤ ਮੈਨੂਫੈਕਚਰਿੰਗ ਰਾਹੀਂ ਰੋਜ਼ਾਨਾ ਵਰਤੋਂ ਵਾਲੇ ਹੋਮ ਟੈਕਸਟਾਈਲ ਉਤਪਾਦ ਕਿਵੇਂ ਤਿਆਰ ਹੁੰਦੇ ਹਨ।ਇਹ ਸਭ ਕੁਝ ਯੂਰਪੀ ਉਪਭੋਗਤਾਵਾਂ ਦੀਆਂ ਬਦਲਦੀਆਂ ਉਮੀਦਾਂ ਦੇ ਅਨੁਕੂਲ ਹੈ।ਇਸ ਸਾਲ ਹੇਮਟੈਕਸਟਿਲ ਵਿੱਚ ਖ਼ਾਸ ਤੌਰ 'ਤੇ ਸਸਟੇਨੇਬਿਲਿਟੀ ਤੇ ਹੋਮ ਟੈਕਸਟਾਈਲ ਵਿੱਚ ਆਰਟੀਫ਼ੀਸ਼ਲ ਇੰਟੈਲੀਜੈਂਸ 'ਤੇ ਧਿਆਨ ਕੇਂਦਰਿਤ ਕੀਤਾ।

ਕੰਪਨੀ ਦੀ ਯੂਰਪੀ ਰਣਨੀਤੀ 'ਤੇ ਟਿੱਪਣੀ ਕਰਦਿਆਂ ਟ੍ਰਾਈਡੈਂਟ ਗਰੁੱਪ ਦੇ ਸੀਈਓ, ਸਟ੍ਰੈਟਜੀ ਐਂਡ ਮਾਰਕੀਟਿੰਗ, ਅਭਿਸ਼ੇਕ ਗੁਪਤਾ ਨੇ ਕਿਹਾ, ਯੂਰਪ ਸਾਡੇ ਹੋਮ ਟੈਕਸਟਾਈਲ ਕਾਰੋਬਾਰ ਲਈ ਇੱਕ ਰਣਨੀਤਕ ਬਾਜ਼ਾਰ ਹੈ।ਅਨੁਕੂਲ ਵਪਾਰਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੇਖਦੇ ਹੋਏ ਅਸੀਂ ਸਥਾਨਕ ਨੇਤ੍ਰਿਤਵ ਵਿੱਚ ਨਿਵੇਸ਼ ਕਰ ਰਹੇ ਹਾਂ ਤੇ ਅਜਿਹੀਆਂ ਕਲੈਕਸ਼ਨਾਂ ਪੇਸ਼ ਕਰ ਰਹੇ ਹਾਂ ਜੋ ਸਸਟੇਨੇਬਿਲਿਟੀ, ਗੁਣਵੱਤਾ ਅਤੇ ਡਿਜ਼ਾਈਨ ਸੰਬੰਧੀ ਯੂਰਪੀ ਪਸੰਦਾਂ ਨੂੰ ਦਰਸਾਉਂਦੀਆਂ ਹਨ।ਗਲੋਬਲ ਹੋਮ ਟੈਕਸਟਾਈਲ ਬਾਜ਼ਾਰ ਦਾ ਆਕਾਰ ਲਗਭਗ 136-140 ਅਰਬ ਅਮਰੀਕੀ ਡਾਲਰ ਅੰਕਲਣ ਕੀਤਾ ਗਿਆ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਇਸ ਵਿੱਚ ਸਥਿਰ ਵਾਧੇ ਦੀ ਉਮੀਦ ਹੈ।ਇਸ ਪ੍ਰਸੰਗ ਵਿੱਚ ਟ੍ਰਾਈਡੈਂਟ ਯੂਰਪੀ ਰਿਟੇਲਰਾਂ ਨਾਲ ਸਾਂਝੇਦਾਰੀਆਂ ਨੂੰ ਹੋਰ ਮਜ਼ਬੂਤ ਕਰਨ ਅਤੇ ਜ਼ਿੰਮੇਵਾਰੀ ਨਾਲ ਕਾਰੋਬਾਰ ਵਧਾਉਣ ਵੱਲ ਅੱਗੇ ਵਧ ਰਿਹਾ ਹੈ।

ਇਸ ਵਿਸਤਾਰ ਨੂੰ ਸਮਰਥਨ ਦੇਣ ਲਈ ਟ੍ਰਾਈਡੈਂਟ ਨੇ ਜਰਮਨੀ ਤੇ ਫ਼ਰਾਂਸ ਲਈ ਸਮਰਪਿਤ ਡਾਇਰੈਕਟਰ ਨਿਯੁਕਤ ਕਰਕੇ ਆਪਣੀ ਸਥਾਨਕ ਮੌਜੂਦਗੀ ਨੂੰ ਹੋਰ ਮਜ਼ਬੂਤ ਕੀਤਾ ਹੈ।ਇਸ ਨਾਲ ਗਾਹਕਾਂ ਨਾਲ ਨੇੜਲਾ ਸੰਪਰਕ, ਤੇਜ਼ ਪ੍ਰਤੀਕਿਰਿਆ ਅਤੇ ਮੁੱਖ ਬਾਜ਼ਾਰਾਂ ਵਿੱਚ ਮਜ਼ਬੂਤ ਜ਼ਮੀਨੀ ਸਬੰਧ ਬਣਾਉਣ ਵਿੱਚ ਮਦਦ ਮਿਲੇਗੀ।

ਹੇਮਟੈਕਸਟਿਲ ਵਿੱਚ ਟ੍ਰਾਈਡੈਂਟ ਦੀ ਪ੍ਰਸਤੁਤੀ ਭਾਰਤੀ ਸੌਂਦਰਯ ਸ਼ਾਸਤਰ ਤੇ ਆਧੁਨਿਕ ਵਿਸ਼ਵ ਰੁਝਾਨਾਂ ਤੋਂ ਪ੍ਰੇਰਿਤ ਹੈ, ਜਿਸ ਵਿੱਚ ਆਰਾਮ, ਖ਼ੁਸ਼ੀ ਤੇ ਮਜ਼ਬੂਤੀ ਵਰਗੀਆਂ ਭਾਵਨਾਵਾਂ ਨੂੰ ਬਾਥ ਅਤੇ ਬੈੱਡ ਲਿਨਨ ਕਲੈਕਸ਼ਨਾਂ ਰਾਹੀਂ ਦਰਸਾਇਆ ਗਿਆ ਹੈ।ਟੀਜੀ ਰੇਂਜ ਵਿੱਚ ਜ਼ਿੰਮੇਵਾਰੀ ਨਾਲ ਸਰੋਤ ਕੀਤਾ ਕਪਾਹ, ਪਰਫ਼ਾਰਮੈਂਸ-ਅਧਾਰਿਤ ਫਿਨਿਸ਼ ਅਤੇ ਆਧੁਨਿਕ ਰੰਗ ਸੰਯੋਜਨ ਸ਼ਾਮਲ ਹਨ। ਇਸ ਕਲੈਕਸ਼ਨ ਨੂੰ ਹੇਮਟੈਕਸਟਿਲ ਦੌਰਾਨ ਜਰਮਨੀ, ਫ਼ਰਾਂਸ, ਯੂ ਕੇ ਸਮੇਤ ਹੋਰ ਯੂਰਪੀ ਬਾਜ਼ਾਰਾਂ ਦੇ ਖਰੀਦਦਾਰਾਂ ਵੱਲੋਂ ਉਤਸ਼ਾਹਜਨਕ ਪ੍ਰਤਿਕਿਰਿਆ ਮਿਲੀ ।

# ਸ਼ਾਂਤੀ ਦੇਵੀ ਦੀ ਚੌਥੀ ਬਰਸੀ 'ਤੇ ਅੱਖਾਂ ਦਾ ਚੈੱਕਅੱਪ ਤੇ ਆਪ੍ਰੇਸ਼ਨ ਕੈਂਪ ਭਲਕੇ



ਰਕੇਸ਼ ਤਾਇਲ ਮੁੱਖ ਸੇਵਾਦਾਰ ਤੇ ਹੋਰ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਵਾਲੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾਫੂਲ ਵੱਲੋ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਸਵ: ਸ਼ਾਂਤੀ ਦੇਵੀ (ਸੁਪਤਨੀ ਰਾਜ ਕੁਮਾਰ ਗਾਂਧੀ) ਦੀ ਚੌਥੀ ਬਰਸੀ ਤੇ ਉਹਨਾਂ ਦੇ ਪਰਿਵਾਰ ਵੱਲੋ 141ਵਾਂ ਅੱਖਾਂ ਦਾ ਚੈੱਕਅੱਪ ਤੇ ਆਪ੍ਰੇਸ਼ਨ (ਲੈਂਜ) ਕੈਂਪ 18 ਜਨਵਰੀ 2026 ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋ 1 ਵਜੇ ਤੱਕ, ਸਥਾਨ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ, ਰਾਮਪੁਰਾਫੂਲ ਵਿਖੇ ਲਗਾਇਆ ਜਾ ਰਿਹਾ ਹੈ।ਸ. ਗੁਰਮੀਤ ਸਿੰਘ (ਮੀਤ ਹੇਅਰ) ਮੈਂਬਰ ਪਾਰਲੀਮੈਂਟ ਸੰਗਰੂਰ ਇਸ ਕੈਂਪ ਦੇ ਮੁੱਖ ਮਹਿਮਾਨ ਹੋਣਗੇ।ਇਸ ਦੀ ਹੋਰ ਜਾਣਕਾਰੀ ਦਿੰਦਿਆ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।ਇਸ ਮੌਕੇ ਸੋਸਾਇਟੀ ਮੈਂਬਰ ਸ਼ੇਰ ਜੰਗ ਬੋਬੀ, ਵਿਜੈ ਕੁਮਾਰ, ਅਸ਼ਵਨੀ ਕੁਮਾਰ, ਫਕੀਰ ਚੰਦ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਅਵਿਨਾਸ਼ ਕੁਮਾਰ, ਮਿਲਵਰਤਣ ਭੰਡਾਰੀ, ਗੁਲਸ਼ਨ ਕੁਮਾਰ, ਵਿਨੋਦ ਕੁਮਾਰ, ਪ੍ਰਸ਼ੋਤਮ ਕੁਮਾਰ ਬੋਬੀ, ਜਤਿੰਦਰ ਕੁਮਾਰ ਤੇ ਤਰਸੇਮ ਕੁਮਾਰ ਆਦਿ ਹਾਜ਼ਰ ਸਨ।

# ਡੀ ਏ ਵੀ ਨੈਸ਼ਨਲ ਖੇਡਾਂ 'ਚ ਸੈਂਟਨਰੀ ਸਕੂਲ ਨੇ 22 ਮੈਡਲ ਜਿੱਤੇ




**ਜਗਰਾਉਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਹੋਣਹਾਰ ਖਿਡਾਰੀਆਂ ਨੇ ਡੀ.ਏ.ਵੀ. ਨੈਸ਼ਨਲ ਸਪੋਰਟਸ-2025 ਵਿਚ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਕੇ 2 ਗੋਲਡ, 8 ਸਿਲਵਰ ਤੇ 12 ਬਰੋਨਜ਼ ਕੁੱਲ 22 ਮੈਡਲ ਹਾਸਲ ਕਰਕੇ ਸਕੂਲ, ਇਲਾਕੇ ਤੇ ਸਟੇਟ ਦਾ ਨਾਮ ਰੋਸ਼ਨ ਕੀਤਾ ਹੈ।ਪ੍ਰਿੰਸੀਪਲ ਨੇ ਦੱਸਿਆ ਕਿ ਹਰਿਦੁਆਰ 'ਚ 6 ਜਨਵਰੀ 2025 ਨੂੰ ਰੋਪ ਸਕਿਪਿੰਗ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅੰਡਰ-17 ਮੁੰਡਿਆਂ ਵਿੱਚ ਅਰਜੁਨ ਜੈਨ ਨੇ ਇੱਕ ਸਿਲਵਰ ਤੇ ਬਰੋਨਜ਼ ਮੈਡਲ ਹਾਸਲ ਕੀਤਾ।ਸਿਧਾਰਥ ਜੈਨ ਤੇ ਗੁਰਜੋਤ ਸਿੰਘ ਨੇ ਬਰੋਨਜ਼ ਮੈਡਲ ਹਾਸਲ ਕੀਤਾ।ਅਰੋਬਿਕਸ, ਵਸ਼ੂ ਤੇ ਅਰਚਰੀ ਖੇਡਾਂ ਦੇ ਮੁਕਾਬਲੇ ਨੋਇਡਾ ਵਿੱਚ 10 ਤੋਂ 12 ਜਨਵਰੀ 2026 ਤੱਕ ਕਰਵਾਏ ਗਏ।ਅਰੋਬਿਕਸ ਵਿੱਚ ਅੰਡਰ-17 ਕੁੜੀਆਂ ਵਿੱਚ ਮੰਨਤ ਪ੍ਰੀਤ ਕੌਰ ਜੈਸਮੀਨ, ਗੁਨੀਤ, ਸਾਨਵੀ, ਮਾਨਵੀ ਤੇ ਹਰਮਨ ਨੇ ਆਪਣੀ ਕਲਾ ਦਾ ਖ਼ੂਬ ਪ੍ਰਦਰਸ਼ਨ ਕਰਕੇ ਭਾਗੀਦਾਰੀ ਕੀਤਾ।ਅੰਡਰ-19 ਕੁੜੀਆਂ ਵਿੱਚ ਪ੍ਰਾਰਥਨਾ, ਭਵਜੋਤ ਕੌਰ, ਏਂਜਲ ਬੈਂਬੀ, ਜਾਨ੍ਹਵੀ ਨਿਹਾਰਿਕਾ ਤੇ ਨਿਸ਼੍ਚਟਾ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਹਾਸਲ ਕੀਤੇ ਤੇ ਨਾਲ ਹੀ ਫ਼ਸਟ ਰਨਰਅੱਪ ਟਰਾਫ਼ੀ ਪ੍ਰਾਪਤ ਕੀਤੀ।ਵਸ਼ੂ ਖੇਡ 'ਚ ਅੰਡਰ-14 ਕੁੜੀਆਂ ਵਿੱਚ ਹਰਵੀਨ ਕੌਰ, ਅੱਵਲ ਨੂਰ ਕੌਰ ਤੇ ਕਾਰਵੀ ਸੱਚਦੇਵਾ ਨੇ ਬਰੋਨਜ਼ ਮੈਡਲ ਹਾਸਲ ਕੀਤਾ।ਵਸ਼ੂ ਅੰਡਰ-17 ਕੁੜੀਆਂ 'ਚ ਏਕਮ ਵਰਮਾ ਤੇ ਤਨਵੀ ਨੇ ਬਰੋਨਜ਼ ਮੈਡਲ, ਨਵਨੂਰ ਨੇ ਸਿਲਵਰ ਮੈਡਲ ਹਾਸਲ ਕੀਤਾ। ਅਰਲੀਨ ਕੌਰ ਤੇ ਗੀਆ ਨੇ ਵੀ ਆਪਣੀ ਚੰਗੀ ਭਾਗੀਦਾਰੀ ਦਿਖਾਈ।ਵਸ਼ੂ ਅੰਡਰ-19 ਕੁੜੀਆਂ ਵਿੱਚ ਯਸ਼ਿਕਾ ਨੇ ਗੋਲਡ, ਯਸ਼ਿਕਾ ਗਰਗ ਤੇ ਆਕ੍ਰਿਤੀ ਨੇ ਸਿਲਵਰ, ਅਵਨੀਤ ਕੌਰ ਤੇ ਜਪਜੀਤ ਕੌਰ ਨੇ ਬਰੋਨਜ਼ ਮੈਡਲ ਹਾਸਲ ਕਰਕੇ ਸਕੂਲ ਨੂੰ ਫ਼ਸਟ ਰਨਰ-ਅੱਪ ਟਰਾਫ਼ੀ ਜਿਤਾਈ। ਐਥਲੈਟਿਕਸ ਖੇਡਾਂ, ਜੋ ਕਿ ਰਾਂਚੀ ਵਿਖੇ ਕਰਵਾਈਆਂ ਗਈਆਂ। ਅੰਡਰ-9 ਲੜਕਿਆਂ ਵਿੱਚ ਸ਼ੋਟ-ਪੁੱਟ ਤੇ ਡਿਸਕਸ ਥਰੋਅ ਵਿੱਚ ਅਮਨਿੰਦਰ ਸਿੰਘ ਨੇ 2 ਬਰੋਨਜ਼ ਮੈਡਲ ਹਾਸਲ ਕੀਤੇ।ਅਰਚਰੀ ਵਿੱਚ ਅੰਡਰ-14 ਕੁੜੀਆਂ 'ਚ ਪਰਾਸ਼ੀ ਰਾਣੀ ਨੇ ਸਿਲਵਰ ਤੇ ਤਵੀਸ਼ਾ ਨੇ ਸਿਲਵਰ ਦੇ ਨਾਲ-ਨਾਲ ਬਰੋਨਜ਼ ਮੈਡਲ ਮੈਡਲ ਪ੍ਰਾਪਤ ਕੀਤਾ। ਅੰਡਰ-17 ਲੜਕੀਆਂ ਵਿੱਚ ਅਨੁਸ਼ਕਾ ਸ਼ਰਮਾ ਨੇ ਗੋਲਡ ਮੈਡਲ ਹਾਸਲ ਕੀਤਾ ਸਕੂਲ ਨੂੰ ਆਰਜਰੀ ਅੰਡਰ-14 ਕੁੜੀਆਂ ਵਿੱਚ ਖਿਡਾਰਨਾਂ ਨੇ ਫ਼ਸਟ ਰਨਰ-ਅੱਪ ਟਰਾਫ਼ੀ ਵੀ ਜਿਤਾਈ।ਇਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੀ ਮਿਹਨਤ ਤੇ ਲਗਨ ਨੂੰ ਦਿਖਾਉਂਦਿਆਂ ਹੋਇਆਂ ਪ੍ਰਾਪਤ ਕੀਤੇ ਗਏ ਤਮਗੇ ਤੇ ਟਰਾਫੀਆਂ ਲਈ ਸਕੂਲ ਵਿੱਚ ਸਨਮਾਨਤ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਐੱਲ. ਐੱਮ. ਸੀ. ਮੈਂਬਰ ਰਾਜ ਕੁਮਾਰ ਭੱਲਾ ਨੂੰ ਉਚੇਚੇ ਤੌਰ 'ਤੇ ਵਿਦਿਆਰਥੀਆਂ ਤੇ ਮਾਪਿਆਂ ਦਾ ਸਨਮਾਨ ਕਰਨ ਲਈ ਬੁਲਾਇਆ ਗਿਆ।ਉਨ੍ਹਾਂ ਦੇ ਨਾਲ-ਨਾਲ ਹੀ ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਵੱਲੋਂ ਖਿਡਾਰੀਆਂ ਦੇ ਅਗਵਾਈਕਾਰ ਸਕੂਲ ਦੇ ਡੀ.ਪੀ.ਈ. ਅਧਿਆਪਕ ਸਾਹਿਬਾਨਾਂ ਡੀ.ਪੀ.ਈ. ਹਰਦੀਪ ਸਿੰਘ ਬਿੰਜਲ ਡੀ.ਪੀ.ਈ. ਸੁਰਿੰਦਰ ਪਾਲ ਵਿੱਜ, ਡੀ.ਪੀ.ਈ. ਸੁਰਿੰਦਰ ਕੌਰ ਤੂਰ, ਡਾਂਸ ਟੀਚਰ ਸ਼ਿਫਾਲੀ ਤੇ ਖ਼ੁਸ਼ਹਾਲ ਸਰ ਨੂੰ ਵੀ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ।

# ਕੱਕੜਵਾਲ ਚੌਕ ਦੀਆਂ ਟ੍ਰੈਫਿਕ ਲਾਈਟਾਂ ਚਾਲੂ ਕਰਵਾਉਣ ਲਈ ਡੀ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸ਼ਹਿਰ ਦੇ ਜਨਤਕ ਮੁੱਦਿਆਂ ਨੂੰ ਪ੍ਰਸ਼ਾਸਨ ਤੱਕ ਉਭਾਰਨ ਵਾਲੀ ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਧੂਰੀ ਵਿਕਾਸ ਮੰਚ (ਰਜਿ.) ਵੱਲੋਂ ਇਲਾਕੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿੱਢੀ ਮੁਹਿੰਮ ਤਹਿਤ ਅੱਜ ਡਿਪਟੀ ਸੁਪਰਡੈਂਟ ਆਫ਼ ਪੁਲਸ, ਧੂਰੀ ਗੁਰਪ੍ਰੀਤ ਸਿੰਘ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ।ਇਸ ਮੰਗ ਪੱਤਰ ਰਾਹੀਂ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ ਤੇ ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਨੇ ਕੱਕੜਵਾਲ ਚੌਕ ਵਿੱਚ ਲੰਬੇ ਸਮੇਂ ਤੋਂ ਬੰਦ ਪਈਆਂ ਟ੍ਰੈਫਿਕ ਲਾਈਟਾਂ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਕੀਤੀ ਗਈ।ਮੰਚ ਦੇ ਨੁਮਾਇੰਦਿਆਂ ਨੇ ਡੀ.ਐੱਸ.ਪੀ. ਦੇ ਧਿਆਨ ਵਿੱਚ ਲਿਆਂਦਾ ਕਿ ਕੱਕੜਵਾਲ ਚੌਕ ਇੱਕ ਬਹੁਤ ਹੀ ਭੀੜ ਭੜੱਕੇ ਤੇ ਚੁਫੇਰਿਓਂ ਹੈਵੀ ਆਵਾਜਾਈ ਵਾਲਾ ਚੌਕ ਹੈ, ਜੋ ਕਿ ਸਟੇਟ ਹਾਈਵੇਅ 'ਤੇ ਸਥਿਤ ਹੈ।ਇਹ ਚੌਕ ਚਾਰ ਮੁੱਖ ਮਾਰਗਾਂ ਧੂਰੀ ਸ਼ਹਿਰ, ਬਰਨਾਲਾ, ਸੰਗਰੂਰ ਤੇ ਮਲੇਰਕੋਟਲਾ ਨੂੰ ਆਪਸ ਵਿੱਚ ਜੋੜਦਾ ਹੈ।ਟ੍ਰੈਫਿਕ ਲਾਈਟਾਂ ਖਰਾਬ ਹੋਣ ਕਾਰਨ ਇੱਥੇ ਹਰ ਵੇਲੇ ਜਾਮ ਦੀ ਸਥਿਤੀ ਬਣੀ ਰਹਿੰਦੀ ਹੈ ਤੇ ਵਾਹਨ ਚਾਲਕਾਂ ਵਿੱਚ ਭਾਰੀ ਭੰਬਲਭੂਸਾ ਪੈਦਾ ਹੁੰਦਾ ਹੈ।ਮੰਚ ਨੇ ਚਿੰਤਾ ਪ੍ਰਗਟਾਈ ਕਿ ਲਾਈਟਾਂ ਬੰਦ ਹੋਣ ਕਾਰਨ ਇੱਥੇ ਆਏ ਦਿਨ ਸੜਕੀ ਹਾਦਸੇ ਵਾਪਰ ਰਹੇ ਹਨ ਤੇ ਨਿੱਤ ਲੋਕ ਹਾਦਸਿਆਂ 'ਚ ਆਪਣੀ ਜਾਨ ਤੋਂ ਹੱਥ ਧੋ ਰਹੇ ਹਨ।ਪੈਦਲ ਚੱਲਣ ਵਾਲੇ ਰਾਹਗੀਰਾਂ ਤੇ ਸਕੂਲੀ ਬੱਚਿਆਂ ਲਈ ਇਸ ਚੌਕ ਨੂੰ ਪਾਰ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਹੈ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕੱਕੜਵਾਲ ਚੌਕ ਦੀਆਂ ਟ੍ਰੈਫਿਕ ਲਾਈਟਾਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਤੇ ਲਾਈਟਾਂ ਦੇ ਰੱਖ-ਰਖਾਅ ਲਈ ਸਥਾਈ ਪ੍ਰਬੰਧ ਕੀਤੇ ਜਾਣ।ਡੀ.ਐੱਸ.ਪੀ. ਧੂਰੀ ਗੁਰਪ੍ਰੀਤ ਸਿੰਘ ਨੇ ਮੰਚ ਦੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਇਸ ਗੰਭੀਰ ਮਸਲੇ ਦਾ ਜਲਦ ਹੀ ਹੱਲ ਕੀਤਾ ਜਾਵੇਗਾ ਤਾਂ ਜੋ ਸ਼ਹਿਰ ਨਿਵਾਸੀਆਂ ਤੇ ਰਾਹਗੀਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

# ਮੀਟਿੰਗ ਦਾ ਸਮਾਂ ਦੇ ਕੇ ਵਾਰ ਵਾਰ ਰੱਦ ਕਰਨਾ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਦਾ ਸਬੂਤ : ਮਜ਼ਦੂਰ ਆਗੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਵਾਰ-ਵਾਰ ਤਹਿ ਕੀਤੀਆਂ ਮੀਟਿੰਗਾਂ ਨੂੰ ਬਿਨਾਂ ਕਾਰਨ ਦੱਸੇ ਰੱਦ ਕਰਨਾ ਸਿਰਫ਼ ਪ੍ਰਸ਼ਾਸਨਕ ਨਾਕਾਮੀ ਨਹੀਂ, ਸਗੋਂ ਭਾਰਤੀ ਸੰਵਿਧਾਨ ਵਿੱਚ ਦਰਜ ਲੋਕਤੰਤਰਿਕ ਮੁੱਲਾਂ, ਗੱਲਬਾਤ ਦੇ ਅਧਿਕਾਰ ਤੇ ਸਮਾਜਿਕ ਇਨਸਾਫ਼ ਦੀਆਂ ਖੁੱਲ੍ਹੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ।ਇਹ ਪ੍ਰਗਟਾਵਾ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਡਾ: ਜਗਰਾਜ ਸਿੰਘ ਸਰਪੰਚ ਟੱਲੇਵਾਲ, ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਤੇ ਮਜ਼ਦੂਰ ਆਗੂ ਜੀਵਨ ਸਿੰਘ ਬਿਲਾਸਪੁਰ ਨੇ ਸਾਂਝੇ ਤੌਰ 'ਤੇ ਕੀਤਾ।ਉਨ੍ਹਾਂ ਦੱਸਿਆ ਕਿ ਮਜ਼ਦੂਰਾਂ ਦੀਆਂ ਹੱਕੀ ਜਾਇਜ਼ ਮੰਗਾਂ ਨੂੰ ਲੈ ਕੇ ਮਜ਼ਦੂਰ ਜਥੇਬੰਦੀਆਂ ਭਾਈ ਲਾਲੋ ਪੰਜਾਬੀ ਮੰਚ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ,ਅਤੇ ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਦੀ ਕੋਠੀ ਸੰਗਰੂਰ ਅੱਗੇ ਲਗਾਏ ਰੋਸ ਮੋਰਚੇ ਤੋਂ ਬਾਅਦ ਸੰਗਰੂਰ ਪ੍ਰਸ਼ਾਸਨ ਵੱਲੋਂ ਸਰਕਾਰ ਨਾਲ ਚੰਡੀਗੜ੍ਹ ਵਿੱਚ ਮੀਟਿੰਗ ਦਾ ਸਮਾਂ 12 ਜਨਵਰੀ ਨੂੰ ਤਹਿ ਕੀਤਾ ਸੀ, ਪਰ ਪੰਜਾਬ ਸਰਕਾਰ ਨੇ ਬਿਨਾਂ ਕੋਈ ਵਜ੍ਹਾ ਦੱਸੇ ਇਹ ਮੀਟਿੰਗ ਰੱਦ ਕਰ ਦਿੱਤੀ।ਇਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਫੇਰ 14 ਜਨਵਰੀ ਨੂੰ ਮੀਟਿੰਗ ਦੀ ਤਰੀਕ ਦਿੱਤੀ ਗਈ।ਹੁਣ ਜਦੋਂ ਦਿਤੇ ਗਏ ਸਮੇਂ ਅਨੁਸਾਰ ਮਜ਼ਦੂਰ ਆਗੂ ਡਾ: ਜੁਗਰਾਜ ਸਿੰਘ ਟੱਲੇਵਾਲ ਦੀ ਅਗਵਾਈ ਹੇਠ ਮਜ਼ਦੂਰ ਨੁਮਾਇੰਦੇ ਆਪਣੀਆਂ ਸੰਵਿਧਾਨਕ ਮੰਗਾਂ 'ਤੇ ਵਿਚਾਰ-ਚਰਚਾ ਲਈ ਚੰਡੀਗੜ੍ਹ ਜਾ ਰਹੇ ਸਨ, ਤਾਂ ਰਸਤੇ 'ਚ ਹੀ ਫਿਰ ਮੀਟਿੰਗ ਕੈਂਸਲ ਹੋਣ ਦੀ ਸੂਚਨਾ ਦੇ ਦਿੱਤੀ ਗਈ, ਜਿਸ ਕਰਕੇ ਆਗੂਆਂ ਨੂੰ ਰਸਤੇ ਵਿੱਚੋ ਵਾਪਸ ਮੁੜਨਾ ਪਿਆ।ਸਰਕਾਰ ਦਾ ਇਹ ਵਤੀਰਾ ਮਜ਼ਦੂਰ ਵਰਗ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਤੀ ਮਜ਼ਦੂਰ ਵਿਰੋਧੀ ਤੇ ਧੋਖੇਬਾਜ਼ ਨੀਤੀ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਦਾ ਹੈ।ਮਜ਼ਦੂਰ ਆਗੂਆਂ ਨੇ ਕਿਹਾ ਕਿ ਵਾਰ-ਵਾਰ ਮੀਟਿੰਗਾਂ ਰੱਖ ਕੇ ਫਿਰ ਮੁਕਰ ਜਾਣਾ ਮਜ਼ਦੂਰ ਆਗੂਆਂ ਦੀ ਬੇਇੱਜ਼ਤੀ ਹੀ ਨਹੀਂ, ਸਗੋਂ ਲੱਖਾਂ ਮਜ਼ਦੂਰਾਂ ਦੇ ਲੋਕਤੰਤਰਿਕ ਹੱਕਾਂ ਦੀ ਤੌਹੀਨ ਹੈ।ਇਹ ਰਵੱਈਆ ਸਾਬਿਤ ਕਰਦਾ ਹੈ ਕਿ ਸਰਕਾਰ ਮਜ਼ਦੂਰਾਂ ਨਾਲ ਸੰਵਿਧਾਨਕ ਸੰਵਾਦ ਕਰਨ ਤੋਂ ਭੱਜ ਰਹੀ ਹੈ ਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਜ਼ਲੀਲ ਕਰ ਰਹੀ ਹੈ। ਮਜ਼ਦੂਰ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਜਾਣ-ਬੁੱਝ ਕੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਤੋਂ ਮੂੰਹ ਮੋੜ ਕੇ ਸੰਵਿਧਾਨ ਅਨੁਸਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਇਹ ਤਾਨਾਸ਼ਾਹੀ ਰਵੱਈਆ ਲੋਕਤੰਤਰ ਲਈ ਗੰਭੀਰ ਖ਼ਤਰਾ ਹੈ।ਮਜ਼ਦੂਰ ਆਗੂਆਂ ਨੇ ਇਸ ਗੈਰ-ਜ਼ਿੰਮੇਵਾਰਾਨਾ ਤੇ ਸੰਵਿਧਾਨ ਵਿਰੋਧੀ ਰਵੱਈਏ ਦੀ ਸਖ਼ਤ ਨਿੰਦਾ ਕਰਦਿਆਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਤੁਰੰਤ ਮਜ਼ਦੂਰ ਆਗੂਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ, ਤਾਂ ਮਜ਼ਦੂਰ ਜਥੇਬੰਦੀਆਂ ਵੱਲੋਂ ਸੰਘਰਸ਼ ਨੂੰ ਰਾਜ ਪੱਧਰ 'ਤੇ ਹੋਰ ਤੇਜ਼ ਕੀਤਾ ਜਾਵੇਗਾ।ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਸਿਰ ਹੋਵੇਗੀ।

## ਧੱਲੇਕੇ 'ਚ ਲਗਾਇਆ ਫਰੀ ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਤੇ ਆਯੂਸ਼ ਵਿਭਾਗ ਪੰਜਾਬ ਤੇ ਡਾਇਰੈਕਟਰ ਆਯੁਰਵੈਦ ਪੰਜਾਬ ਡਾਕਟਰ ਰਮਨ ਖੰਨਾ ਅਤੇ ਹੋਮਿਓਪੈਥੀ ਵਿਭਾਗ ਦੇ ਡਾਇਰੈਕਟਰ ਡਾਕਟਰ ਹਰਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਜ਼ਿਲ੍ਹਾ ਆਯੁਰਵੈਦਿਕ ਅਫਸਰ ਡਾਕਟਰ ਪਰਵਿੰਦਰ ਸਿੰਘ ਤੇ ਜ਼ਿਲ੍ਹਾ ਹੋਮਿਓਪੈਥਿਕ ਅਫਸਰ ਡਾਕਟਰ ਗੁਰਦਰਸ਼ਨ ਕੌਰ ਦੀ ਰਹਿਨੁਮਾਈ ਹੇਠ ਪਿੰਡ ਧੱਲੇਕੇ ਵਿਖੇ ਫਰੀ ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਪਹੁੰਚੇ ਮਰੀਜ਼ਾਂ ਦਾ ਮਾਹਰ ਡਾਕਟਰਾਂ ਵੱਲੋਂ ਚੈੱਕਅਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਕੈਂਪ ਦੌਰਾਨ ਲਗਭਗ 612 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਦੌਰਾਨ ਆਯੁਰਵੈਦਿਕ ਵਿਭਾਗ ਵੱਲੋਂ 340 ਤੇ ਹੋਮਿਓਪੈਥਿਕ ਵਿਭਾਗ ਵੱਲੋਂ 272 ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ।ਕੈਂਪ ਦੌਰਾਨ ਆਯੁਰਵੈਦ ਵਿਭਾਗ ਵੱਲੋਂ ਡਾ. ਸਿਮਰਜੀਤ ਕੌਰ ਏ.ਐੱਮ.ਓ, ਡਾ. ਸੁਰੇਸ਼ ਕੁਮਾਰ ਏ.ਐੱਮ.ਓ, ਡਾ. ਗੁਰਪ੍ਰੀਤ ਸਿੰਘ ਏ ਐੱਮ ਓ, ਹੋਮਿਓਪੈਥੀ ਵਿਭਾਗ ਤੋਂ ਡਾ. ਰਣਜੀਤ ਸਿੰਘ ਐੱਚ.ਐੱਮ.ਓ. ਤੇ ਰਾਜਵਿੰਦਰ ਸਿੰਘ ਡਿਸਪੈਂਸਰ ਉਪਵੈਦ, ਮਨਦੀਪ ਸਿੰਘ ਉਪਵੈਦ, ਗੁਰਜਿੰਦਰ ਸਿੰਘ ਉਪਵੈਦ, ਸ੍ਰੀਮਤੀ ਵੀਰਪਾਲ ਕੌਰ ਉਪਵੈਦ ਤੇ ਲਖਵੰਤ ਕੌਰ ਟਰੇਡ ਦਾਈ ਵੱਲੋਂ ਡਿਊਟੀ ਨਿਭਾਈ ਗਈ। ਇਸ ਕੈਂਪ ਵਿੱਚ ਵਿਸ਼ੇਸ਼ ਸਹਿਯੋਗ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਸੁਖਮੰਦਰ ਸਿੰਘ, ਬੂਟਾ ਸਿੰਘ ਨੰਬਰਦਾਰ, ਜਗਰਾਜ ਸਿੰਘ ਫੌਜੀ, ਸਾਬਕਾ ਸਰਪੰਚ ਹਰਦੇਵ ਸਿੰਘ ਸਾਧੂ ਸਿੰਘ ਪੰਚ, ਸਾਬਕਾ ਬਲਾਕ ਸੰਮਤੀ ਮੈਂਬਰ ਨਛੱਤਰ ਸਿੰਘ, ਹਰਨੇਕ ਸਿੰਘ ਸਾਬਕਾ ਮੈਂਬਰ, ਮਹਿੰਦਰ ਸਿੰਘ ਸਰਪੰਚ, ਦਰਸ਼ਨ ਸਿੰਘ ਬਿਜਲੀ ਬੋਰਡ, ਹਾਕਮ ਸਿੰਘ ਰਾਹੁਲ ਜੌਹਲ ਤੇ ਕੁਲਵੰਤ ਸਿੰਘ ਬਿਜਲੀ ਬੋਰਡ ਦਿੱਤਾ ਗਿਆ।

## ਮ੍ਰਿਤਕ ਅਧਿਆਪਕ ਜੋੜੇ ਪ੍ਰਤੀ ਸਰਕਾਰ ਦੇ ਪੱਖਪਾਤੀ ਵਤੀਰੇ ਖ਼ਿਲਾਫ਼ ਕੈਂਡਲ ਮਾਰਚ

■ 18 ਨੂੰ ਮੋਗਾ ਸੂਬਾ ਪੱਧਰੀ ਇਨਸਾਫ ਰੈਲੀ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ ਅਧਿਆਪਕ : ਆਗੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਪਣੀ ਜਾਨ ਗਵਾਉਣ ਵਾਲੇ ਅਧਿਆਪਕ ਪਤੀ-ਪਤਨੀ ਦੇ ਪ੍ਰਤੀ ਪੰਜਾਬ ਦੀ ਆਪ ਸਰਕਾਰ ਵੱਲੋਂ ਅਪਣਾਇਆ ਜਾ ਰਿਹਾ ਵਤੀਰਾ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਹੈ। ਅਧਿਆਪਕ ਜੋੜੇ ਦੇ ਭੋਗ ਨੂੰ ਪਏ ਵੀ ਕਾਫੀ ਦਿਨ ਹੋ ਗਏ ਹਨ, ਪਰ ਪੰਜਾਬ ਦੀ ਆਪ ਸਰਕਾਰ ਵੱਲੋਂ ਮ੍ਰਿਤਕ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਪੜ੍ਹਾਈ ਤੋਂ ਬਾਅਦ ਸਰਕਾਰੀ ਨੌਕਰੀ ਤੇ ਗੁਜ਼ਾਰੇ ਲਈ ਤਸੱਲੀਬਖਸ਼ ਮੁਆਵਜ਼ਾ ਨਾ ਦੇਣ ਕਾਰਨ ਅਧਿਆਪਕ ਜਥੇਬੰਦੀਆਂ ਸੰਤੁਸ਼ਟ ਨਹੀਂ ਹਨ। ਪੰਜਾਬ ਦੀ ਆਪ ਸਰਕਾਰ ਵੱਲੋਂ ਅਪਣਾਇਆ ਜਾ ਰਿਹਾ ਵਤੀਰਾ ਬਹੁਤ ਹੀ ਮਾੜਾ ਹੈ, ਜਿਸ ਤੋਂ ਸਰਕਾਰ ਦਾ ਅਧਿਆਪਕ ਜੋੜੇ ਦੇ ਪਰਿਵਾਰ ਪ੍ਰਤੀ ਮਤਰੇਆ ਸਲੂਕ ਜ਼ਾਹਰ ਹੋ ਰਿਹਾ ਹੈ, ਜਿਸ ਦੇ ਰੋਸ ਵਜੋਂ ਅਧਿਆਪਕ ਜਥੇਬੰਦੀਆਂ ਵੱਲੋਂ ਅੱਜ ਮੋਗਾ ਵਿੱਚ ਅਧਿਆਪਕ ਆਗੂਆਂ ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਦਿਗਵਿਜੇਪਾਲ ਸ਼ਰਮਾ, ਗੁਰਪ੍ਰੀਤ ਅਮੀਵਾਲ, ਬਲਜਿੰਦਰ ਧਾਲੀਵਾਲ, ਹਰਜੋਤ ਬੱਡੋ, ਸੁਰਿੰਦਰ ਸ਼ਰਮਾ, ਦਿਲਬਾਗ ਸਿੰਘ ਢਿੱਲੋਂ ਦੀ ਅਗਵਾਈ ਹੇਠ ਰੋਹ ਭਰਪੂਰ ਕੈਂਡਲ ਮਾਰਚ ਕਰਕੇ ਸਰਕਾਰ ਵਿਰੁੱਧ ਆਪਣਾ ਗੁੱਸਾ ਜ਼ਾਹਰ ਕੀਤਾ ਗਿਆ ਅਤੇ ਮੰਗ ਕੀਤੀ ਗਈ ਕਿ ਪਰਿਵਾਰ ਨੂੰ ਸਰਕਾਰ ਦੋ ਦੋ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਕੀਤੀ ਜਾਵੇ, ਬੱਚਿਆਂ ਦੀ ਪੜ੍ਹਾਈ ਦਾ ਖਰਚਾ ਪੰਜਾਬ ਸਰਕਾਰ ਚੁੱਕੇ ਤੇ ਬੱਚਿਆਂ ਦੀਆਂ ਨੌਕਰੀਆਂ ਰਿਜ਼ਰਵ ਕੀਤੀਆਂ ਜਾਣ। ਅਧਿਆਪਕ ਆਗੂਆਂ ਸੁਖਪਾਲਜੀਤ ਸਿੰਘ, ਜੱਜਪਾਲ ਸਿੰਘ ਬਾਜੇ ਕੇ, ਸ਼ਮਸ਼ੇਰ ਸਿੰਘ, ਜਗਦੀਸ਼ ਕੌਰ, ਗੁਰਮੀਤ ਢੋਲੇਵਾਲ, ਅਮਨਦੀਪ ਮਾਛੀਕੇ, ਗੁਰਮੀਤ ਸਿੰਘ ਝੋਰੜਾਂ, ਜਤਿੰਦਰਪਾਲ ਸਿੰਘ ਖੋਸਾ ਨੇ ਕਿਹਾ ਕਿ 18 ਜਨਵਰੀ ਨੂੰ ਪਰਿਵਾਰ ਨੂੰ ਇਨਸਾਫ ਦਵਾਉਣ ਲਈ ਮੋਗਾ ਵਿਖੇ ਰੋਹ ਭਰਪੂਰ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਅਧਿਆਪਕ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਇਨਕਲਾਬ ਦਾ ਵਾਅਦਾ ਕਰ ਕੇ ਸੱਤਾ 'ਚ ਆਈ ਆਪ ਸਰਕਾਰ ਤੇ ਉਸ ਦਾ ਮੁੱਖ ਮੰਤਰੀ ਭਗਵੰਤ ਮਾਨ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਅਧਿਆਪਕਾਂ ਨਾਲ ਮਿਲਣ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਵੀ ਮੁਨਕਰ ਹੋ ਚੁੱਕਿਆ।ਕੈਂਡਲ ਮਾਰਚ ਨੇਚਰ ਪਾਰਕ ਤੋਂ ਸ਼ੁਰੂ ਹੋ ਕੇ ਡੀ ਸੀ ਕੈਂਪ ਆਫ਼ਿਸ ਜਾ ਕੇ ਸਮਾਪਤ ਹੋਇਆ। ਇਸ ਸਮੇਂ ਰਿਆਜ ਮੁਹੰਮਦ, ਦਿਲਬਾਗ ਬੌਡੇ, ਅਮਰਦੀਪ ਸਿੰਘ ਬੁੱਟਰ, ਸੁਖਜਿੰਦਰ ਸਿੰਘ, ਸਵਰਨ ਦਾਸ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਕੈਬਨਿਟ ਮੰਤਰੀ ਗੋਇਲ ਵੱਲੋਂ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਲਈ ਕੇਜਰੀਵਾਲ ਦਾ ਧੰਨਵਾਦ

■ ਇਹ ਲੋਕ ਪੱਖੀ ਫ਼ੈਸਲੇ ਮਾਲਵਾ ਖੇਤਰ 'ਚ ਸਿਹਤ ਸੰਭਾਲ ਨੂੰ ਹੋਰ ਹੁਲਾਰਾ ਦੇਣਗੇ : ਗੋਇਲ



**ਮੂਣਕ/ਸੰਗਰੂਰ (ਰਾਜਪਾਲ ਸਿੰਗਲਾ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਤੇ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦੇ ਫ਼ੈਸਲੇ ਤੇ ਜਨਤਕ ਸਿਹਤ ਦੇ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵੱਲੋਂ ਹਾਲ ਹੀ ਵਿੱਚ ਇਨ੍ਹਾਂ ਲੋਕ-ਪੱਖੀ ਤੇ ਕਰਮਚਾਰੀ-ਪੱਖੀ ਫ਼ੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮੀਟਿੰਗ ਦੌਰਾਨ ਸ੍ਰੀ ਗੋਇਲ ਨੇ ਕਿਹਾ ਕਿ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦਾ ਫ਼ੈਸਲਾ ਇੱਕ ਲੋਕ-ਪੱਖੀ ਕਦਮ ਹੈ, ਜੋ ਆਮ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਦੇ ਨਾਲ-ਨਾਲ ਉੱਨਤ ਡਾਕਟਰੀ ਇਲਾਜ ਲਈ ਦੂਰ-ਦੁਰਾਡੇ ਦੇ ਸ਼ਹਿਰਾਂ 'ਤੇ ਉਨ੍ਹਾਂ ਦੀ ਨਿਰਭਰਤਾ ਨੂੰ ਘਟਾਏਗਾ।ਕੈਬਨਿਟ ਮੰਤਰੀ ਨੇ ਕਿਹਾ ਕਿ 440 ਬੈੱਡਾਂ ਤੇ 100 ਐੱਮ.ਬੀ.ਬੀ.ਐੱਸ. ਸੀਟਾਂ ਦੀ ਸਮਰੱਥਾ ਵਾਲਾ ਪ੍ਰਸਤਾਵਿਤ ਮੈਡੀਕਲ ਕਾਲਜ ਮਾਲਵਾ ਖੇਤਰ ਵਿੱਚ ਜਨਤਕ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰੇਗਾ ਤੇ ਡਾਕਟਰੀ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਨੌਜਵਾਨਾਂ ਲਈ ਬਿਹਤਰ ਮੌਕੇ ਪੈਦਾ ਕਰੇਗਾ।ਕਰਮਚਾਰੀਆਂ ਦੀ ਭਲਾਈ ਸਬੰਧੀ ਲਏ ਗਏ ਫ਼ੈਸਲੇ 'ਤੇ ਚਾਨਣਾ ਪਾਉਂਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਦੇ ਸਟਾਫ ਨੂੰ ਸਰਕਾਰੀ ਵਿਭਾਗਾਂ ਵਿੱਚ ਐਡਜਸਟ ਕਰਨ ਸਬੰਧੀ ਕੈਬਨਿਟ ਦੀ ਪ੍ਰਵਾਨਗੀ ਇੱਕ ਸਪੱਸ਼ਟ ਸੰਦੇਸ਼ ਹੈ ਕਿ ਸੂਬਾ ਸਰਕਾਰ ਆਪਣੇ ਕਰਮਚਾਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਤੇ ਸਰਕਾਰ ਨੇ ਇਸ ਮਾਮਲੇ ਵਿੱਚ ਦਖਲ ਦੇ ਕੇ ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਨਤਕ ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਤੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ।

## ਚਾਈਨਾ ਡੋਰ ਦੀ ਵਿੱਕਰੀ 'ਤੇ ਸਖ਼ਤੀ, ਕੀਤੀ ਚੈਕਿੰਗ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਐੱਸ.ਡੀ.ਐੱਮ. ਹਰਜੋਤ ਕੌਰ ਵੱਲੋਂ ਪੁਲਸ ਪ੍ਰਸ਼ਾਸਨ ਨਾਲ ਮਿਲ ਕੇ ਪਟਿਆਲਾ ਸ਼ਹਿਰ ਦੇ ਅਚਾਰ ਬਜ਼ਾਰ ਵਿੱਚ ਚਾਈਨਾ ਡੋਰ ਦੀ ਵਿੱਕਰੀ ਤੇ ਵਰਤੋਂ ਸਬੰਧੀ ਵਿਸ਼ੇਸ਼ ਜਾਂਚ ਕੀਤੀ ਗਈ।ਇਸ ਜਾਂਚ ਦਾ ਮੁੱਖ ਉਦੇਸ਼ ਜਨਤਾ ਦੀ ਸੁਰੱਖਿਆ ਯਕੀਨੀ ਬਣਾਉਣਾ ਤੇ ਪਾਬੰਦੀਸ਼ੁਦਾ ਚਾਈਨਾ ਡੋਰ ਕਾਰਨ ਹੋ ਰਹੇ ਹਾਦਸਿਆਂ ਨੂੰ ਰੋਕਣਾ ਸੀ।ਜਾਂਚ ਦੌਰਾਨ ਦੁਕਾਨਾਂ ਦੀ ਗਹਿਰਾਈ ਨਾਲ ਤਲਾਸ਼ੀ ਲੈ ਕੇ ਚਾਈਨਾ ਡੋਰ ਦੀ ਗੈਰ-ਕਾਨੂੰਨੀ ਵਿੱਕਰੀ 'ਤੇ ਨਜ਼ਰ ਰੱਖੀ ਗਈ।ਸੰਬੰਧਤ ਦੁਕਾਨਦਾਰਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਗਿਆ ਕਿ ਚਾਈਨਾ ਡੋਰ ਦੀ ਖਰੀਦ-ਫ਼ਰੋਖ਼ਤ ਜਾਂ ਸਟਾਕ ਰੱਖਣਾ ਕਾਨੂੰਨ ਅਨੁਸਾਰ ਅਪਰਾਧ ਹੈ ਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਐੱਸ.ਡੀ.ਐੱਮ. ਨੇ ਦੱਸਿਆ ਕਿ ਚਾਈਨਾ ਡੋਰ ਨਾਲ ਮਨੁੱਖੀ ਜਾਨ ਨੂੰ ਭਾਰੀ ਖ਼ਤਰਾ ਹੁੰਦਾ ਹੈ ਤੇ ਪਹਿਲਾਂ ਵੀ ਇਸ ਨਾਲ ਜੁੜੇ ਕਈ ਹਾਦਸੇ ਵਾਪਰ ਚੁੱਕੇ ਹਨ। ਡੀ.ਐੱਸ.ਪੀ. ਸਿਟੀ-1 ਵੱਲੋਂ ਪੁਲਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਕਿ ਸ਼ਹਿਰ ਵਿੱਚ ਚਾਈਨਾ ਡੋਰ ਦੀ ਵਿੱਕਰੀ ਤੇ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਯਕੀਨੀ ਬਣਾਈ ਜਾਵੇ।ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਚਾਈਨਾ ਡੋਰ ਦੀ ਵਰਤੋਂ ਤੋਂ ਪ੍ਰਹੇਜ਼ ਕਰਨ ਤੇ ਜੇਕਰ ਕਿਸੇ ਥਾਂ ਇਸ ਦੀ ਗੈਰ-ਕਾਨੂੰਨੀ ਵਿੱਕਰੀ ਜਾਂ ਸਟਾਕਿੰਗ ਦੀ ਜਾਣਕਾਰੀ ਮਿਲੇ ਤਾਂ ਤੁਰੰਤ ਪ੍ਰਸ਼ਾਸਨ ਜਾਂ ਪੁਲਸ ਨੂੰ ਸੂਚਿਤ ਕੀਤਾ ਜਾਵੇ।

## ਜਲ ਸਪਲਾਈ ਇਨਲਿਸਟਮੈਂਟ ਤੇ ਆਊਟਸੋਰਸ ਕਾਮਿਆਂ ਵੱਲੋਂ 21 ਦੇ ਰੋਸ ਮੁਜ਼ਾਹਰੇ 'ਚ ਸ਼ਾਮਲ ਹੋਣ ਦਾ ਐਲਾਨ

**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ (ਰਜਿ: 26) ਦੀ ਹੰਗਾਮੀ ਮੀਟਿੰਗ ਜਲ ਘਰ ਜਵਾਹਰਕੇ ਵਿਖੇ ਜ਼ਿਲ੍ਹਾ ਆਗੂ ਜਸਵੀਰ ਸਿੰਘ ਘੁਰਕਣੀ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਲੰਮੇ ਸਮੇਂ ਤੋਂ ਕੰਮ ਕਰਦੇ ਇਨਲਿਸਟਮੈਂਟ ਤੇ ਆਊਟਸੋਰਸ ਕਾਮਿਆਂ ਦੀਆਂ ਸੇਵਾਵਾਂ ਵਿਭਾਗ 'ਚ ਪੱਕੇ ਕਰਨ ਜਲ ਸਕੀਮਾਂ ਦੇ ਪੰਚਾਇਤੀਕਰਨ ਰੱਦ ਕਰਨ ਆਦਿ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਹੋਇਆ ਅਤੇ ਵਰਕਰਾਂ ਦੀ ਲਾਮਬੰਦੀ ਤੇ ਸੰਘਰਸ਼ ਸੰਬੰਧੀ ਫੈਸਲੇ ਵੀ ਹੋਏ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰੈੱਸ ਸਕੱਤਰ ਦਵਿੰਦਰ ਸਿੰਘ ਨਾਭਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਲੰਮੇ ਸਮੇਂ ਤੋਂ ਜਲ ਸਪਲਾਈ ਵਿਭਾਗ ਵਿੱਚ ਇਨਲਿਸਟਮੈਂਟ ਤੇ ਆਊਟਸੋਰਸ ਕਾਮੇ, ਜੋ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਹਨ ਤੇ ਸੰਤਾਪ ਭੋਗ ਰਹੇ ਹਨ, ਨੂੰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਇਨਸਾਫ ਨਹੀਂ ਦਿੱਤਾ। ਸਮੇਂ ਸਮੇਂ 'ਤੇ ਜਲ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ, ਪੰਜਾਬ ਸਰਕਾਰ ਦੇ ਮੰਤਰੀਆਂ, ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਕਮੇਟੀ ਨੂੰ ਮੰਗ ਪੱਤਰ ਭੇਜੇ ਗਏ, ਪਰ ਹੁਣ ਤੱਕ ਸਰਕਾਰ ਨੇ ਕਮੇਟੀਆਂ ਬਣਾ ਕੇ ਤੇ ਪ੍ਰਪੋਜਲਾਂ ਬਣਾਉਣ ਦੇ ਬਹਾਨੇ ਲਗਾ ਕੇ ਸਿਰਫ ਸਮਾਂ ਹੀ ਲੰਘਾਇਆ ਹੈ।ਜਥੇਬੰਦੀ ਨੂੰ ਕੋਈ ਠੋਸ ਕਾਰਵਾਈ ਬਾਰੇ ਜਾਣਕਾਰੀ ਨਹੀਂ ਦਿੱਤੀ।ਇਸ ਲਈ ਮਜਬੂਰ ਹੋ ਕੇ ਵਰਕਰਾਂ ਦੇ ਹਿੱਤਾਂ ਲਈ ਜਥੇਬੰਦੀ ਵੱਲੋਂ 21 ਜਨਵਰੀ ਨੂੰ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਰਿਹਾਇਸ਼ ਵਿਖੇ ਵਿਸ਼ਾਲ ਰੋਸ ਧਰਨਾ ਤੇ ਮੁਜ਼ਾਹਰਾ ਕੀਤਾ ਜਾਵੇਗਾ ਤਾਂ ਜੋ ਸਰਕਾਰ ਦੀ ਕਹਿਣੀ ਤੇ ਕਰਨੀ ਦੀ ਸੱਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾ ਸਕੇ।ਉਨ੍ਹਾਂ ਨੇ ਰੋਸ ਜ਼ਾਹਰ ਕੀਤਾ ਕਿ ਵੋਟਾਂ ਤੋਂ ਪਹਿਲਾਂ ਸਰਕਾਰ ਨੇ ਵਾਅਦੇ ਕੀਤੇ ਸਨ ਕਿ ਇਨ੍ਹਾਂ ਸਮੂਹ ਕੱਚੇ ਕਾਮਿਆਂ ਨੂੰ ਵਿਭਾਗਾਂ 'ਚ ਪੱਕੇ ਕੀਤਾ ਜਾਵੇਗਾ, ਪਰ ਚਾਰ ਸਾਲ ਬੀਤਣ ਦੇ ਬਾਵਜੂਦ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ।ਇਸ ਸਮੇਂ ਉਨ੍ਹਾਂ ਫੈਸਲਾ ਕੀਤਾ ਕਿ ਸਮੂਹ ਜ਼ਿਲ੍ਹਿਆਂ ਤੋਂ ਵਰਕਰਾਂ 'ਚ ਰੋਸ ਪਾਇਆ ਜਾ ਰਿਹਾ ਹੈ ਤੇ ਵੱਡੀ ਗਿਣਤੀ 'ਚ ਧਰਨੇ ਦੌਰਾਨ ਸ਼ਾਮਲ ਹੋਣਗੇ।

## ਪ੍ਰਤਾਪ ਨਗਰ 'ਚ ਸੁਨਿਆਰੇ ਦੀ ਦੁਕਾਨ 'ਚ ਲੱਖਾਂ ਦੀ ਚੋਰੀ

**ਲੋਕਾਂ ਨੇ ਦੁਕਾਨਾਂ ਬੰਦ ਕਰਕੇ ਪੁਲਸ ਪ੍ਰਸ਼ਾਸਨ ਖਿਲਾਫ ਦਿੱਤਾ ਧਰਨਾ**

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਥਾਨਕ ਪ੍ਰਤਾਪ ਨਗਰ 'ਚ ਸੁਨਿਆਰੇ ਦੀ ਦੁਕਾਨ 'ਚ ਹੋਈ ਲੱਖਾਂ ਰੁਪਏ ਦੀ ਚੋਰੀ ਦੇ ਮਾਮਲੇ ਨੂੰ ਲੈ ਕੇ ਪ੍ਰਤਾਪ ਨਗਰ ਦੇ ਲੋਕਾਂ ਨੇ ਦੁਕਾਨਾਂ ਬੰਦ ਕਰਕੇ 'ਦੁਕਾਨਾਂ ਵਿਕਾਊ' ਹੋਣ ਦੇ ਪੋਸਟਰ ਲਾ ਕੇ ਪੁਲਸ ਪ੍ਰਸ਼ਾਸਨ ਖਿਲਾਫ ਧਰਨਾ ਲਗਾਇਆ।

ਇਸ ਮੌਕੇ ਦੁਕਾਨਦਾਰਾਂ ਨੇ ਕਿਹਾ ਕਿ ਇੱਥੇ ਕਾਨੂੰਨ ਵਿਵਸਥਾ ਨਾਂਅ ਦੀ ਕੋਈ ਚੀਜ਼ ਨਹੀਂ ਹੈ, ਚੋਰ ਰਾਤ ਨੂੰ ਵੱਡੀ ਗਿਣਤੀ ਵਿੱਚ ਆਏ ਤੇ ਉਨ੍ਹਾਂ ਨੇ ਦੁਕਾਨ ਭੰਨ ਕੇ ਦੁਕਾਨ ਵਿੱਚੋਂ ਕੰਡਾ ਤੱਕ ਚੋਰੀ ਕਰ ਲਿਆ ਤੇ ਦੁਕਾਨ ਵਿੱਚ ਕੋਈ ਵੀ ਸਾਮਾਨ ਬਾਕੀ ਨਹੀਂ ਛੱਡਿਆ। ਦੁਕਾਨਦਾਰਾਂ ਨੇ ਕਿਹਾ ਕਿ ਇੱਥੇ ਕੋਈ ਵੀ ਪੁਲਸ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ ਜਾ ਰਹੀ, ਜਦੋਂਕਿ ਵਿਧਾਇਕ ਦੀ ਰਿਹਾਇਸ਼ ਵੀ ਨਜ਼ਦੀਕ ਹੋਣ ਦੇ ਬਾਵਜੂਦ ਅਜੇ ਤੱਕ ਵਿਧਾਇਕ ਨੇ ਉਨ੍ਹਾਂ ਦਾ ਹਾਲ ਤੱਕ ਨਹੀਂ ਪੁੱਛਿਆ। ਉਧਰ ਦੂਜੇ ਪਾਸੇ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਇਲਾਕੇ ਵਿੱਚ ਗਸ਼ਤ ਵੀ ਤੇਜ਼ ਕਰਵਾ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਜਲਦੀ ਹੀ ਦੋਸ਼ੀ ਨੂੰ ਕਾਬੂ ਕਰ ਲਿਆ ਜਾਵੇਗਾ ਅਤੇ ਪ੍ਰਦਰਸ਼ਨਕਾਰੀਆਂ ਨੂੰ ਵੀ ਭਰੋਸਾ ਦਵਾਇਆ ਹੈ ਕਿ ਉਹ ਦੁਕਾਨਾਂ ਖੋਲ੍ਹਣ ਤੇ ਜਲਦੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

ਦੱਸਣਾ ਬਣਦਾ ਹੈ ਕਿ ਪਿਛਲੇ ਦਿਨਾਂ ਵਿੱਚ ਇੱਕ ਔਰਤਾਂ ਦਾ ਵੱਡਾ ਗਰੋਹ, ਜੋ ਰਾਤ ਨੂੰ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ, ਲਗਭਗ ਤਿੰਨ-ਚਾਰ ਵਾਰਦਾਤਾਂ ਉਸ ਗਰੋਹ ਵੱਲੋਂ ਰਾਤ ਸਮੇਂ ਬਾਜ਼ਾਰਾਂ ਵਿੱਚ ਕੀਤੀਆਂ ਗਈਆਂ, ਜਿੱਥੇ ਰਾਤ ਸਮੇਂ ਪੁਲਸ ਦੀ ਆਵਾਜਾਈ ਰਹਿੰਦੀ ਹੈ, ਪ੍ਰੰਤੂ ਉਨ੍ਹਾਂ ਨੂੰ ਵੀ ਫੜਨ ਵਿੱਚ ਪੁਲਸ ਨਾਕਾਮ ਰਹੀ।

## ਨਾਮਧਾਰੀ ਸ਼ਹੀਦਾਂ ਦੀ ਯਾਦ 'ਚ ਰਾਜ ਪੱਧਰੀ ਸਮਾਗਮ ਅੱਜ



**ਸਮਰਾਲਾ (ਸੁਰਜੀਤ ਸਿੰਘ)**-ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ ਹਕੂਮਤ ਦੀਆਂ ਤੋਪਾਂ ਅੱਗੇ ਖਲੋ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ 66 ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਨਾਮਧਾਰੀ ਮੁਖੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਰਾਜ ਪੱਧਰੀ ਸਮਾਗਮ ਅੱਜ ਮਾਲੇਰਕੋਟਲਾ ਵਿਖੇ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਤੇ ਵਿਸ਼ਵ ਨਾਮਧਾਰੀ ਸੰਗਤ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ ਨੇ ਦੱਸਿਆ ਕਿ ਇਸ ਸ਼ਹੀਦੀ ਸਮਾਗਮ ਵਿੱਚ ਜਿੱਥੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣਗੀਆਂ, ਉੱਥੇ ਸਿਆਸੀ ਪਾਰਟੀਆਂ ਦੇ ਆਗੂ ਤੇ ਧਾਰਮਿਕ ਸ਼ਖ਼ਸੀਅਤਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।ਸੂਬਾ ਬਲਵਿੰਦਰ ਸਿੰਘ ਝੱਲ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਸਤਿਗੁਰੂ ਉਦੈ ਸਿੰਘ ਦੀ ਪ੍ਰੇਰਣਾ ਸਦਕਾ ਨਾਮਧਾਰੀ ਨੌਜਵਾਨਾਂ ਵੱਲੋਂ ਅੱਜ ਸ੍ਰੀ ਭੈਣੀ ਸਾਹਿਬ ਤੋਂ ਮਾਲੇਰਕੋਟਲਾ ਲਈ ਵਿਸ਼ਾਲ ਸਾਈਕਲ ਯਾਤਰਾ ਕੱਢੀ ਜਾ ਰਹੀ ਹੈ।ਸਮਾਗਮ ਦੀ ਸੇਵਾ ਸਵਰਗੀ ਸਵਰਨ ਸਿੰਘ ਲਾਇਲ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ।

## ਜਮਹੂਰੀ ਫਰੰਟ ਵੱਲੋਂ ਕ੍ਰਾਂਤੀ ਚੈਤੰਨਯ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਨ ਦੀ ਸਖਤ ਨਿੰਦਾ



**ਲੌਂਗੋਵਾਲ (ਪ੍ਰਦੀਪ ਸੱਪਲ)**-ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ ਤੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ (ਏਪੀਸੀਐੱਲਸੀ) ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਨ ਤੇ ਜਥੇਬੰਦੀ ਦੇ ਮੀਤ ਪ੍ਰਧਾਨ ਕ੍ਰਾਂਤੀ ਚੈਤੰਨਯ ਨੂੰ ਗ੍ਰਿਫ਼ਤਾਰ ਕਰਕੇ ਰਿਮਾਂਡ ਲੈਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਤ੍ਰਿਪੁਤੀ ਸ਼ਹਿਰ ਵਿੱਚ ਕਮੇਟੀ ਦੀ 20ਵੀਂ ਸਟੇਟ ਕਾਨਫਰੰਸ (10-11 ਜਨਵਰੀ 2026) ਸਮੇਂ ਲਗਾਏ ਫਲੈਕਸ ਬੈਨਰਾਂ ਨੂੰ ਮੁੱਦਾ ਬਣਾ ਕੇ 'ਸਨਾਤਨ ਧਰਮ ਰੱਖਿਆ ਕਮੇਟੀ' ਦੇ ਅਹੁਦੇਦਾਰਾਂ ਵੱਲੋਂ ਨਾਗਰਿਕ ਆਜ਼ਾਦੀਆਂ ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਾਉਣਾ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਉੱਪਰ ਹਮਲਾ ਹੈ।ਕ੍ਰਾਂਤੀ ਤੋਂ ਇਲਾਵਾ ਕਈ ਹੋਰ ਏਪੀਸੀਐੱਲਸੀ ਮੈਂਬਰਾਂ ਤੇ ਇੱਕ ਪ੍ਰਿੰਟਰ ਨੂੰ ਵੀ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ।ਬੈਨਰ ਵਿੱਚ ਭਾਰਤ ਦੇ ਰਾਸ਼ਟਰੀ ਚਿੰਨ੍ਹ ਅਸ਼ੋਕ ਮੂਰਤੀ ਦਾ ਵਿਅੰਗਾਤਮਕ ਕਾਰਟੂਨ ਤੇ ਹਿੰਦੂਤਵੀ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਬੁੱਧੀਜੀਵੀਆਂ ਨਰੇਂਦਰ ਦਾਭੋਲਕਰ, ਗੋਵਿੰਦ ਪਾਨਸਰੇ, ਐੱਮ. ਐੱਮ. ਕਲਬੁਰਗੀ ਤੇ ਗੌਰੀ ਲੰਕੇਸ਼ ਦੀਆਂ ਤਸਵੀਰਾਂ ਲਗਾ ਕੇ ਅਜੋਕੇ ਫਾਸ਼ੀਵਾਦੀ ਖ਼ਤਰੇ ਵੱਲ ਧਿਆਨ ਖਿੱਚਿਆ ਗਿਆ ਸੀ ਤੇ 'ਹਿੰਦੂ ਫਾਸ਼ੀਵਾਦ ਵਿਰੁੱਧ ਲੜੋ' ਦਾ ਨਾਅਰਾ ਦਿੱਤਾ ਗਿਆ ਸੀ। ਹਿੰਦੂਤਵਵਾਦੀ ਅਨਸਰਾਂ ਦੀਆਂ ਧਮਕੀਆਂ ਤੇ ਖ਼ਲਲ ਪਾਉਣ ਦੇ ਬਾਵਜੂਦ 350 ਤੋਂ ਵੱਧ ਹੱਕਾਂ ਦੇ ਝੰਡਾਬਰਦਾਰਾਂ ਨੇ ਕਾਨਫਰੰਸ ਵਿੱਚ ਹਿੱਸਾ ਲੈ ਕੇ ਇਸ ਨੂੰ ਸਫ਼ਲ ਬਣਾਇਆ ਤੇ ਪ੍ਰੋ. ਹਰਗੋਪਾਲ, ਪ੍ਰੋ. ਡੀ. ਨਰਸਿੰਹਾ ਰੈਡੀ, ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਤੇ ਰਿਟਾਇਰਡ ਜਸਟਿਸ ਬੀ. ਚੰਦਰ ਕੁਮਾਰ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਸੰਬੋਧਨ ਕੀਤਾ ਗਿਆ।ਫਰੰਟ ਆਗੂਆਂ ਨੇ ਕਿਹਾ ਕਿ ਫਾਸ਼ੀਵਾਦੀ ਖ਼ਤਰੇ ਵਿਰੁੱਧ ਆਵਾਜ਼ ਉਠਾਉਣਾ ਤੇ ਭਾਰਤ ਦੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨਾ ਹਰ ਜਾਗਰੂਕ ਬੁੱਧੀਜੀਵੀ ਤੇ ਜਮਹੂਰੀ ਹੱਕਾਂ ਨਾਲ ਸਰੋਕਾਰ ਰੱਖਦੇ ਨਾਗਰਿਕਾਂ ਦਾ ਫਰਜ਼ ਹੈ।ਕਲਾਤਮਕ ਪ੍ਰਤੀਰੋਧ ਦੇ ਹੋਰ ਰੂਪ ਜਮਹੂਰੀ ਵਿਰੋਧ ਦੇ ਦੁਨੀਆ ਭਰ ਵਿੱਚ ਪ੍ਰਵਾਨਤ ਹਨ। ਇਸੇ ਤਰ੍ਹਾਂ ਹਿੰਦੂਤਵ ਫਾਸੀਵਾਦੀਆਂ ਵੱਲੋਂ ਕਤਲ ਕੀਤੇ ਲੋਕਪੱਖੀ ਬੁੱਧੀਜੀਵੀਆਂ ਤੇ ਕਲਮਕਾਰਾਂ ਨੂੰ ਚੇਤੇ ਕਰਦਿਆਂ ਉਨ੍ਹਾਂ ਲਈ ਨਿਆਂ ਦੀ ਮੰਗ ਕਰਨਾ ਭਾਰਤ ਦੇ ਨਿਆਂਪਸੰਦ ਲੋਕਾਂ ਦਾ ਜਮਹੂਰੀ ਹੱਕ ਹੈ। ਹਿੰਦੂਤਵਵਾਦੀ ਹਕੂਮਤ ਨੇ ਰਾਜਨੀਤਕ ਵਿਅੰਗ ਸਮੇਤ ਪ੍ਰਗਟਾਵੇ ਦੇ ਮੁੱਢਲੇ ਜਮਹੂਰੀ ਹੱਕਾਂ ਨੂੰ ਵੀ ਸਟੇਟ ਵਿਰੋਧੀ ਸੰਗੀਨ ਜੁਰਮ ਬਣਾ ਦਿੱਤਾ ਹੈ ਤੇ ਫਿਰਕੂ ਫਾਸ਼ੀਵਾਦੀ ਰਾਜ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਜ਼ਬਾਨਬੰਦੀ ਕਰਨ ਲਈ ਉਨ੍ਹਾਂ ਵਿਰੁੱਧ ਰਾਜਧ੍ਰੋਹ ਦੇ ਪਰਚੇ ਦਰਜ ਕਰਵਾਏ ਜਾ ਰਹੇ ਹਨ।ਫਰੰਟ ਆਗੂਆਂ ਨੇ ਮੰਗ ਕੀਤੀ ਕਿ ਕ੍ਰਾਂਤੀ ਚੇਤੰਨਯ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਰਾਜਧ੍ਰੋਹ ਦਾ ਬੇਬੁਨਿਆਦ ਕੇਸ ਤੁਰੰਤ ਵਾਪਸ ਲਿਆ ਜਾਵੇ ਤੇ ਪ੍ਰਗਟਾਵੇ ਤੇ ਸੰਘਰਸ਼ ਦੇ ਹੱਕਾਂ ਉੱਪਰ ਹਮਲੇ ਬੰਦ ਕੀਤੇ ਜਾਣ।

## ਨਹਿਰੂ ਸਟੇਡੀਅਮ ਵਿਖੇ 'ਭਾਰਤੀ ਸੈਨਾ ਨੂੰ ਜਾਣੋ' ਵਿਸ਼ੇਸ਼ ਪ੍ਰਦਰਸ਼ਨੀ ਸਫਲਤਾਪੂਰਵਕ ਸੰਪੰਨ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਦਕੋਟ ਦੇ ਨਹਿਰੂ ਸਟੇਡੀਅਮ ਵਿਖੇ ਭਾਰਤੀ ਫੌਜ ਵੱਲੋਂ 'ਭਾਰਤੀ ਸੈਨਾ ਨੂੰ ਜਾਣੋ' ਮੁਹਿੰਮ ਤਹਿਤ ਲਗਾਈ ਗਈ ਵਿਸ਼ੇਸ਼ ਪ੍ਰਦਰਸ਼ਨੀ ਸਫਲਤਾਪੂਰਵਕ ਸੰਪੰਨ ਹੋ ਗਈ।ਇਸ ਸਮਾਗਮ ਦਾ ਉਦਘਾਟਨ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵੱਲੋਂ ਕੀਤਾ ਗਿਆ। ਇਸ ਦੌਰਾਨ ਜਿੱਥੇ ਫੌਜ ਦੀ ਆਧੁਨਿਕ ਤਾਕਤ ਦਾ ਪ੍ਰਦਰਸ਼ਨ ਹੋਇਆ, ਉੱਥੇ ਹੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਮਾਹੌਲ ਬੇਹੱਦ ਭਾਵੁਕ ਰਿਹਾ।ਸਮਾਗਮ ਦੌਰਾਨ ਇੱਕ ਬਹੁਤ ਹੀ ਭਾਵੁਕ ਦ੍ਰਿਸ਼ ਦੇਖਣ ਨੂੰ ਮਿਲਿਆ ਜਦੋਂ ਸ਼ਹੀਦਾਂ ਦੇ ਪਰਿਵਾਰਾਂ ਤੇ ਸਾਬਕਾ ਫੌਜੀਆਂ ਨੇ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।ਪ੍ਰਦਰਸ਼ਨੀ ਵਿੱਚ ਲਗਾਈਆਂ ਗਈਆਂ ਤਸਵੀਰਾਂ ਤੇ ਫੌਜੀ ਇਤਿਹਾਸ ਨੂੰ ਵੇਖਦਿਆਂ ਕਈ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ ਨਮ ਹੋ ਗਈਆਂ।ਇੱਕ ਸ਼ਹੀਦ ਪਰਿਵਾਰ ਦੇ ਮੈਂਬਰ ਨੇ ਦੱਸਿਆ ਕਿ ਫੌਜੀ ਜਵਾਨਾਂ ਦੇ ਵਿਚਕਾਰ ਵਿਚਰਦਿਆਂ ਅੱਜ ਉਨ੍ਹਾਂ ਨੂੰ ਆਪਣੇ ਪਿਤਾ ਦੀਆਂ ਯਾਦਾਂ ਮੁੜ ਤਾਜ਼ਾ ਹੋ ਗਈਆਂ ਹਨ ਤੇ ਫੌਜ ਵੱਲੋਂ ਮਿਲਿਆ ਇਹ ਸਨਮਾਨ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।ਪ੍ਰਦਰਸ਼ਨੀ ਦੌਰਾਨ ਭਾਰਤੀ ਫੌਜ ਦੇ ਆਧੁਨਿਕ ਹਥਿਆਰਾਂ, ਅਡਵਾਂਸ ਡਰੋਨ ਤਕਨਾਲੋਜੀ ਤੇ ਰਣਨੀਤਕ ਪ੍ਰਣਾਲੀਆਂ ਦਾ ਪ੍ਰਦਰਸ਼ਨ ਕੀਤਾ ਗਿਆ।ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਦੱਸਿਆ ਕਿ ਪ੍ਰਦਰਸ਼ਨੀ ਵਿੱਚ ਫੌਜ 'ਚ ਭਰਤੀ ਹੋਣ ਦੀ ਪ੍ਰਕਿਰਿਆ ਬਾਰੇ ਵੀ ਨੌਜਵਾਨਾਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਤਾਂ ਜੋ ਉਹ ਦੇਸ਼ ਸੇਵਾ ਲਈ ਪ੍ਰੇਰਿਤ ਹੋ ਸਕਣ।ਇਸ ਮੌਕੇ ਫੌਜ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਐੱਸ.ਡੀ.ਐੱਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਐੱਸ.ਡੀ.ਐੱਮ. ਕੋਟਕਪੂਰਾ ਸ੍ਰੀ ਸੂਰਜ ਤੇ ਸਿਵਲ ਸਰਜਨ ਡਾ. ਚੰਦਰ ਸ਼ੇਖਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਪ੍ਰਦਰਸ਼ਨੀ ਨੂੰ ਵੇਖਣ ਲਈ ਵੱਡੀ ਸੰਖਿਆ ਵਿੱਚ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਤੇ ਸ਼ਹਿਰ ਵਾਸੀ ਪਹੁੰਚੇ।ਇਹ ਸਮਾਗਮ ਨਾ ਸਿਰਫ ਜਾਣਕਾਰੀ ਭਰਪੂਰ ਰਿਹਾ, ਬਲਕਿ ਦੇਸ਼ ਦੇ ਸੂਰਬੀਰਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਵਜੋਂ ਯਾਦਗਾਰੀ ਹੋ ਨਿੱਬੜਿਆ।

## ਕਾਨਫਰੰਸ ਉਪਰੰਤ ਹਨੀ ਫੱਤਣਵਾਲਾ ਦੇ ਗ੍ਰਹਿ ਪੁੱਜੇ ਸੁਖਬੀਰ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੇਲਾ ਮਾਘੀ ਦੀ ਸਿਆਸੀ ਕਾਨਫਰੰਸ ਉਪਰੰਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਸਮੁੱਚੀ ਲੀਡਰਸ਼ਿਪ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਦੇ ਗ੍ਰਹਿ ਪੁੱਜੇ।ਇਸ ਮੌਕੇ ਜਗਜੀਤ ਸਿੰਘ ਹਨੀ ਫੱਤਣਵਾਲਾ ਤੇ ਸਮੁੱਚੇ ਫੱਤਣਵਾਲਾ ਪਰਿਵਾਰ ਨੇ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਸਵਾਗਤ ਕਰਦਿਆ ਜੀ ਆਇਆ ਆਖਿਆ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਜਗਜੀਤ ਸਿੰਘ ਹਨੀ ਫੱਤਣਵਾਲਾ ਤੇ ਆਪਣੀ ਸਮੁੱਚੀ ਲੀਡਰਸ਼ਿਪ ਨਾਲ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੇ ਨਗਰ ਕੌਂਸਲ ਦੀਆਂ ਚੋਣਾਂ ਲਈ ਬੰਦ ਕਮਰਾ ਮੀਟਿੰਗਾਂ ਕੀਤੀਆਂ। ਇਸ ਮੌਕੇ ਹਨੀ ਫੱਤਣਵਾਲਾ ਨੇ ਸੁਖਬੀਰ ਸਿੰਘ ਬਾਦਲ ਨੂੰ ਵਿਸ਼ਵਾਸ ਦੁਆਇਆ ਕਿ ਜਿਵੇਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਅਕਾਲੀ ਦਲ ਦੇ ਉਮੀਦਵਾਰਾਂ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ, ਉਸੇ ਤਰ੍ਹਾਂ ਆਉਣ ਵਾਲੀਆਂ ਨਗਰ ਕੌਂਸਲ ਦੀਆਂ ਚੋਣਾਂ ਦੀਆਂ ਸੀਟਾਂ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ 'ਚ ਪੈਣਗੀਆਂ ਤੇ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ 117 ਸੀਟਾਂ 'ਤੇ ਵੱਡੇ ਬਹੁਮਤ ਨਾਲ ਸ਼ਾਨਦਾਰ ਜਿੱਤ ਹੋਵੇਗੇ ਤੇ ਪੰਜਾਬ ਦੀ ਵਾਂਗਡੋਰ ਸੁਖਬੀਰ ਸਿੰਘ ਬਾਦਲ ਦੇ ਹੱਥਾਂ 'ਚ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ, ਦਲਜੀਤ ਸਿੰਘ ਚੀਮਾ ਸਾਬਕਾ ਮੰਤਰੀ, ਮਹੇਸ਼ਇੰਦਰ ਸਿੰਘ ਗਰੇਵਾਲ ਸਾਬਕਾ ਮੰਤਰੀ, ਮਨਤਾਰ ਸਿੰਘ ਬਰਾੜ ਸਾਬਕਾ ਰਾਜ ਮੰਤਰੀ, ਮਨਜੀਤ ਸਿੰਘ ਫੱਤਣਵਾਲਾ ਸਾਬਕਾ ਚੇਅਰਮੈਨ, ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਤੇਜਿੰਦਰ ਸਿੰਘ ਮਿੱਡੂ ਖੇੜਾ, ਬੌਬੀ ਮਾਨ, ਜੈ ਰਾਜ ਸਿੰਘ ਬਰਾੜ ਵਾਇਸ ਪ੍ਰਧਾਨ ਯੂਥ ਅਕਾਲੀ ਦਲ, ਨਵਤੇਜ ਸਿੰਘ ਕਾਉਣੀ ਮੈਂਬਰ ਐਸਜੀਪੀਸੀ, ਬੌਬੀ ਬਾਦਲ, ਮੌਂਟੂ ਵੋਹਰਾ, ਲੱਪੀ ਈਨਾ ਖੇੜਾ, ਗੁਰਬੀਰ ਔਲਖ, ਬੇਅੰਤ ਕੌਰ ਖੇੜਾ, ਜਸਬੀਰ ਕੌਰ ਜੱਸੀ ਮੈਂਬਰ ਐਸਜੀਪੀਸੀ, ਗੁਰਵਿੰਦਰ ਸਿੰਘ ਸਰਪੰਚ ਬਾਜਾ ਮਰਾੜ ਆਦਿ ਵੱਡੀ ਗਿਣਤੀ 'ਚ ਅਕਾਲੀ ਦਲ ਦੇ ਵਰਕਰ ਤੇ ਅਹੁਦੇਦਾਰ ਮੌਜੂਦ ਸਨ। ਇਸ ਮੌਕੇ ਪੁੱਜੀ ਹੋਈ ਸਮੂਹ ਲੀਡਰਸ਼ਿਪ ਤੇ ਵਰਕਰਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

## ਸਕਿਊਰਟੀ ਗਾਰਡਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ 19 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਨਸਾ ਵਿਖੇ 19 ਜਨਵਰੀ ਨੂੰ ਸਕਿਊਰਟੀ ਐਂਡ ਇੰਟੈਲੀਜੈਂਸ ਸਰਵਿਸਿਜ਼ ਲਿਮਿਟਡ ਵੱਲੋਂ ਸਕਿਊਰਟੀ ਗਾਰਡਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ, ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ ਲੜਕੇ ਭਾਗ ਲੈ ਸਕਦੇ ਹਨ ਜਿੰਨ੍ਹਾਂ ਦਾ ਕੱਦ ਘੱਟ ਤੋਂ ਘੱਟ 5 ਫੁੱਟ 6 ਇੰਚ, ਭਾਰ 52 ਕਿਲੋ ਅਤੇ ਛਾਤੀ 80 ਸੈਂਟੀਮੀਟਰ ਹੋਵੇ।ਇਸ ਤੋਂ ਇਲਾਵਾ ਪ੍ਰਾਰਥੀਆਂ ਦੀ ਉਮਰ ਸੀਮਾ 19 ਤੋਂ 40 ਸਾਲ ਤੱਕ ਹੋਣੀ ਚਾਹੀਦੀ ਹੈ ਤੇ ਉਹ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ।ਚਾਹਵਾਨ ਪ੍ਰਾਰਥੀ ਆਪਣੇ ਯੋਗਤਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:30 ਵਜੇ ਪਹੁੰਚਣ।ਉਨ੍ਹਾਂ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਤਨਖਾਹ 17000/- ਤੋਂ 19000/- ਰੁਪਏ ਦੇ ਕਰੀਬ ਮਿਲਣਯੋਗ ਹੋਵੇਗੀ।ਇੰਟਰਵਿਊ ਦਾ ਸਮਾਂ ਸਵੇਰੇ 10:30 ਤੋਂ 01:00 ਵਜੇ ਤੱਕ ਰੱਖਿਆ ਗਿਆ ਹੈ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 62808-37360 ਤੇ 94641-78030 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ੇਰਪੁਰ ਖੇਤੀਬਾੜੀ ਸਹਿਕਾਰੀ ਸਭਾ ਦੇ ਡਾਇਰੈਕਟਰਾਂ ਦੀ ਸਰਬ ਸੰਮਤੀ ਨਾਲ ਚੋਣ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਸ਼ੇਰਪੁਰ ਦੀ ਖੇਤੀਬਾੜੀ ਬਹੁਮੰਤਵੀ ਸਹਿਕਾਰੀ ਸਭਾ ਦੇ ਡਾਇਰੈਕਟਰਾਂ ਦੀ ਚੋਣ ਨਿਰੀਖਕ ਇੰਸਪੈਕਟਰ ਵਿਜੈ ਸਿੰਘ ਦੀ ਨਿਗਰਾਨੀ ਹੇਠ ਸਰਬਸੰਮਤੀ ਨਾਲ ਕਰ ਲਈ ਗਈ। ਇਸ ਮੌਕੇ ਸੋਹਣ ਲਾਲ ਸ਼ੇਰਪੁਰੀ, ਲਖਵੀਰ ਸਿੰਘ, ਮਨਜੀਤ ਕੌਰ, ਭੁਪਿੰਦਰ ਸਿੰਘ, ਜੋਗਿੰਦਰ ਸਿੰਘ, ਸੁਨੀਤਾ ਰਾਣੀ ਸ਼ਤਾਬਗੜ੍ਹ, ਜਗੀਰ ਸਿੰਘ ਚੱਕ ਲੋਹਟ, ਜਸਪਾਲ ਸਿੰਘ ਫਤਹਿਗੜ੍ਹ ਬੇਟ, ਹਰਮਿੰਦਰ ਸਿੰਘ ਗੜ੍ਹੀ ਸੈਣੀਆਂ, ਯੁਗਰਾਜ ਸਿੰਘ ਰਾਣਾ ਮਾਛੀਵਾੜਾ ਖਾਮ, ਗੁਰਨਾਮ ਸਿੰਘ ਹਸਨਪੁਰ ਨੂੰ ਸਰਬਸੰਮਤੀ ਨਾਲ ਡਾਇਰੈਕਟਰ ਚੁਣ ਲਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵੇਂ ਚੁਣੇ ਡਾਇਰੈਕਟਰ ਸੋਹਣ ਲਾਲ ਸ਼ੇਰਪੁਰੀ ਨੇ ਦੱਸਿਆ ਕਿ ਇਸ ਸਭਾ ਨਾਲ 12 ਪਿੰਡਾਂ ਦੇ ਸੈਂਕੜੇ ਕਿਸਾਨ ਜੁੜੇ ਹੋਏ ਹਨ ਤੇ ਇਹ ਮਾਛੀਵਾੜਾ ਇਲਾਕੇ ਦੀ ਸਭ ਤੋਂ ਵੱਡੀ ਸਹਿਕਾਰੀ ਸਭਾ ਹੈ। ਉਨ੍ਹਾਂ ਕਿਹਾ ਕਿ ਸ਼ੇਰਪੁਰ ਖੇਤੀਬਾੜੀ ਸਭਾ ਨਾਲ ਜੁੜੇ ਕਿਸਾਨਾਂ ਦੀ ਭਲਾਈ ਲਈ ਉਨ੍ਹਾਂ ਨੂੰ ਯੋਜਨਾਵਾਂ ਦਾ ਬਣਦਾ ਲਾਭ ਦੇਣ ਲਈ ਹਮੇਸ਼ਾ ਯਤਨ ਕੀਤੇ ਜਾਣਗੇ। ਇਸ ਮੌਕੇ ਸਕੱਤਰ ਬਲਵਿੰਦਰ ਸਿੰਘ, ਪੰਚ ਰਾਜਵੀਰ ਸਿੰਘ ਖੁਰਾਣਾ ਮੌਜੂਦ ਸਨ।

## ਹਾਰਵਰਡ ਸਕੂਲ 'ਚ ਮਨਾਈ ਲੋਹੜੀ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੋਹੜੀ ਦੇ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਸਮੁੱਚੇ ਸਟਾਫ ਅਤੇ ਬੱਚਿਆਂ ਨੂੰ ਲੋਹੜੀ ਦੀ ਵਧਾਈ ਦਿੱਤੀ ਤੇ ਸਕੂਲ ਦੇ ਵਿਹੜੇ ਵਿੱਚ ਲੋਹੜੀ ਬਾਲੀ ਗਈ ਤੇ ਬਲਦੀ ਲੋਹੜੀ ਵਿੱਚ ਸਕੂਲ ਮੈਨੇਜਮੈਂਟ ਤੇ ਸਟਾਫ ਵੱਲੋਂ ਤਿਲ ਸੁੱਟਣ ਦੀ ਰਸਮ ਅਦਾ ਕੀਤੀ ਗਈ।ਇਸ ਤੋਂ ਬਾਅਦ ਮੂੰਗਫਲੀਆਂ ਤੇ ਰਿਓੜੀਆਂ ਵੰਡੀਆਂ ਗਈਆਂ।ਉਹਨਾਂ ਨੇ ਬੱਚਿਆਂ ਨੂੰ ਸੰਦੇਸ਼ ਦਿੱਤਾ ਕਿ ਲੋਹੜੀ ਦਾ ਤਿਉਹਾਰ ਪੰਜਾਬ ਦਾ ਵਿਸ਼ੇਸ਼ ਤਿਉਹਾਰ ਹੈ।ਇਹ ਤਿਉਹਾਰ ਰੁੱਤਾਂ ਦੇ ਬਦਲਣ ਦਾ ਪ੍ਰਤੀਕ ਹੈ। ਲੋਹੜੀ ਤੋਂ ਬਾਅਦ ਠੰਡ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਦਿਨ ਸੁਹਾਵਣੇ ਹੋਣੇ ਸ਼ੁਰੂ ਹੋ ਜਾਂਦੇ ਹਨ। ਉਹਨਾਂ ਬੱਚਿਆਂ ਨੂੰ ਕਿਹਾ ਕਿ ਉਹਨਾਂ ਦੇ ਇਮਤਿਹਾਨ ਨੇੜੇ ਆ ਰਹੇ ਹਨ, ਹੁਣ ਉਹਨਾਂ ਨੂੰ ਪੂਰਾ ਮਨ ਲਗਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਹ ਸਲਾਨਾ ਪ੍ਰੀਖਿਆਵਾਂ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋਣ ਸਕਣ ਅਤੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਸਕਣ।ਇਸ ਸਮੇਂ ਕੋਆਰਡੀਨੇਟਰ ਮੈਡਮ ਗੀਤਾ ਸ਼ਰਮਾ ਤੇ ਕਮਲਜੀਤ ਕੌਰ ਨੇ ਬੱਚਿਆਂ ਨੂੰ ਲੋਹੜੀ ਦੀ ਵਧਾਈ ਦਿੱਤੀ ਇਸ ਸਮੇਂ ਸਮੂਹ ਸਕੂਲ ਸਟਾਫ ਹਾਜ਼ਰ ਸੀ।



## ਰਣਜੋਧ ਹਡਾਣਾ ਵੱਲੋਂ ਚੌਰਾ ਪਿੰਡ 'ਚ ਲੋਕਾਂ ਨਾਲ ਵਿਸ਼ੇਸ਼ ਮੀਟਿੰਗ


■ ਮੀਟਿੰਗ ਉਪਰੰਤ ਵੱਡੀ ਗਿਣਤੀ 'ਚ ਲੋਕ ਹੋਏ 'ਆਪ' 'ਚ ਸ਼ਾਮਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਇੰਚਾਰਜ ਸਨੌਰ ਤੇ ਚੇਅਰਮੈਨ ਪੀਆਰਟੀਸੀ ਰਣਜੋਧ ਸਿੰਘ ਹਡਾਣਾ ਵੱਲੋਂ ਚੌਰਾ ਪਿੰਡ ਦੀ ਬਲਜੀਤ ਕਲੋਨੀ ਤੇ ਰਣਜੀਤ ਐਵੀਨਿਊ ਦੇ ਨਿਵਾਸੀਆਂ ਨਾਲ ਵਿਸ਼ੇਸ਼ ਲੋਕ-ਸੰਪਰਕ ਮੀਟਿੰਗ ਕੀਤੀ ਗਈ, ਜਿਸ ਵਿੱਚ ਸੈਂਕੜੇ ਨਿਵਾਸੀਆਂ ਨੇ ਆਪ ਮੁਹਾਰੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਲੋਕਾਂ ਵੱਲੋਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਜੀ ਦੀਆਂ ਲੋਕ-ਪੱਖੀ ਨੀਤੀਆਂ, ਭ੍ਰਿਸ਼ਟਾਚਾਰ ਵਿਰੋਧੀ ਕਦਮਾਂ ਤੇ ਵਿਕਾਸਕਾਰੀ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।ਇਲਾਕੇ ਦੇ ਲੋਕਾਂ ਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਪ੍ਰਤੀ ਆਪਣਾ ਭਰੋਸਾ ਜਤਾਉਂਦੇ ਹੋਏ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਨੂੰ ਜੁਆਇਨ ਕੀਤਾ।ਮੀਟਿੰਗ ਉਪਰੰਤ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਇਸ ਮੌਕੇ ਮੀਟਿੰਗ ਵਿੱਚ ਮੌਜੂਦ ਕਈ ਲੋਕਾਂ ਨੇ ਸਰਕਾਰੀ ਸਕੀਮਾਂ ਨਾਲ ਮਿਲ ਰਹੇ ਲਾਭਾਂ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ ਤੇ ਲੋਕਲ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲੇ ਗਰੀਬ ਤੇ ਮੱਧ ਵਰਗ ਲਈ ਵੱਡੀ ਰਾਹਤ ਸਾਬਿਤ ਹੋ ਰਹੇ ਹਨ।ਲੋਕਾਂ ਨੇ ਖ਼ਾਸ ਕਰਕੇ ਪਾਰਦਰਸ਼ੀ ਪ੍ਰਸ਼ਾਸਨ, ਇਮਾਨਦਾਰ ਸ਼ਾਸਨ ਤੇ ਹਰ ਵਰਗ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣ ਦੀ ਨੀਤੀ ਦੀ ਸ਼ਲਾਘਾ ਕੀਤੀ।ਇਸ ਮੌਕੇ ਨਵੇਂ ਸ਼ਾਮਲ ਹੋਏ ਵਰਕਰਾਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਤੇ ਪੂਰਾ ਵਿਸ਼ਵਾਸ ਰੱਖਦੇ ਹਨ ਤੇ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਵਧਾਉਣ ਲਈ ਪਾਰਟੀ ਦੇ ਨਾਲ ਮਿਲ ਕੇ ਕੰਮ ਕਰਨਗੇ। ਹਡਾਣਾ ਨੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਲਾਕਾ ਨਿਵਾਸੀਆਂ ਵੱਲੋਂ ਮਿਲ ਰਿਹਾ ਪਿਆਰ ਤੇ ਸਹਿਯੋਗ ਪਾਰਟੀ ਲਈ ਵੱਡਾ ਹੌਸਲਾ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਾਥਮਿਕਤਾ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦਾ ਲਾਭ ਹਰ ਘਰ ਤੱਕ ਪਹੁੰਚਾਇਆ ਜਾਵੇਗਾ।

## ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲੋਕ ਸਰਕਾਰ ਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇਣ : ਠੁਕਰਾਲ

**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਹੋਈ ਮੁਹਿੰਮ ਤਹਿਤ ਨਗਰ ਪੰਚਾਇਤ ਮੱਖੂ ਵੱਲੋਂ ਗੁਰਜੰਟ ਸਿੰਘ ਐੱਮ ਸੀ ਦੀ ਅਗਵਾਈ ਹੇਠ ਵਾਰਡ ਨੰਬਰ 12 ਵਿੱਚ ਜਾਗਰੂਕਤਾ ਪੈਦਲ ਯਾਤਰਾ ਕੱਢੀ ਗਈ। ਯੁੱਧ ਨਸ਼ਿਆਂ ਵਿਰੁੱਧ ਦੀ ਇਸ ਜਾਗਰੂਕਤਾ ਪੈਦਲ ਯਾਤਰਾ ਵਿੱਚ ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਵਰਿੰਦਰ ਠੁਕਰਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਦੇ ਸ਼ੁਰੂ ਕੀਤੇ ਗਏ ਦੂਜੇ ਪੜਾਅ ਨੂੰ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ ਤੇ ਲੋਕ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦਾ ਸਾਥ ਦੇ ਰਹੇ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੀਦਾ ਹੈ।ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਨਸ਼ਾ ਇੱਕ ਨਹੀਂ ਸਗੋਂ ਬਹੁਤ ਸਾਰੀਆਂ ਖਤਰਨਾਕ ਬੀਮਾਰੀਆਂ ਦਾ ਨਾਂ ਹੈ, ਇਸ ਲਈ ਨੌਜਵਾਨਾਂ ਨੂੰ ਨਸ਼ਿਆਂ ਨੂੰ ਤਿਆਗ ਕੇ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ।ਇਸ ਮੌਕੇ ਐਸ ਸੀ ਗੁਰਜੰਟ ਸਿੰਘ, ਸੰਦੀਪ ਠੁਕਰਾਲ, ਸੌਰਵ ਅਹੂਜਾ, ਸੋਨੂੰ ਸੂਦ, ਸਾਜਨ ਸਿਕਰੀ ਆਦਿ ਹਾਜ਼ਰ ਸਨ।



## ਆਪਣਾ ਫਰਜ਼ ਸੇਵਾ ਸੋਸਾਇਟੀ ਵੱਲੋਂ 6 ਸਾਲ ਸੰਪੂਰਨ ਹੋਣ 'ਤੇ ਗੁਰਮਤਿ ਸਮਾਗਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਪਣਾ ਫਰਜ਼ ਸੇਵਾ ਸੋਸਾਇਟੀ ਪਟਿਆਲਾ ਦੇ 6 ਸਾਲ ਸੰਪੂਰਨ ਹੋਣ 'ਤੇ ਸੋਸਾਇਟੀ ਦੇ ਪ੍ਰਧਾਨ ਪਾਲ ਸਿੰਘ ਖਰੌੜ ਵੱਲੋਂ ਭਾਦਸੋਂ ਰੋਡ, ਪਿੰਡ ਲਚਕਾਣੀ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਸਮਾਗਮ ਵਿੱਚ ਮੁੱਖ ਮਹਿਮਾਨ ਵੱਜੋ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਮਾਤਾ ਜੀ ਨੇ ਹਾਜ਼ਰੀ ਭਰ ਕੇ ਗੁਰੂ ਚਰਨਾਂ ਵਿੱਚ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਚੇਅਰਮੈਨ ਤੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਆਪਣੀ ਲੋਕ ਸਭਾ ਟੀਮ ਨਾਲ ਨਤਮਸਤਕ ਹੋ ਕੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।ਕਮੇਟੀ ਵੱਲੋਂ ਸਮਾਗਮ ਵਿੱਚ ਮਾਨ ਸਾਹਿਬ ਦੇ ਮਾਤਾ ਜੀ ਤੇ ਬਲਜਿੰਦਰ ਸਿੰਘ ਢਿੱਲੋਂ ਨੂੰ ਸਿਰੋਪਾਉ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ ਅਤੇ ਉਨ੍ਹਾ ਨੇ ਆਪਣਾ ਫਰਜ਼ ਸੇਵਾ ਸੋਸਾਇਟੀ ਦੇ 6 ਸਾਲ ਪੂਰੇ ਹੋਣ 'ਤੇ ਉਨ੍ਹਾ ਨੂੰ ਵਧਾਈ ਦਿੱਤੀ। ਇਸ ਮੌਕੇ ਢਿੱਲੋਂ ਨੇ ਦਸਦਿਆਂ ਕਿਹਾ ਕਿ ਪਾਲ ਖਰੌੜ ਜੀ ਹਰ ਸਾਲ ਧਾਰਮਿਕ ਸਮਾਗਮ ਕਰਵਾਉਂਦੇ ਹਨ ਤੇ ਮਨੁੱਖਤਾ ਦੀ ਸੇਵਾ ਲਈ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ। ਪਾਲ ਖਰੌੜ ਦੇ ਦੱਸੇ ਅਨੁਸਾਰ ਹੁਣ 200 ਬੈੱਡਾਂ ਦਾ ਹੋਰ ਪ੍ਰਬੰਧ ਕੀਤਾ ਜਾ ਰਿਹਾ ਹੈ, ਜੋ ਕਿ ਮਾਨਵਤਾ ਲਈ ਵੱਡੀ ਸੇਵਾ ਤੇ ਸੋਚ ਹੈ। ਇਸ ਮੌਕੇ ਜਸਵੰਤ ਰਾਏ, ਹਰਜੀਤ ਸਿੰਘ, ਰਜਿੰਦਰ ਸਿੰਘ ਕੋਹਲੀ, ਆਫਿਸ ਇੰਚਾਰਜ ਰਾਜ ਕੁਮਾਰ ਮਿਠਾਰੀਆ ਤੋਂ ਇਲਾਵਾ ਹੋਰ ਸਾਥੀ ਮੌਜੂਦ ਸਨ।

## ਕਾਨਫਰੰਸ 'ਤੇ ਕਿੰਤੂ-ਪ੍ਰੰਤੂ ਕਰਨ ਦਾ ਰਾਜਾ ਵੜਿੰਗ ਵਰਗਿਆਂ ਨੂੰ ਕੋਈ ਅਧਿਕਾਰ ਨਹੀਂ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੁਕਤਸਰ, ਫ਼ਤਹਿਗੜ੍ਹ ਸਾਹਿਬ, ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਚਮਕੌਰ ਸਾਹਿਬ ਆਦਿ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦੀ ਅਸਥਾਨ ਹਨ, ਜਿੱਥੇ ਸਾਡੇ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਿੱਖਾਂ ਦੀਆਂ ਵੱਡੀਆਂ ਸ਼ਹਾਦਤਾਂ ਹੋਈਆਂ ਹਨ। ਇਨ੍ਹਾਂ ਸ਼ਹਾਦਤਾਂ ਨੇ ਹਰ ਤਰ੍ਹਾਂ ਦੇ ਜਬਰ ਜ਼ੁਲਮ ਵਿਰੁੱਧ ਦ੍ਰਿੜ੍ਹਤਾ ਨਾਲ ਜਿੱਥੇ ਆਵਾਜ਼ ਬੁਲੰਦ ਕੀਤੀ ਹੈ, ਉੱਥੇ ਮਨੁੱਖਤਾ ਪੱਖੀ ਸੰਦੇਸ਼ ਵੀ ਦਿੰਦੀਆਂ ਹਨ।ਲੋੜਵੰਦਾਂ, ਮਜ਼ਲੂਮਾਂ, ਲਤਾੜੇ ਵਰਗਾਂ ਨੂੰ ਦਰਪੇਸ਼ ਆ ਰਹੀਆਂ ਇਨਸਾਨੀ ਮੁਸ਼ਕਲਾਂ ਵਿੱਚ ਸਹਿਯੋਗ ਕਰਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਸਹੀ ਕਰਨ ਵਿੱਚ ਯੋਗਦਾਨ ਪਾਉਣ ਤੇ ਉਨ੍ਹਾਂ ਵਿੱਚ ਪੈਦਾ ਹੋਈ ਕਿਸੇ ਵੀ ਤਰ੍ਹਾਂ ਦੀ ਹੀਣ ਭਾਵਨਾ ਨੂੰ ਖ਼ਤਮ ਕਰਕੇ ਮਨੁੱਖਤਾ ਪੱਖੀ ਅਮਲ ਕਰਕੇ ਸੰਦੇਸ਼ ਦਿੰਦੀਆਂ ਹਨ, ਪਰ ਦੁੱਖ ਤੇ ਅਫਸੋਸ ਹੈ ਕਿ ਜਿਸ ਕਾਂਗਰਸ ਜਮਾਤ ਨੇ ਮੁਲਕ ਦੀ ਵੰਡ ਤੋਂ ਪਹਿਲਾਂ ਸਿੱਖ ਕੌਮ ਤੋਂ ਹਰ ਤਰਾਂ ਦਾ ਸਹਿਯੋਗ ਲੈਣ ਹਿੱਤ, ਕੌਮ ਨਾਲ ਉੱਤਰੀ ਭਾਰਤ ਵਿੱਚ ਇਕ ਆਜ਼ਾਦ ਖਿੱਤਾ ਪ੍ਰਦਾਨ ਕਰਨ ਦੇ ਬੱਚਨ ਕਰਕੇ ਸਿੱਖ ਕੌਮ ਨਾਲ ਵੱਡਾ ਧੋਖਾ-ਫਰੇਬ ਕੀਤਾ, ਫਿਰ ਸਾਨੂੰ ਸਰਕਾਰੀ ਫਾਇਲਾਂ ਵਿੱਚ ਜਰਾਇਮ ਪੇਸ਼ਾ ਕਰਾਰ ਦੇਕੇ ਸਾਡੇ ਮਨੁੱਖਤਾਂ ਪੱਖੀ ਉੱਚੇ-ਸੁੱਚੇ ਕਿਰਦਾਰ ਉਤੇ ਦਾਗ ਲਗਾਉਣ ਦੇ ਅਮਲ ਕੀਤੇ ਹੋਣ, ਬਲੂਸਟਾਰ ਦਾ ਫੌਜੀ ਹਮਲਾ ਕਰਕੇ ਸਾਡੇ ਗੁਰਧਾਮਾਂ ਨੂੰ ਤਹਿਸ-ਨਹਿਸ ਕੀਤਾ ਹੋਵੇ, ਕਤਲੇਆਮ ਕੀਤਾ ਹੋਵੇ, 1984 ਵਿੱਚ ਸਾਡੇ ਸਿੱਖਾਂ ਦੇ ਘਰਾਂ ਤੇ ਕਾਰੋਬਾਰਾਂ ਨੂੰ ਲੁੱਟਦੇ ਹੋਏ ਬਲਾਤਕਾਰ ਕੀਤੇ ਹੋਣ, ਬੱਚਿਆਂ, ਬੀਬੀਆਂ, ਬਜ਼ੁਰਗਾਂ, ਨੌਜਵਾਨਾਂ ਦੇ ਖੂਨ ਨਾਲ ਹੋਲੀ ਖੇਡੀ ਹੋਵੇ, ਪੰਜਾਬ ਵਿੱਚ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਸਿਵਿਆਂ ਵਿੱਚ ਰੋਣ ਕੁਰਲਾਹਟ ਪੈਦਾ ਕੀਤੀ ਹੋਵੇ, ਪੰਜਾਬ ਦੇ ਖਜ਼ਾਨੇ ਤੇ ਸਾਧਨਾਂ ਨੂੰ ਲੁੱਟਿਆ ਹੋਵੇ, ਹਮੇਸ਼ਾ ਪੰਜਾਬੀਆਂ ਤੇ ਸਿੱਖਾਂ ਨਾਲ ਬੇਇਨਸਾਫੀਆਂ ਅਤੇ ਜਬਰ ਕਰਦੇ ਆ ਰਹੇ ਹੋਣ, ਸਾਡੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਨ ਤੇ ਸਿੱਖਾਂ ਦੇ ਕਤਲ ਕਰਨ ਵਿੱਚ ਮੋਹਰੀ ਹੋਵੇ, ਬਾਹਰਲੇ ਮੁਲਕਾਂ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾਂਦੀਆਂ ਹੋਣ, ਉਸ ਕਾਂਗਰਸ ਜਾਲਮ ਜਮਾਤ ਤੇ ਉਸ ਦੇ ਰਾਜਾ ਵੜਿੰਗ ਵਰਗੇ ਆਗੂਆਂ ਨੂੰ ਕੋਈ ਹੱਕ ਨਹੀਂ ਕਿ ਉਹ ਸਾਡੀਆਂ ਪੀਰੀ-ਮੀਰੀ ਦੀਆਂ ਹੋਣ ਵਾਲੀਆਂ ਸ਼ਹੀਦੀ ਕਾਨਫਰੰਸਾਂ 'ਤੇ ਗੈਰ-ਦਲੀਲ ਢੰਗ ਨਾਲ ਕਿੰਤੂ-ਪ੍ਰੰਤੂ ਕਰਕੇ ਅਤੇ ਸਾਡੀ ਮਹਾਨ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਸਿੱਖ ਸ਼ਖ਼ਸੀਅਤਾਂ ਵਿੱਚ ਨਫ਼ਰਤ ਪੈਦਾ ਕਰਨ ਦੀ ਗੁਸਤਾਖੀ ਕਰਨ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਮੁਕਤਸਰ ਦੀ ਪਵਿੱਤਰ ਸ਼ਹੀਦੀ ਧਰਤੀ ਉੱਤੇ ਸਾਡੇ ਵੱਲੋਂ ਕੀਤੀ ਗਈ ਮੀਰੀ-ਪੀਰੀ ਕਾਨਫਰੰਸ ਉਤੇ ਕਿੰਤੂ-ਪ੍ਰੰਤੂ ਕਰਨ ਤੇ ਸਾਡੀ ਮਹਾਨ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਾਡੀ ਕੌਮੀ ਸਿਆਸਤ ਵਿੱਚ ਗਲਤਫਹਿਮੀਆਂ ਪੈਦਾ ਕਰਨ ਦੇ ਅਮਲਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਾਂਗਰਸ ਵਰਗੀਆਂ ਪੰਜਾਬ ਸੂਬੇ ਤੇ ਸਿੱਖ ਕੌਮ ਵਿਰੋਧੀ ਤਾਕਤਾਂ ਨੂੰ ਖ਼ਬਰਦਾਰ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ 'ਤੇ ਮਾਹੌਲ ਨੂੰ ਗੰਧਲਾ ਕਰਨ ਤੇ ਸਿੱਖ ਕੌਮ ਵਿੱਚ ਭਰਾਮਾਰੂ ਜੰਗ ਕਰਵਾਉਣ ਦੀਆਂ ਸਾਜ਼ਿਸ਼ਾਂ ਨੂੰ ਕਦਾਚਿਤ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

## ਠੇਕਾ ਕਾਮੇ 24 ਨੂੰ ਦਿੜ੍ਹਬਾ 'ਚ ਗੱਜਣਗੇ : ਵਰਿੰਦਰ ਸਿੰਘ ਮੋਮੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਫੈਸਲੇ ਤਹਿਤ ਜ਼ਿਲ੍ਹਾ ਪਟਿਆਲਾ ਬ੍ਰਾਂਚ ਪਾਤੜਾਂ ਦੀ ਮੀਟਿੰਗ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਦੌਰਾਨ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਤੇ ਦਫਤਰਾਂ ਵਿੱਚ ਵੱਖ-ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜ਼ਮਾਂ ਦੀ ਤਰ੍ਹਾਂ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ 'ਪੱਕੇ ਰੁਜ਼ਗਾਰ' ਦਾ ਪ੍ਰਬੰਧ ਕਰਨ ਸਮੇਤ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਕਰਨ ਦੀ ਮੰਗ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਮੰਗ ਕੀਤੀ ਜਾ ਰਹੀ ਹੈ, ਪਰ ਪੰਜਾਬ ਸਰਕਾਰ ਤੇ ਵਿਭਾਗੀ ਮੈਨੇਜਮੈਂਟ ਲਾਰੇ ਲਗਾਓ ਅਤੇ ਸਮਾਂ ਬਤੀਤ ਕਰ ਰਹੀ ਹੈ, ਉਥੇ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ, ਬਲਾਕ ਪੱਧਰੀ ਨਹਿਰੀ ਪ੍ਰੋਜੈਕਟ ਲਗਾ ਕੇ, ਨਿੱਜੀਕਰਨ/ਪੰਚਾਇਤੀਕਰਨ ਕਰਨ ਵਰਗੀਆਂ ਤਮਾਮ ਮਾਰੂ ਨੀਤੀਆਂ ਲਾਗੂ ਕਰਕੇ ਵਰਕਰਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਇਸ ਦੇ ਨਾਲ ਹੀ ਲੋਕਾਂ ਨੂੰ ਪੀਣ ਵਾਲਾ ਪਾਣੀ ਮਹਿੰਗੇ ਮੁੱਲ 'ਚ ਵੇਚਣ ਲਈ ਕਾਰਪੋਰੇਟਰਾਂ ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ, ਜਿਸ ਦੇ ਵਿਰੋਧ 'ਚ ਮਜਬੂਰੀ ਵੱਸ ਵਰਕਰ ਆਪਣੇ ਕੱਚੇ-ਪਿੱਲੇ ਰੁਜ਼ਗਾਰ ਨੂੰ ਬਚਾਉਣ ਲਈ ਸੰਘਰਸ਼ ਦੇ ਰਾਹ ਤੁਰੇ ਹੋਏ ਹਨ।ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੋਂ ਪੰਜਾਬ ਸਰਕਾਰ ਵਿਰੁੱਧ ਪੁਰਅਮਨ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਪੰਜਾਬ ਸਰਕਾਰ ਦੇ ਵਿੱਤ ਮੰਤਰੀ, ਹਰਪਾਲ ਸਿੰਘ ਚੀਮਾ (ਚੇਅਰਮੈਨ, ਕੈਬਨਿਟ-ਸਬ-ਕਮੇਟੀ) ਦੇ ਵਿਧਾਨ ਸਭਾ ਹਲਕੇ ਦੀ ਦਿੜ੍ਹਬਾ ਦੀ ਅਨਾਜ ਮੰਡੀ ਵਿੱਚ 24 ਜਨਵਰੀ ਨੂੰ ਪੰਜਾਬ ਪੱਧਰੀ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਯੂਨੀਅਨ ਦੀ ਸੂਬਾ ਕਮੇਟੀ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਵਰਕਰ ਆਪਣੇ ਪਰਿਵਾਰਾਂ-ਬੱਚਿਆਂ ਸਮੇਤ ਸ਼ਾਮਲ ਹੋਣਗੇ।

## COURT NOTICE

In The Court of
Sh. Sumit Bhalla
Additional Principal Judge
Family Court, Gurdaspur
CNR No. PBGD01-001258-2025
Next Date:- 26-02-2026
MNT125/19/2025
Madhu Saini
Vs.
Amritpal Singh
Notice To :
Amritpal Singh
Father : Sawinder Singh
R/o House No. 200, Abadi Guru Nagar, Verka, Amritsar, Tehsil and Distt. Amritsar

In above titled case, the accused could not be served. It is ordered that accused should appear in person or through counsel on 26-02-2026 at 10:00 a.m.

For details logon to https://highcourtchd.gov.in/?mod=district_notice&district=Gurdaspur

Additional Principal Judge
Family Court, Gurdaspur
Dated, this day of 14-01-2026

## ਪਬਲਿਕ ਨੋਟਿਸ

ਦਫਤਰ ਤਹਿਸੀਲਦਾਰ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

ਨੋਟਿਸ :- ਗੁਰਜੰਟ ਸਿੰਘ ਗਿੱਲ ਪੁੱਤਰ ਦਰਸ਼ਨ ਸਿੰਘ ਵਾਸੀ ਨੰਗਲ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

ਬਨਾਮ ਆਮ ਅਤੇ ਖਾਸ

ਇਸ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਜੰਟ ਸਿੰਘ ਗਿੱਲ ਪੁੱਤਰ ਦਰਸ਼ਨ ਸਿੰਘ ਪੁੱਤਰ ਗੁਰਮੇਲ ਸਿੰਘ, ਵਾਸੀ ਨੰਗਲ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਨੇ ਇਕ ਦਰਖਾਸਤ ਮਿਤੀ 06/01/2026 ਨੂੰ ਨਿਮਨ ਹਸਤਾਖਰ ਦੇ ਦਫਤਰ ਵਿਖੇ ਦੇ ਕੇ ਬੇਨਤੀ ਕੀਤੀ ਹੈ ਕਿ ਮਾਲ ਰਿਕਾਰਡ ਪਿੰਡ ਨੰਗਲ ਵਿੱਚ ਉਸ ਦਾ ਨਾਂਅ ਰੁਪਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਗੁਰਮੇਲ ਸਿੰਘ ਗਲਤ ਦਰਜ ਹੈ, ਪਰ ਉਸ ਦੇ ਆਈ.ਡੀ. ਪਰੂਫਾਂ ਵਿੱਚ ਜਿਵੇਂ ਕਿ ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਅਤੇ ਪਾਸਪੋਰਟ ਅਤੇ ਬੈਂਕ ਖਾਤੇ ਵਿੱਚ ਉਸ ਦਾ ਨਾਂਅ ਗੁਰਜੰਟ ਸਿੰਘ ਗਿੱਲ ਪੁੱਤਰ ਦਰਸ਼ਨ ਸਿੰਘ ਦਰਜ ਹੈ। ਇਸ ਲਈ ਮਾਲ ਰਿਕਾਰਡ ਵਿੱਚ ਉਸ ਦਾ ਨਾਂਅ ਰੁਪਿੰਦਰ ਸਿੰਘ ਉਰਫ ਗੁਰਜੰਟ ਸਿੰਘ ਗਿੱਲ ਪੁੱਤਰ ਦਰਸ਼ਨ ਸਿੰਘ ਪੁੱਤਰ ਗੁਰਮੇਲ ਸਿੰਘ ਦਰੁਸਤ ਕੀਤਾ ਜਾਵੇ। ਇਸ ਲਈ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਨਾਂਅ ਨੂੰ ਦਰੁਸਤ ਕਰਨ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਹ ਨੋਟਿਸ ਪ੍ਰਕਾਸ਼ਿਤ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੇ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਤਰਾਜ਼ ਨਾ ਆਉਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਕਤ ਨਾਂਅ ਦੀ ਦਰੁਸਤੀ ਸੰਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੋਗ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਮਿਆਦ ਕਿਸੇ ਦਾ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ।

ਸਹੀ/- ਨਾਇਬ ਤਹਿਸੀਲਦਾਰ ਨਿਹਾਲ ਸਿੰਘ ਵਾਲਾ।
ਮਿਤੀ : 16-1-2026

## COURT NOTICE

(U/o 5 Rule 20 CPC)
In The Court of
Sh. Vineet Kumar Narang
Additional Principal Judge
Family Court, Nakodar
Gw/79/2025
CNR No. PBJLF2-000992-2025
Next Date:- 09-02-2026
Rajwinder Kaur Alias Rajwinder Kaur Kang
Vs.
General Public
Publication Issued To :
General Public
:- General Public.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 09-02-2026 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge
Family Court Nakodar
Dated, this day of 23-12-2025

## COURT NOTICE

(U/o 5 Rule 20 CPC)
In The Court of Dr. Arun Shori
Civil Judge (Junior Division), Amritsar
CNR No. PBAS02-003388-2024
Next Date:-21-02-2026
Vijay Mahajan
Vs.
Sham Sunder Kapoor
Publication Issued To:
Sham Sunder Kapoor
S/o Dwarka Das Kapoor, R/o Gali Surme Shah, Dhab Khatika, Near Ahuja Sweets, Amritsar, Tenant in Shop at 2nd Floor, Forming Part of Building No. 27, Shastri Market, Amritsar

In above titled case, the defendant(s)/ respondent(s) could not be served. It is ordered defendant(s)/respondent(s) should appear in person or through counsel on 21-02-2026 at 10 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated, this day of 16-01-2026

## PUBLIC NOTICE FOR AUCTION SALE OF GOLD

This is to inform the general public that Mrs. Harmanjot Kaur availed a Gold Loan on 09/04/2024 (A/c 42870717365) has failed to repay the dues despite repeated reminders. The loan account has been classified as NPA as of 09.04.2025.

As per the terms and conditions of the loan agreement, the pledged Gold Ornaments will be auctioned to recover the outstanding loan amount, interest, and charges.

Date and time of Auction: 23.01.2026 at 11 am at
Venue : SBI Talwandi Chowdharian Branch Distt. Kapurthala.
Description of Gold : Har - 1 , Ear Rings - 2, Tops - 2 pieces (Gross weight 18.9 gm)
Outstanding Amount : Rs. 91723 /-

Interested buyers may inspect the gold articles and participate in the auction. The sale will be conducted on an "as-is-where-is" basis. The highest bidder will be required to make full payment immediately after the conclusion of the auction.

**For any further information, please contact : Navneet Kaur 9815122246**

## ਅਦਾਲਤੀ ਇਸ਼ਤਿਹਾਰ ਅਖਬਾਰੀ ਨੋਟਿਸ

ਬਾ ਅਦਾਲਤ ਭੁਪਿੰਦਰ ਕੌਰ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਰਾਏਕੋਟ

ਕਿਸਮ ਕੇਸ-ਤਕਸੀਮ ਕੇਸ — ਮਿਸਲ ਨੰਬਰ-309 ਤੋਂ 315 ਤੱਕ
ਪਿੰਡ- ਤਲਵੰਡੀ ਰਾਏ — ਤਾਰੀਕ ਪੇਸ਼ੀ-22/01/2026

ਬਿਨੈਕਾਰ/ਸਾਇਲਾਨ

1) ਕਮਲਜੀਤ ਸਿੰਘ ਸੇਖੋਂ ਪੁੱਤਰ ਇਕਬਾਲ ਸਿੰਘ ਪੁੱਤਰ ਗੁਰਬਖਸ਼ ਸਿੰਘ, ਵਾਸੀ ਪਿੰਡ ਤਲਵੰਡੀ ਰਾਏ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਅਤੇ ਹੁਣ ਵਾਸੀ ਫਲੈਟ ਨੰਬਰ 602, ਜੀ.ਐਚ. ਸੈਕਟਰ 20 ਪੰਚਕੂਲਾ-134116 ਜ਼ਿਲ੍ਹਾ ਪੰਚਕੂਲਾ (ਹਰਿਆਣਾ)।

ਉੱਤਰਵਾਦੀ/ਮੁਦੈਅਲਮ

2) ਨਵੀਤਾ ਸੇਖੋਂ ਵਿਧਵਾ ਅਨੁਪਿੰਦਰਜੀਤ ਸਿੰਘ ਪੁੱਤਰ ਇਕਬਾਲ ਸਿੰਘ, 3) ਜੋਰਾਵਰ ਸਿੰਘ ਸੇਖੋਂ ਪੁੱਤਰ ਅਨੁਪਿੰਦਰਜੀਤ ਸਿੰਘ ਪੁੱਤਰ ਇਕਬਾਲ ਸਿੰਘ, 4) ਦਿਲਾਵਰ ਸਿੰਘ ਸੇਖੋਂ ਪੁੱਤਰ ਅਨੁਪਿੰਦਰਜੀਤ ਸਿੰਘ ਪੁੱਤਰ ਇਕਬਾਲ ਸਿੰਘ ਵਾਸੀਆਨ ਮਕਾਨ ਨੰਬਰ 102/ਜੀ. ਐਚ, 86 ਸੈਕਟਰ 20 ਪੰਚਕੂਲਾ-134116 ਜ਼ਿਲ੍ਹਾ ਪੰਚਕੂਲਾ (ਹਰਿਆਣਾ), 5) ਸੁਖਚੈਨ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਈਸ਼ਰ ਸਿੰਘ, 6) ਸਵਿੰਦਰ ਕੌਰ ਪਤਨੀ ਸੁਖਚੈਨ ਸਿੰਘ ਪੁੱਤਰ ਈਸ਼ਰ ਸਿੰਘ, 7) ਪ੍ਰੀਤੀ ਜੈਨ ਪੁੱਤਰੀ ਗਜਿੰਦਰ ਕੁਮਾਰ ਜੈਨ ਪੁੱਤਰ ਅਮਰ ਚੰਦ, 8) ਮਨਪ੍ਰੀਤ ਸਿੰਘ ਪੁੱਤਰ ਗੁਰਸ਼ਰਨਜੀਤ ਸਿੰਘ ਪੁੱਤਰ ਗੁਰਦਾਸ ਸਿੰਘ ਉੱਤਰਵਾਦੀ ਨੰਬਰ 4 ਤੋਂ 7 ਵਾਸੀ ਤਲਵੰਡੀ ਰਾਏ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ। 9) ਬਲਜਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਗੁਰਬਖਸ਼ ਸਿੰਘ 10) ਜਸਵੀਰ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਗੁਰਬਖਸ਼ ਸਿੰਘ 11) ਸੁਰਿੰਦਰ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਗੁਰਬਖਸ਼ ਸਿੰਘ 12) ਰਾਵਿੰਦਰ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਗੁਰਬਖਸ਼ ਸਿੰਘ 13) ਸਵਰਨ ਸਿੰਘ ਪੁੱਤਰ ਸ਼ਾਮ ਸਿੰਘ ਪੁੱਤਰ ਕੰਧਾਰਾ ਸਿੰਘ 14) ਰਾਹਿਨ ਅਵਤਾਰ ਸਿੰਘ ਪੁੱਤਰ ਗੋਪਾਲ ਸਿੰਘ ਪੁੱਤਰ ਹੀਰਾ ਸਿੰਘ 15) ਜੋਗਿੰਦਰ ਸਿੰਘ ਪੁੱਤਰ ਗੋਪਾਲ ਸਿੰਘ ਪੁੱਤਰ ਹੀਰਾ ਸਿੰਘ 16) ਮੇਹਰ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਅਤਰ ਸਿੰਘ 17) ਪਰਤਾਪ ਕੌਰ ਵਿਧਵਾ ਗੋਪਾਲ ਸਿੰਘ ਪੁੱਤਰ ਹੀਰਾ ਸਿੰਘ 18) ਜੈ ਕੌਰ ਵਿਧਵਾ ਗੋਪਾਲ ਸਿੰਘ ਪੁੱਤਰ ਹੀਰਾ ਸਿੰਘ 19) ਜਗਦੀਸ਼ ਸਿੰਘ ਪੁੱਤਰ ਗੋਪਾਲ ਸਿੰਘ ਪੁੱਤਰ ਹੀਰਾ ਸਿੰਘ 20) ਮੁਰਤਇਨਾਨ ਭਾਗ ਸਿੰਘ ਪੁੱਤਰ ਜੈਮਲ ਸਿੰਘ 21) ਬਲਵੀਰ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਗੰਡਾ ਸਿੰਘ 22) ਜਸਵੀਰ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਗੰਡਾ ਸਿੰਘ 23) ਸੁਰਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਗੰਡਾ ਸਿੰਘ 24) ਨਾਹਰ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਗੰਡਾ ਸਿੰਘ 25) ਕਰਨੈਲ ਸਿੰਘ ਪੁੱਤਰ ਕਿਸ਼ਨ ਸਿੰਘ ਪੁੱਤਰ ਕੰਧਾਰਾ ਸਿੰਘ 26) ਭਾਗ ਸਿੰਘ ਪੁੱਤਰ ਕਿਸ਼ਨ ਸਿੰਘ ਪੁੱਤਰ ਕੰਧਾਰਾ ਸਿੰਘ 27) ਗਗਨਦੀਪ ਸਿੰਘ ਪੁੱਤਰ ਜੋਰਾ ਸਿੰਘ ਪੁੱਤਰ ਹਰਨਾਮ ਸਿੰਘ ਉੱਤਰਵਾਦੀ ਨੰਬਰ 8 ਤੋਂ 26 ਵਾਸੀਆਨ ਪਿੰਡ ਬਸੀਆਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ।

ਉਪਰੋਕਤ ਵਿਸ਼ੇ 'ਤੇ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਤਕਸੀਮ ਕੇਸ ਕਮਲਜੀਤ ਸਿੰਘ ਸੇਖੋਂ ਪੁੱਤਰ ਇਕਬਾਲ ਸਿੰਘ ਪੁੱਤਰ ਗੁਰਬਖਸ਼ ਸਿੰਘ, ਵਾਸੀ ਪਿੰਡ ਤਲਵੰਡੀ ਰਾਏ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਅਤੇ ਹੁਣ ਵਾਸੀ ਫਲੈਟ ਨੰਬਰ 602, ਜੀ.ਐਚ. ਸੈਕਟਰ 20 ਪੰਚਕੂਲਾ-134116 ਜ਼ਿਲ੍ਹਾ ਪੰਚਕੂਲਾ (ਹਰਿਆਣਾ) ਤਹਿਸੀਲ ਰਾਏਕੋਟ ਜ਼ਿਲ੍ਹਾ ਲੁਧਿਆਣਾ ਨੇ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਤਕਸੀਮ ਕੇਸ ਦਾਇਰ ਕੀਤਾ ਹੈ।ਇਹ ਕਿ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਰਸਪਾਂਡੈਂਟਸ ਦੀ ਤਲਬੀ ਆਮ ਤਰੀਕੇ ਨਾਲ ਨਹੀਂ ਹੋ ਸਕਦੀ।ਇਸ ਲਈ ਅਖਬਾਰੀ ਨੋਟਿਸ ਮੁਤਾਬਿਕ ਆਰਡਰ ਨੰ: 5 ਰੂਲ 20 ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮਸਲੂਐਹਲਮ ਖੁਦ ਜਾਂ ਰਾਹੀਂ ਵਕੀਲ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 22-01-2026 ਨੂੰ ਸਵੇਰੇ 10-00 ਵਜੇ ਪੇਸ਼ ਹੋਣ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 08-01-2026 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਸਹੀ/-ਨਾਇਬ ਤਹਿਸੀਲਦਾਰ, ਰਾਏਕੋਟ

AXIS BANK — **Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana 141001., **Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਅੰਤਿਕਾ-IV [ਹਵਾਲਾ ਰੂਲ-8(1)]
### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸ. ਮਾਂ ਦੁਰਗਾ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਅਮਿਤ ਸਿਆਲ ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 80,02,741/- (ਅੱਸੀ ਲੱਖ ਦੋ ਹਜ਼ਾਰ ਸੱਤ ਸੌ ਇਕਤਾਲੀ ਰੁਪਏ ਕੇਵਲ) ਮਿਤੀ 9 ਜੁਲਾਈ 2025 ਨੂੰ ਇਸ ਉਪਰ ਹੋਰ ਅਣਲਾਗੂਯੋਗ ਵਿਆਜ ਅਤੇ ਲਾਗਤ ਦੇ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ 9 ਜੁਲਾਈ 2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰ/ਸਹਿ ਕਰਜ਼ਦਾਰ/ਰਹਿਣਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 13 ਜਨਵਰੀ 2026 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਲੈਣ ਦੇਣ ਐਕਸਿਸ ਬੈਂਕ ਲਿਮਟਿਡ ਨੂੰ ਰਕਮ ਰੁਪਏ 80,02,741/- (ਅੱਸੀ ਲੱਖ ਦੋ ਹਜ਼ਾਰ ਸੱਤ ਸੌ ਇਕਤਾਲੀ ਰੁਪਏ ਕੇਵਲ) ਇਸ ਰਕਮ 'ਤੇ 9 ਜੁਲਾਈ 2025 ਨੂੰ ਹੋਰ ਵਿਆਜ ਅਦਾਇਗੀ ਦੀ ਮਿਤੀ ਤੱਕ ਹੋਰ ਵਿਆਜ, ਵਿਆਜ ਦੀ ਠੇਕਾ ਦਰ, ਅਤੇ ਇਸ 'ਤੇ ਖਰਚੇ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਵਪਾਰਕ ਜਾਇਦਾਦ ਜ਼ਮੀਨ ਰਕਬਾ 00 ਕਨਾਲ 7-1/2 ਮਰਲਾ (227 ਵਰਗ ਗਜ਼) ਖੇਵਟ/ਖਤੌਨੀ ਨੰ. 627/647, ਖਸਰਾ ਨੰ. 5//19(3-10), 20(3-17), 21(7-18), 22(7-19), 26(0-13), 6//25(2-15), 14//2/2(0-18), 2/1(5-10) ਕਿੱਤੇ 08 ਰਕਬਾ 33 ਕਨਾਲ 00 ਮਰਲਾ, 1/88 ਦਾ ਹੱਦ ਹਿੱਸਾ ਜੋ ਕਿ 00 ਕਨਾਲ 7-1/2 ਮਰਲਾ, ਸ਼ਕਤੀ ਰੋਡ ਕੋਰੀਅਰ ਪਿੰਡ ਭਵਾਤ ਵਿਖੇ ਸਥਿਤ, ਹੱਦਬਸਤ ਨੰ. 234, ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸ ਏ ਐਸ ਨਗਰ, ਮੁਹਾਲੀ, ਪੰਜਾਬ, ਭਾਰਤ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਐਨ/ਏ, ਪੱਛਮ : ਐੱਨ/ਏ, ਉੱਤਰ : ਐੱਨ/ਏ, ਦੱਖਣ : ਐੱਨ/ਏ

ਮਿਤੀ : 13.01.2026 — ਸਹੀ/- (ਅਧਿਕਾਰਤ ਅਫਸਰ)
ਸਥਾਨ : ਜ਼ੀਰਕਪੁਰ — ਐਕਸਿਸ ਬੈਂਕ ਲਿਮਟਿਡ

## ਉਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਜੰਮੂ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਹੇਠਾਂ ਜਿਕਰਯੋਗ ਐਸਟੀਬੀਏ (ਸਟੇਸ਼ਨ ਟਿਕਟ ਬੁਕਿੰਗ ਏਜੰਟ) ਕੰਮ ਦੇ ਲਈ ਤੈਅ ਸਿੰਗਲ ਪੈਕੇਟ ਮੁਹਰਬੰਦ ਦਰਖਾਸਤਾਂ ਦੀ ਮੰਗ ਕਰਦੇ ਹਨ:

| ਲ. ਨੰ. | ਸਟੇਸ਼ਨ | ਸਟੇਸ਼ਨ ਕੋਡ | ਸਟੇਸ਼ਨ ਕੈਟੇਗਰੀ | ਅਗਾਉਂ ਧਨ (ਰੁ. ਵਿਚ) | ਨਿਵਿਦਾ ਫਾਰਮ (ਰੁ ਵਿਚ) | ਕਾਂਟਰੈਕਟ ਦਾ ਸਮਾਂ |
|---|---|---|---|---|---|---|
| 1. | ਬਨਿਹਾਲ | BAHL | NSG-5 | 5000/- | 1180 | ਤਿੰਨ ਸਾਲ |
| 2. | ਅਨੰਤਨਾਗ | ANT | NSG-5 | 5000/- | 1180 | ਤਿੰਨ ਸਾਲ |
| 3. | ਹਰਸਰ ਦੇਹਰੀ | HRDR | NSG-6 | 2000/- | 1180 | ਤਿੰਨ ਸਾਲ |
| 4. | ਪਾਲਮਪੁਰ ਹਿਮਾਚਲ | PLMX | NSG-6 | 2000/- | 1180 | ਤਿੰਨ ਸਾਲ |
| 5. | ਪੰਜਗਾਮ | PJGM | NSG-6 | 2000/- | 1180 | ਤਿੰਨ ਸਾਲ |
| 6. | ਗੁਲੇਰ | GULR | NSG-6 | 2000/- | 1180 | ਤਿੰਨ ਸਾਲ |
| 7. | ਬਾਰਾਮੂਲਾ | BRML | NSG-6 | 2000/- | 1180 | ਤਿੰਨ ਸਾਲ |
| 8. | ਕਾਜ਼ੀਗੁੰਡ | QG | NSG-6 | 2000/- | 1180 | ਤਿੰਨ ਸਾਲ |
| 9. | ਦੀਨਾਨਗਰ | DNN | NSG-6 | 2000/- | 1180 | ਤਿੰਨ ਸਾਲ |
| 10. | ਧਾਰੀਵਾਲ | DHW | NSG-6 | 2000/- | 1180 | ਤਿੰਨ ਸਾਲ |
| 11. | ਮੁਕੇਰਿਯਾਂ | MEX | NSG-6 | 2000/- | 1180 | ਤਿੰਨ ਸਾਲ |
| 12. | ਬਡਗਾਮ | BDGM | NSG-6 | 2000/- | 1180 | ਤਿੰਨ ਸਾਲ |
| 13. | ਜਵਾਨਵਾਲਾ ਸ਼ਹਿਰ | JWLS | NSG-6 | 2000/- | 1180 | ਤਿੰਨ ਸਾਲ |
| 14. | ਘਗਵਾਲ | GHGL | NSG-6 | 2000/- | 1180 | ਤਿੰਨ ਸਾਲ |
| 15. | ਮਿਰਥਲ | MRTL | NSG-6 | 2000/- | 1180 | ਤਿੰਨ ਸਾਲ |
| 16. | ਬਿਜਬੇਹਾਰਾ | BJBA | NSG-6 | 2000/- | 1180 | ਤਿੰਨ ਸਾਲ |
| 17. | ਮਝੋਮ | MZMA | NSG-6 | 2000/- | 1180 | ਤਿੰਨ ਸਾਲ |
| 18. | ਭੰਗਾਲਾ | BNGL | NSG-6 | 2000/- | 1180 | ਤਿੰਨ ਸਾਲ |
| 19. | ਪੰਪੋਰ | PMPE | NSG-6 | 2000/- | 1180 | ਤਿੰਨ ਸਾਲ |
| 20. | ਕਾਮਾਪੋਰ | KAPE | NSG-6 | 2000/- | 1180 | ਤਿੰਨ ਸਾਲ |
| 21. | ਸਦੂਰਾ | SDUA | NSG-6 | 2000/- | 1180 | ਤਿੰਨ ਸਾਲ |
| 22. | ਹਮਰੇ | HME | NSG-6 | 2000/- | 1180 | ਤਿੰਨ ਸਾਲ |
| 23. | ਨਗਰੋਟਾ ਸੁਰਿਯਨ | NGRS | NSG-6 | 2000/- | 1180 | ਤਿੰਨ ਸਾਲ |
| 24. | ਹੀਰਾਨਗਰ | HRNR | NSG-6 | 2000/- | 1180 | ਤਿੰਨ ਸਾਲ |
| 25. | ਅਵੰਤਿਪੁਰਾ | ATPA | NSG-6 | 2000/- | 1180 | ਤਿੰਨ ਸਾਲ |
| 26. | ਵਿਜਯਪੁਰ ਜੰਮੂ | VJPJ | NSG-6 | 2000/- | 1180 | ਤਿੰਨ ਸਾਲ |
| 27. | ਨੂਰਪੁਰ ਰੋਡ | NUPR | NSG-6 | 2000/- | 1180 | ਤਿੰਨ ਸਾਲ |
| 28. | ਸਰਨਾ | SRM | NSG-6 | 2000/- | 1180 | ਤਿੰਨ ਸਾਲ |
| 29. | ਨਗਰੋਟਾ | NGRT | NSG-6 | 2000/- | 1180 | ਤਿੰਨ ਸਾਲ |
| 30. | ਕਾਪਰ ਲਹਰ | KPLR | NSG-6 | 2000/- | 1180 | ਤਿੰਨ ਸਾਲ |
| 31. | ਭਰੋਲੀ | BHRL | NSG-6 | 2000/- | 1180 | ਤਿੰਨ ਸਾਲ |
| 32. | ਜਖੋਲਾਹੜੀ | JK | NSG-6 | 2000/- | 1180 | ਤਿੰਨ ਸਾਲ |
| 33. | ਭੋਗਪੁਰ ਸ਼੍ਰੀਵਾਲ | BPRS | NSG-6 | 2000/- | 1180 | ਤਿੰਨ ਸਾਲ |
| 34. | ਛੀਨਾ | CHN | NSG-6 | 2000/- | 1180 | ਤਿੰਨ ਸਾਲ |
| 35. | ਤਲਾਰਾ | TLRA | NSG-6 | 2000/- | 1180 | ਤਿੰਨ ਸਾਲ |

ਦਰਖਾਸਤ ਪੱਤਰ ਕੇਵਲ ਮੁਹਰਬੰਦ ਪੈਕੇਟ ਵਿਚ ਵਾਣਿਜਕ ਬ੍ਰਾਂਚ, ਡੀਆਰਐਮ ਦਫਤਰ, ਜੰਮੂ ਵਿਚ ਮਿਤੀ 06.02.2026 ਨੂੰ 10:00 ਤੋਂ 15:00 ਵਜੇ ਦੇ ਵਿਚ ਪ੍ਰਾਪਤ ਕੀਤੇ ਜਾਣਗੇ। ਵਧੇਰੇ ਜਾਣਕਾਰੀ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 160/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 05.02.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਨੂੰ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 14.01.2026 | 22.01.2026 | 05.02.2026 / 15:00 ਵਜੇ |

| ਲੜੀ ਨੰਬਰ | ਨਿਵਿਦਾ ਸੰਖਿਆ, ਮਿਤੀ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 222-2025-26-ADEN-LDH | ਸੀਨੀਅਰ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ/ਲੁਧਿਆਦਾ ਦੇ ਤਹਿਤ ਆਉਂਣ ਵਾਲੇ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ./ਲੁਧਿਆਣਾ ਦੇ ਵਖ-ਵਖ ਯਾਰਡਾਂ ਵਿਚ ਸੁਧਾਰ ਕੰਮ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | 5,41,93,838.54 | 4,21,000.00 | 60 ਦਿਨ | 10 ਮਹੀਨੇ |

ਕੰਮ ਦੀ ਸਮਾਨ ਨੇਚਰ:- "ਟ੍ਰੈਕ ਨੂੰ ਉਪਰ ਵਧਾਉਣਾ, ਸਕ੍ਰੀਨਿੰਗ ਕਰਨਾ, ਟ੍ਰੈਕ ਨੂੰ ਖਰਾਬ ਕਰਨਾ, ਟ੍ਰੈਕ ਰਖਰਖਾਅ ਮਸ਼ੀਨਾਂ ਜਿਵੇਂ ਟੈਪਿੰਗ ਮਸ਼ੀਨ/ਗਿਟੀ ਆਦਿ ਦੇ ਲਈ ਪਹਿਲਾਂ ਅਤੇ ਬਾਅਦ ਕੰਮ ਸਮੇਤ ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਅਤੇ ਟੀਟੀਆਰ ਟੀ28 ਦੁਆਰਾ ਟੀ28 ਦੁਆਰਾ ਟੀਟੀਆਰ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ.:- 222-2025-26-ADEN-LDH ਤਾਰੀਕ: 15.01.2026 166/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਾਬਕਾ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਸੈਂਟਰਲ ਲਾਇਬ੍ਰੇਰੀ ਵਿਖੇ ਬੁੱਤ ਸਥਾਪਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਨਵੇਂ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਇਥੇ ਮੁਸਾਫ਼ਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ 127ਵੇਂ ਜਨਮ ਦਿਨ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਯਤਨਾਂ ਸਦਕਾ ਬੁੱਤ ਸਥਾਪਤ ਕੀਤਾ ਗਿਆ।ਸ. ਮੁਸਾਫ਼ਿਰ ਦੀ ਸਪੁੱਤਰੀ ਸ਼੍ਰੀਮਤੀ ਜੋਗਿੰਦਰ ਕੌਰ ਸੰਤ ਤੇ ਉੱਘੇ ਨਾਟਕਕਾਰ ਡਾ. ਆਤਮਜੀਤ ਸਿੰਘ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਕੀਤੀ ਅਤੇ ਸਾਬਕਾ ਰਾਜ ਸਭਾ ਮੈਂਬਰ ਸ. ਤਰਲੋਚਨ ਸਿੰਘ (ਪਦਮ ਭੂਸ਼ਣ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਨ੍ਹਾਂ ਦੋਹਾਂ ਸ਼ਖਸੀਅਤਾਂ ਨੇ ਸ. ਮੁਸਾਫ਼ਿਰ ਦੇ ਬੁੱਤ ਤੋਂ ਪਰਦਾ ਉਠਾਇਆ।ਸੈਂਟਰਲ ਲਾਇਬ੍ਰੇਰੀ ਦੀ ਮੁਖੀ ਸ਼੍ਰੀਮਤੀ ਚਰਨਜੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਲਾਇਬ੍ਰੇਰੀ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ।ਇਸ ਮੌਕੇ ਬੋਲਦਿਆਂ ਸ੍. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਇਕੋ ਸਮੇਂ ਸਾਹਿਤਕਾਰ, ਸਿਆਸਤਦਾਨ ਤੇ ਧਾਰਮਿਕ ਸਖਸ਼ੀਅਤ ਸਨ।ਉਨ੍ਹਾਂ ਕਿਹਾ ਕਿ ਉਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਤੇ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਸਾਹਿਤ ਦੇ ਖੇਤਰ ਵਿੱਚ ਉਹ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸਾਹਿਤਕਾਰ ਸਨ।ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਅਜਿਹੀਆਂ ਸ਼ਖਸੀਅਤਾਂ ਦੀ ਪੰਜਾਬ ਨੂੰ ਬਹੁਤ ਲੋੜ ਹੈ।ਸ. ਜ਼ਫ਼ਰ ਨੇ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾਂ ਵੀ ਮੁਸਾਫ਼ਿਰ ਸਾਹਿਬ ਦੀਆਂ ਰਚਨਾਵਾਂ ਨੂੰ ਵੱਖ-ਵੱਖ ਰੂਪਾਂ ਵਿੱਚ ਸੰਭਾਲਿਆ ਗਿਆ ਹੈ ਤੇ ਜਲਦੀ ਹੀ ਵਿਭਾਗੀ ਰਸਾਲੇ ਦਾ ਵਿਸ਼ੇਸ਼ ਅੰਕ ਉਨ੍ਹਾਂ ਦੇ ਜੀਵਨ, ਯਾਦਾਂ ਤੇ ਸਾਹਿਤ ਉਤੇ ਅਧਾਰਤ ਤਿਆਰ ਕੀਤਾ ਜਾਵੇਗਾ।ਇਸ ਮੌਕੇ ਸ੍. ਤਰਲੋਚਨ ਸਿੰਘ ਨੇ ਮੁਸਾਫ਼ਿਰ ਸਾਹਿਬ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਅਜਿਹੇ ਮਹਾਨ ਆਗੂਆਂ ਤੋਂ ਪ੍ਰੇਰਣਾ ਲੈਣ ਲਈ ਇਨ੍ਹਾਂ ਦੀਆਂ ਯਾਦਗਾਰਾਂ ਸਥਾਪਤ ਹੋਣੀਆਂ ਚਾਹੀਦੀਆਂ ਹਨ।ਪੰਜਾਬ ਦੇ ਸਾਰੇ ਮੁੱਖ ਮੰਤਰੀਆਂ ਦੀ ਯਾਦਗਾਰ ਅਜਾਇਬ ਘਰ ਦੇ ਰੂਪ ਵਿੱਚ ਸਥਾਪਤ ਕੀਤੀ ਜਾਵੇ।ਸ੍. ਮੁਸਾਫ਼ਿਰ ਦੀ ਸਪੁੱਤਰੀ ਸ਼੍ਰੀਮਤੀ ਜੋਗਿੰਦਰ ਕੌਰ ਸੰਤ ਨੇ ਉਨ੍ਹਾਂ ਦੀਆਂ ਦੇਸ਼ਭਗਤੀ ਨਾਲ ਸਬੰਧਤ ਯਾਦਾਂ ਤਾਜ਼ੀਆਂ ਕੀਤੀਆਂ।ਬੁੱਤਸਾਜ਼ ਜਸਪਾਲ ਸਿੰਘ ਦੁੱਗਲ ਨੇ ਸ. ਮੁਸਾਫ਼ਿਰ ਦਾ ਬੁੱਤ ਤਿਆਰ ਕਰਨ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ।ਡਾ. ਆਤਮਜੀਤ ਸਿੰਘ ਨੇ ਮੁਸਾਫ਼ਿਰ ਸਾਹਿਬ ਦੀਆਂ ਚੋਣਵੀਆਂ ਕਹਾਣੀਆਂ ਤੇ ਕਵਿਤਾਵਾਂ ਦੇ ਅੰਸ਼ ਪੇਸ਼ ਕਰਕੇ ਉਨ੍ਹਾਂ ਦੇ ਸਾਹਿਤਕ ਸਫ਼ਰ 'ਤੇ ਬਰੀਕੀ ਨਾਲ ਚਾਨਣਾ ਪਾਇਆ।ਮੰਚ ਸੰਚਾਲਨ ਦਾ ਕਾਰਜ ਡਾ. ਸਤੀਸ਼ ਵਰਮਾ ਨੇ ਬਾਖੂਬੀ ਨਿਭਾਇਆ। ਮੁਸਾਫ਼ਿਰ ਸਾਹਿਬ ਦੇ ਪਰਿਵਾਰਕ ਮੈਂਬਰਾਂ ਇੰਦਰਦੇਵ ਸਿੰਘ, ਕਾਜਲ, ਗੁਰਮੀਤ ਸਿੰਘ, ਹਰਵਿੰਦਰ ਸਿੰਘ, ਅਨੀਤਾ, ਸੰਗੀਤਾ, ਸੁਰਿੰਦਰਜੀਤ ਸਿੰਘ ਤੇ ਹੋਰਨਾਂ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਤੇ ਪੁਸਤਕਾਂ ਭੇਟ ਕਰਕੇ ਸਤਿਕਾਰ ਦਿੱਤਾ।ਇਸ ਮੌਕੇ ਡਾ. ਹਰਜਿੰਦਰ ਸਿੰਘ ਵਾਲੀਆ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਉਜਾਗਰ ਸਿੰਘ, ਇੰਦਰਪਾਲ ਸਿੰਘ ਚੱਢਾ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਸੁਖਦਰਸ਼ਨ ਸਿੰਘ ਚਹਿਲ, ਹਰਪ੍ਰੀਤ ਸਿੰਘ ਕਾਹੁਟਾਪੁਰੀਆ, ਅੰਮ੍ਰਿਤਪਾਲ ਸਿੰਘ ਸ਼ੈਦਾ ਤੇ ਵੱਡੀ ਗਿਣਤੀ ਵਿਚ ਸਾਹਿਤ ਪ੍ਰੇਮੀ ਮੌਜੂਦ ਸਨ।



# ਕਲਾਸੀਫਾਈਡ ਇਸ਼ਤਿਹਾਰ

## Change of Name

I, JYOTI D/O MR PARAMJIT SINGH WHOSE PERMANENT ADDRESS IN INDIA IS VILLAGE KUDDOWAL, DISTT JALANDHAR, PUNJAB 144803 AND NOW LIVING AT 1020 ALDRIDGE ROAD, GREAT BARR, BIRMINGHAM, B44 8NX HEREBY GIVE NOTICE OF MY INTENTION TO CHANGE MY NAME TO JYOTI (GIVEN NAME) TALWAR (SURNAME). (U/I)

I DAVINDER S/O LATE MR TARLOK SINGH, WHOSE PERMANENT ADDRESS IN INDIA IS VILL: BHODAI SUPRAI, P.O. JAMSHER KHAS, DISTT: JALANDHAR, PUNJAB, AND NOW LIVING AT 5 LUMLEY CLOSE, BOULTON MOOR, DERBY, DE24 5AU, UK HEREBY GIVE NOTICE OF MY INTENTION TO CHANGE MY NAME TO DAVINDER SINGH BHULLAR. (U/I)

I, GURBACHAN KAUR HAYRE W/O MR GURDEV SINGH WHOSE PERMANENT ADDRESS IN INDIA IS VILL: HERAN, TEH: SHAHKOT - NAKODAR, DIST: JALANDHAR, PUNJAB AND NOW LIVING AT 60 HARBORNE ROAD, EDGBASTON, BIRMINGHAM, B15 3HE, UK HEREBY GIVE NOTICE OF MY INTENTION TO CHANGE MY NAME TO GURBACHAN KAUR. (U/I)

I, SONIA RANI D/O OF MR RAM DAYAL WHOSE PERMANENT ADDRESS IN INDIA IS H. NO 54 MOHALLA TEEN MARLA, GARHA, GARHA, JALANDHAR, 144022 PUNJAB AND NOW LIVING AT 17 BODEN STREET, DERBY, DE23 8GX UK. HEREBY GIVE NOTICE OF MY INTENTION TO CHANGE MY NAME TO SONIA KAUR. (U/I)

I, Kajal w/o Manuj Vij House No. 29 Tower enclave phase 2 Jalandhar pin-144003 Declare that I have change my name from Kajal to Kajal vij. Concerned please note.

I, Kulwant Singh S/o Ajaib Singh R/o Vill Choure PO. Udhanwal, Teh. Batala, Distt. Gurdaspur. I have changed my name from Kalwant Singh to Kulwant Singh. Please concerned note.

I, Jaswinder Kaur W/O Sukhwant Singh R/O H. No. 2312/5, Gali Wariam Singh, Ramsar Road, Chowk Karori, Amritsar have changed my name from Jaswinder to Jaswinder Kaur. Concerned please note.

I, Sahil S/o Sumitter Singh Resident at VPO Dagana Kalan, Distt Hoshiarpur 146022 Punjab have changed my name from Sahil to Sahil Singh.. Singh is Surname and Sahil is given name. Concerned note.

I, Simranjit D/o Sumitter Singh Resident at VPO Dagana Kalan, Distt Hoshiarpur 146022 Punjab have changed my name from Simranjit to Simranjit Kaur.. Kaur is surname and Simranjit is given name. Concerned note.

I, Vishal Chander S/o Soni Lal R/o H.No.24, Tower Enclave, Phase-3, Wadala, Po.Wadala, Distt.Jalandhar, Punjab have changed my name from Vishal Chander to Given name as Vishal and Chander as surname. All please note.

I, Pushwinder Singh S/o Hardev Singh R/o Vill Kirtowal Khurd Tehsil Patti Distt.Tarn Taran have changed my name from Pushwinder Singh to Given name Pushwinder Surname Singh

I, Ranjodh Singh S/o Baldev Singh R/o V. Jhamke PO Uddoke Tehsil Baba Bakala Amritsar have changed my name from Ranjodh Singh to Given name Ranjodh Surname Singh

I, Mahima D/o Aninash Behal R/o 37A A Block, Phase-1, Opp Laxmi Sweets, Green Field Amritsar have changed my name from Mahima to Mahima Behal

I, Dhir Singh Aulakh S/o Dawinder Singh R/o Village Gujjarpura, PO & teh Ajnala Amritsar have a changed my name from Dhir Singh Aulakh to Dhir Singh

I, Gurbachan Kaur Wife of Subeg Singh resident of Gaggobua Tehsil and District Tarn Taran have changed my name from Gurbhajan Kaur to Gurbachan Kaur.

I, Shabeg Singh son of Hazara Singh resident of Gaggobua Tehsil and District Tarn Taran have changed my name from Subeg Singh to Shabeg Singh

I, Komalpreet Kaur w/o Manpartap Singh R/o Village Jahangir Distt Tarn Taran Punjab have declare that Kaur is my Surname Komalpreet is my given name

I Kalwant Kaur W/o Kuldeep Singh R/o Village Jahangir Distt Tarn Taran have changed my name from Kalwant Kaur to Kaur Kulwant where Kaur is my surname and Kulwant is my given name.

I Kamalpreet D/o Nirmal Chand R/o Vill Kot Khurd , PO Kot Kalan , Jalandhar , Punjab , have changed my name from Kamalpreet to Kamalpreet Kaur in which given name Kamalpreet and Kaur is my surname . All concerned please note.

I Ravinderjit W/o Satish Kumar Bhardwaj R/o Vill Wazidowal , PO Mehli , Teh Phagwara , Kapurthala, Punjab have changed my name from Ravinderji to Ravinderjit Bhardwaj in which given name is Ravinderjit and Bhardwaj is my surname. All concerned may note.

I Satish Kumar S/o Brham Dutt R/o Vill Wazidowal , PO Mehli , Teh Phagwara , Kapurthala, Punjab have changed my name from Satish Kumar to Satish Kumar Bhardwaj. All concerned may note.

I Vanita Kumari Bhardwaj alias Ravinderjit Bhardwaj W/o Satish Kumar Bhardwaj R/o Vill Wazidowal , PO Mehli , Teh Phagwara , Kapurthala, Punjab have changed my name from Vanita Kumari Bhardwaj alias Ravinderjit to Ravinderjit Bhardwaj. All concerned may note.

I, Usha Devi w/o Tirath Ram r/o VPO. Kangni Wal, Po. Hazara, Distt. Jalandhar have changed my name from Usha Devi to Usha Rani. All Please Note.

## Change of Name

I, Munish Narang s/o Subash Narang r/o 381-82, Eldeco Green, Nakoder Road, Jalandhar have changed my name from Munish Narang to Manish Narang. All Please Note.

I, Gurboksh Kaur Alias Gurbax Kaur w/o Jaswinder Singh r/o VPO. Lakhan Ke Padde, Distt. Kapurthala, Punjab have changed my name as Gurbax Kaur. All Please Note.

I, Gurbakhsh Kaur W/o Jaswant Singh R/o VPO. Nangal Majha, Tehsil Phagwara, District Kapurthala, Punjab-144403, have changed my name to Baljinder Kaur. All Please Note.

I, Priyanshu S/o Ashok Kumar R/o H No B 1/250 Guru Ravidass Nagar Maqsudan Jalandhar, Punjab declare that I have changed my name from Priyanshu to Priyanshu Kumar ( Kumar as surname ) All please note.

I, Ravi S/o Raju R/o & VPO Harchowal Tehsil/Distt. Gurdaspur, Punjab, India. Have changed my name from Ravi to Ravi Gill.

I, Manjeet alias Manjit Kaur W/o Hardeep Singh R/o H.No.-450, Onkar Nagar Gurdaspur, Tehsil/Distt. Gurdaspur, Punjab, India. Have changed my name from Manjeet Alias Manjit Kaur to Manjit Kaur.

I, Singh Narinder S/o Amrik Singh resident of VPO. Bhagowal, Tehsil Batala, District Gurdaspur, Punjab have changed my name from Narinder Singh to Singh Narinder. That Singh is my Surname & Narinder is my Given Name. Concerned Note.

I, Singh Bhupinder S/o Ajit Singh R/o H.No. 4/A, Link Colony, Nakodar Road, Jalandhar-144003, Punjab, India have changed my name from Singh Bhupinder to Bhupinder Singh as given name without any surname. All concerned please note. (R)

I, Kaur Joginder W/o Bhupinder Singh R/o H.No. 4/A, Link Colony, Nakodar Road, Jalandhar-144003, Punjab, India have changed my name from Kaur Joginder to Joginder Kaur as given name without any surname. All concerned please note. (R)

## ਬੇਦਖਲੀ ਨੋਟਿਸ

ਮੈਂ, ਗੁਰਮੀਤ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਦਸ਼ਮੇਸ਼ ਕਲੋਨੀ, ਵਾਰਡ ਨੰਬਰ 01, ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ ਅਤੇ ਮੇਰੀ ਨੂੰਹ ਪ੍ਰਭਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਧਰਮ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਪਿੰਡ ਕਿਸ਼ਨ ਸਿੰਘ ਵਾਲਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਮਜੀਤ ਸਿੰਘ ਅਤੇ ਉਸਦੀ ਪਤਨੀ ਮਨਪ੍ਰੀਤ ਉਰਫ ਮੰਨੂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਕਾਨ ਨੰ. 66, ਪ੍ਰੀਤ ਨਗਰ, ਰਾਵਲ, ਸੈਦੋ ਭੋਲਾਨਾ, ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੈਸੀ ਹੇਅਰ ਉਰਫ ਜਸਵਿੰਦਰ ਸਿੰਘ ਅਤੇ ਉਸਦੀ ਪਤਨੀ ਮਨਜੀਤ ਕੌਰ ਜੋ ਕਿ ਵਿਕਟੋਰੀਆ ਆਸਟਰੇਲੀਆ ਵਿੱਚ ਰਹਿ ਰਹੇ ਹਨ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਕੁਮਾਰ ਪੁੱਤਰ ਮਦਨੀ ਦਾਸ ਅਤੇ ਕਮਲਾ ਦੇਵੀ ਪਤਨੀ ਮਹਿੰਦਰ ਕੁਮਾਰ ਵਾਸੀਆਨ ਭਾਈ ਸਮੁੰਦ ਸਿੰਘ ਨਗਰ, ਮਿੱਠਾਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਮਨੀਸ਼ ਕੁਮਾਰ ਅਤੇ ਮੁਕੇਸ਼, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦੇ ਹਨ, ਸਾਡੇ ਸਮਝਾਉਣ ਦੇ ਬਾਵਜੂਦ ਵੀ ਨਹੀਂ ਸਮਝੇ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ ਤਰਲੋਕ ਸਿੰਘ ਪੁੱਤਰ ਪ੍ਰੀਤਮ ਸਿੰਘ, ਵਾਸੀ ਪਿੰਡ ਹਰੀਆ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬੁੱਧ ਸਿੰਘ ਉਰਫ ਬੁੱਧੂ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਅਤੇ ਉਸ ਦੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਚੰਨੀ ਪਤਨੀ ਲੇਟ ਵਿਰਸਾ ਸਿੰਘ, ਵਾਸੀ ਮਕਾਨ ਨੰ: ਡੀ-7/132, ਗਲੀ ਨੰ: 4, ਅਜ਼ਾਦ ਨਗਰ, ਕੋਟ ਖਾਲਸਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜ ਕੁਮਾਰ ਅਤੇ ਉਸ ਦੀ ਪਤਨੀ ਸਰੂਪ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਮੇਰੇ ਨਾਲ ਚੰਗਾ ਵਿਹਾਰ ਨਹੀਂ ਕਰਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨੇ ਮੈਨੂੰ ਬੇਘਰ ਕਰ ਦਿੱਤਾ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਰਾਮ ਕਿਸ਼ਨ ਪੁੱਤਰ ਸ੍ਰੀ ਰਾਮ ਦਾਸ ਅਤੇ ਦਰੋਪਤੀ ਦੇਵੀ ਪਤਨੀ ਸ੍ਰੀ ਰਾਮ ਕਿਸ਼ਨ, ਵਾਸੀ ਜੰਡ ਪੀਰ ਕਾਲੋਨੀ ਆਪੋਜ਼ਿਟ ਐੱਸ ਡੀ ਹਾਈ ਸਕੂਲ, ਗੁਰੂ ਨਾਨਕ ਇਨਕਲੇਵ ਖੰਡਵਾਲਾ ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਨੋਦ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ । ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਨਿਰਮਲ ਪੁੱਤਰ ਦਰਸ਼ਨ, ਵਾਸੀ ਕਾਕੜਾ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144703 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਸਾਡੇ ਕਹਿਣੇਕਾਰ ਤੋਂ ਬਾਹਰ ਹੈ, ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ ਮਹਿੰਦਰ ਕੌਰ ਉਰਫ ਮਿੰਦੋ ਪਤਨੀ ਮਹਿੰਦਰਪਾਲ ਵਾਸੀ ਪਿੰਡ ਤੇ ਡਾਕਖਾਨਾ ਤਲਵਣ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾ ਕਿ ਮੇਰੀ ਲੜਕੀ ਰਾਜਵਿੰਦਰ ਰਾਣੀ ਨੇ ਆਪਣੀ ਮਰਜ਼ੀ ਨਾਲ ਤੀਜੀ ਸ਼ਾਦੀ ਕਰ ਲਈ ਹੈ ਅਤੇ ਮੇਰੀ ਲੜਕੀ ਰਾਜਵਿੰਦਰ ਰਾਣੀ ਅਤੇ ਇਸ ਦਾ ਪਤੀ ਪਰਵਿੰਦਰ ਕੁਮਾਰ ਮੇਰੇ ਕਹਿਣ ਤੋਂ ਬਾਹਰ ਹਨ। ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਇਨ੍ਹਾਂ ਨੂੰ ਬੇਦਖ਼ਲ ਕਰਦੀ ਹਾਂ। ਕੋਈ ਵੀ ਵਿਅਕਤੀ ਇਨ੍ਹਾਂ ਨਾਲ ਲੈਣ ਦੇਂਣ ਕਰੇਗਾ ਤਾਂ ਉਹ ਖ਼ੁਦ ਜੁਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਬਲਜਿੰਦਰ ਸਿੰਘ ਪੁੱਤਰ ਬੱਚਨ ਸਿੰਘ ਵਾਸੀ ਮਕਾਨ ਨੰ. 419, ਢਾਕੀ ਐਸ ਡੀ ਕਾਲੇਜ, ਪਠਾਨਕੋਟ ਤਹਿਸੀਲ ਅਤੇ ਜਿਲ੍ਹਾ ਪਠਾਨਕੋਟ ਬਿਆਨ ਕਰਦਾ ਹਾਂਕਿ ਮੇਰਾ, ਲੜਕਾ ਅਨਮੋਲ ਸਿੰਘ ਉਸਦੀ ਪਤਨੀ ਲਵਨੀਨ ਕੌਰ ਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ।ਮੈਂ ਅਤੇ ਮੇਰਾ ਪਰਿਵਾਰ ਇਨ੍ਹਾਂ ਦੋਵਾਂ ਦੇ ਕਿਸੇ ਵੀ ਚੰਗੇ ਮਾੜੇ ਕੰਮ ਲਈ ਜਿੰਮੇਦਾਰ ਨਹੀਂ ਹੋਵਾਂਗਾ , ਇਨ੍ਹਾਂ ਦੋਵਾਂ ਦੇ ਨਾਲ ਲੇਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਆਸ਼ਾ ਵਿਧਵਾ ਲੇਟ ਕਰਮ ਸਿੰਘ ਵਾਸੀ ਪਿੰਡ ਤੇ ਡਾਕ. ਬਸੀ ਜਲਾਲ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਰਾਜਦੀਪ ਕੌਰ ਇਹ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀ ਰੂਪ ਲਾਲ ਪੁੱਤਰ ਅਜੀਤ ਰਾਮ ਅਤੇ ਕਾਂਤਾ ਦੇਵੀ ਪਤਨੀ ਰੂਪ ਲਾਲ ਵਾਸੀ 130-ਏ, ਗਲੀ ਨੰ.3, ਗੋਪਾਲ ਨਗਰ, ਮਜੀਠਾ ਰੋਡ, ਅੰਮ੍ਰਿਤਸਰ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੁਨੀਸ਼ ਕੁਮਾਰ ਅਤੇ ਉਸਦੀ ਪਤਨੀ ਭਾਰਤੀ ਬੈਂਸ ਜੋ ਕਿ ਸਾਡੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਅਤੇ ਰਿਸ਼ਤੇ ਨਾਤਿਆਂ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਅਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕਮਲਜੀਤ ਕੌਰ ਪਤਨੀ ਮੇਜ਼ਰ ਸਿੰਘ, ਵਾਸੀ ਪਿੰਡ ਮਾਧੋਪੁਰ, ਜੱਲੋਵਾਲ, ਜਿਲ੍ਹਾ ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਦੀਪ ਸਿੰਘ, ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੇ ਲੜਕੇ ਸੁਖਦੀਪ ਸਿੰਘ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰੇ ਉਕਤ ਲੜਕੇ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਨਾਂਅ ਦੀ ਬਦਲੀ

ਮੈਂ, ਸਾਹਿਲ ਪੁੱਤਰ ਚਰਨਜੀਤ ਕੁਮਾਰ ਵਾਸੀ ਭਲਿਆਲਾ ਬਸੀ ਬਾਜੀਦ ਡਾਕਘਰ ਬਸੀ ਬਾਜੀਦ ਜਿਲਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਸਾਹਿਲ ਸਿੰਘ ਰੱਖ ਦਿੱਤਾ ਹੈ।ਸੰਬਧਤ ਨੋਟ ਕਰਨ

ਮੈਂ ਬੇਅੰਤ ਕੌਰ ਉਰਫ਼ ਕੁਲਵੰਤ ਕੌਰ ਹੇਰ ਪੁੱਤਰੀ ਸਾਧੂ ਸਿੰਘ ਪੁੱਤਰ ਗਾਹੀ ਸਿੰਘ ਵਾਸੀ ਮਾਂਗੇਵਾਲ ਬਿਆਨ ਕਰਦੀ ਹਾਂ ਕਿ ਮੈਨੂੰ ਬੇਅੰਤ ਕੌਰ ਅਤੇ ਕੁਲਵੰਤ ਕੌਰ ਹੇਰ ਦੋਵੇਂ ਨਾਵਾਂ ਨਾਲ ਜਾਣਿਆਂ ਜਾਂਦਾ ਹੈ। ਮੇਰੇ ਉਪਰੋਕਤ ਦੋਵੇਂ ਨਾਂਅ ਸਹੀ ਵਾ ਦਰੁਸਤ ਹਨ।

ਮੈਂ, ਮਨਜੋਤ ਕੌਰ ਪਤਨੀ ਭੁਪਿੰਦਰ ਸਿੰਘ ਵਾਸੀ ਸਹਿਜੜਾ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ ਮਨਜੋਤ ਕੌਰ ਬਾਜਵਾ ਰੱਖ ਲਿਆ ਹੈ।

ਮੈਂ, ਚਿਰਾਗ ਪੁੱਤਰ ਸ੍ਰੀ ਉਮੇਸ਼ ਕੁਮਾਰ ਵਾਸੀ 524, ਜੌੜਾ ਫਾਟਕ, ਨਿਊ ਰੋਜ਼ ਐਵੇਨਿਊ, ਅੰਮ੍ਰਿਤਸਰ ਨੇ ਆਪਣਾ ਨਾਂਅ ਬਦਲ ਕੇ ਚਿਰਾਗ ਤੋਂ ਚਿਰਾਗ ਸ਼ਿੰਗਾਰੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ ਗੁਰਪਾਲ ਸਿੰਘ ਉਰਫ ਰਛਪਾਲ ਸਿੰਘ ਪੁੱਤਰ ਮਹਿੰਦਰ ਸਿੰਘ, ਪਿੰਡ ਬੋਦੇਵਾਲ (ਤਰਨ ਤਾਰਨ), ਸੂਚਿਤ ਕਰਦਾ ਹਾਂ ਕਿ ਸਰਕਾਰੀ ਦਸਤਾਵੇਜਾਂ ਉਪਰ ਮੇਰਾ ਨਾਮ ਗੁਰਪਾਲ ਸਿੰਘ ਹੈ ਅਤੇ ਆਧਾਰ ਕਾਰਡ ਅਤੇ ਵੋਟਰ ਕਾਰਡ ਉਪਰ ਰਛਪਾਲ ਸਿੰਘ ਹੈ । ਸੋ ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ ।

ਮੈਂ, ਸਚਿਨ ਕੁਮਾਰ ਕਾਲੀਆ ਪੁੱਤਰ ਸ੍ਰੀ ਮੋਹਨ ਲਾਲ ਕਾਲੀਆ ਵਾਸੀ ਗੁਰੂ ਦੀ ਗਲੀ ਸ੍ਰੀਹਰਗੋਬਿੰਦਪੁਰ ਤਹਿਸੀਲ ਬਟਾਲਾ ਜਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾ ਕਿ ਇੱਕ ਦੁਕਾਨ ਜਗ੍ਹਾ ਰਕਬਾ 614 Sq Feet ਜਿਸਦੀ ਪੈਮਾਇਸ਼ ਕਰੀਬ 13' 6" ਮੱਥਾ ਚੌੜਾਈ ਅਤੇ ਕਰੀਬ 45' ਲੰਬਾਈ ਹੈ ਜਿਸ ਦਾ ਆਲਾ ਦੁਆਲਾ ਚੜਦਾ ਡਾਕਟਰ ਪੱਪੂ ਦੀ ਮਾਲਕੀ ਹੈ, ਲੈਹਦਾ ਰਸਤਾ ਆਮ ਹੈ, ਪਹਾੜ ਸਰਮੇਂ ਦੀ ਦੁਕਾਨ ਹੈ, ਦੱਖਣ ਖਾਲੀ ਜਗ੍ਹਾ ਕਿਸੇ ਦੀ ਹੈ ਜਗ੍ਹਾ ਦਾ Permanent ID No. B06-0325 ਜਿਸ ਵਿੱਚ ਬਿਜਲੀ ਦਾ ਕੁਨੈਕਸ਼ਨ ਖਾਤਾ ਨੰਬਰ 3005669639 ਸਮੇਤ ਵਾਕਿਆ ਸ੍ਰੀਹਰਗੋਬਿੰਦਪੁਰ ਜਿਲ੍ਹਾ ਗੁਰਦਾਸਪੁਰ ਮਾਲਕੀ ਸਚਿਨ ਕੁਮਾਰ ਕਾਲੀਆ ਪੁੱਤਰ ਸ੍ਰੀ ਮੋਹਨ ਲਾਲ ਕਾਲੀਆ ਵਾਸੀ ਗੁਰੂ ਦੀ ਗਲੀ ਸ੍ਰੀਹਰਗੋਬਿੰਦਪੁਰ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੀ ਮਾਲਕੀ ਹੈ, ਮੈਂ ਆਪਣੀ ਉਕਤ ਦੁਕਾਨ ਦੀ ਤਬਦੀਲ ਮਲਕੀਅਤ ਆਪਣੀ ਪਤਨੀ ਸ੍ਰੀਮਤੀ ਰਿਤਿਕਾ ਸ਼ਰਮਾ ਦੇ ਨਾਮ ਕਰ ਰਿਹਾ ਹਾਂ ਅਗਰ ਕਿਸੇ ਵਿਅਕਤੀ ਨੂੰ ਦੁਕਾਨ ਤਬਦੀਲ ਕਰਨ ਵਿੱਚ ਕੋਈ ਇਤਰਾਜ਼ ਹੈ ਤਾ ਆਪਣਾ ਇਤਰਾਜ਼ 10 ਦਿਨ ਦੇ ਅੰਦਰ ਅੰਦਰ ਸਬ-ਰਜਿਸਟਰਾਰ ਸ੍ਰੀਹਰਗੋਬਿੰਦਪੁਰ ਵਿਖੇ ਪੇਸ਼ ਕਰ ਸਕਦਾ ਹੈ ਬਾਅਦ ਵਿੱਚ ਕੋਈ ਸੁਣਵਾਈ ਨਹੀ ਹੋਵੇਗੀ।

ਦਲਜੀਤ ਕੌਰ ਪਤਨੀ ਭੁਪਿੰਦਰ ਸਿੰਘ, ਪਿੰਡ ਕੰਮੋਕੇ ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ. ਪੀ.16/2247-ਐਕਸ ਨੂੰ ਅਰਸ਼ਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ, ਸ਼ਾਹਪੁਰ ਨਾਮ ਕਰਨ ਦੀ ਦਰਖਾਸਤ ਹੈ । ਇਤਰਾਜ਼ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 07-1755 ਐੱਨ, ਸਰਬਜੀਤ ਕੌਰ ਪਤਨੀ ਹਰਜਿੰਦਰ ਸਿੰਘ ਦੇ ਨਾਂਅ 'ਤੇ ਚੱਲ ਰਿਹਾ ਹੈ। ਜਿਸ ਨੂੰ ਹੁਣ ਮਨਜੀਤ ਸਿੰਘ ਪੁੱਤਰ ਸਰਦਾਰ ਸਿੰਘ ਨੇ ਆਪਣੇ ਨਾਂਅ 'ਤੇ ਤਬਦੀਲ ਕਰਵਾਉਣ ਲਈ ਐਪਲੀਕੇਸ਼ਨ ਦਫਤਰ ਪੀ ਐੱਸ ਪੀ ਸੀ ਐੱਲ ਕਾਹਨੂੰਵਾਨ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਐੱਸ ਡੀ ਓ ਕਾਹਨੂੰਵਾਨ ਨੂੰ ਪੇਸ਼ ਕਰੇ। ਇਸ ਤੋਂ ਬਾਅਦ ਕੀਤਾ ਇਤਰਾਜ਼ ਮਨਜ਼ੂਰ ਨਹੀਂ ਕੀਤਾ ਜਾਵੇਗਾ ਅਤੇ ਇਸ ਟਿਊਬਵੈੱਲ ਕੁਨੈਕਸ਼ਨ ਨੂੰ ਬਿਨਾਂ ਕਿਸੇ ਦੇ ਇਤਰਾਜ਼ ਦੇ ਬੇਨਤੀ ਕਰਤਾ ਦੇ ਨਾਂਅ 'ਤੇ ਬਦਲੀ ਕਰ ਦਿੱਤਾ ਜਾਵੇਗਾ।

ਪਰਮਿੰਦਰ ਕੌਰ ਪਤਨੀ ਜਗੀਰ ਸਿੰਘ, ਪਿੰਡ ਖਿਲਚੀਆਂ ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ. ਪੀ.20/0432 ਨੂੰ ਬਲਬੀਰ ਕੌਰ ਪਤਨੀ ਦਿਲਬਾਗ ਸਿੰਘ, ਖਿਲਚੀਆਂ ਨਾਮ ਕਰਨ ਦੀ ਦਰਖਾਸਤ ਹੈ । ਇਤਰਾਜ 7 ਦਿਨਾਂ ਅੰਦਰ ਦਫਤਰ ਪਾਵਰਕਾਮ ਬੁਟਾਰੀ ਪੁੱਜਣ ।

ਪ੍ਰੀਤਮ ਸਿੰਘ ਪੁੱਤਰ ਹੀਰਾ ਸਿੰਘ ਦੇ ਨਾਂਅ ਗੁਣੀਆ ਵਿਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਏ ਪੀ 26/9902 ਐਕਸ ਪਲਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਆਪਣੇ ਨਾਂਅ ਕਰਵਾ ਰਿਹਾ ਹੈ। ਇਤਰਾਜ਼ਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੋੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਕਰਤਾਰ ਕੌਰ ਪਤਨੀ ਪਿਆਰਾ ਸਿੰਘ ਦੇ ਨਾਂਅ ਜੋਗੋਵਾਲ ਜੱਟਾਂ ਵਿਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਏ ਪੀ 33/1445 ਏ ਸੁਖਜੀਤ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਆਪਣੇ ਨਾਂਅ ਕਰਵਾ ਰਿਹਾ ਹੈ। ਇਤਰਾਜ਼ਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੋੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਪਿਆਰਾ ਸਿੰਘ ਪੁੱਤਰ ਜਵੰਦ ਸਿੰਘ ਦੇ ਨਾਂਅ ਜੋਗੋਵਾਲ ਜੱਟਾਂ ਵਿਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਏ ਪੀ 33/1397 ਐੱਲ ਸੁਖਜੀਤ ਸਿੰਘ ਪੁੱਤਰ ਨਰਿੰਦਰਪਾਲ ਸਿੰਘ ਆਪਣੇ ਨਾਂਅ ਕਰਵਾ ਰਿਹਾ ਹੈ। ਇਤਰਾਜ਼ਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਜੋੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਭੁੱਖ ਹੜਤਾਲ ਲਗਾਤਾਰ ਜਾਰੀ



**ਮੱਖੂ (ਰਛਪਾਲ ਸਿੰਘ ਸੰਧੂ) :** ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੜ੍ਹ ਪੀੜਤ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਹਰੀਕੇ ਹੈੱਡ ਵਰਕਸ 'ਤੇ 15 ਦਿਨਾਂ ਤੋਂ ਲਗਾਇਆ ਹੋਇਆ ਧਰਨਾ ਲਗਾਤਾਰ ਜਾਰੀ ਹੈ, ਜਿਸ ਵਿੱਚ ਵੱਖ-ਵੱਖ ਕਿਸਾਨ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਨੇ ਭਾਗ ਲਿਆ ਹੋਇਆ ਹੈ।ਇਸ ਧਰਨੇ ਦੌਰਾਨ ਰੋਜ਼ਾਨਾ ਵੱਖ ਵੱਖ ਕਿਸਾਨ ਭੁੱਖ ਹੜਤਾਲ 'ਤੇ ਬੈਠ ਰਹੇ ਹਨ। ਇਸ ਵਾਰ ਭੁੱਖ ਹੜਤਾਲ ਵਿੱਚ ਫੱਤੇ ਵਾਲਾ ਪਿੰਡ ਦੇ ਕਿਸਾਨ ਸਰਬਜੀਤ ਸਿੰਘ ਜ਼ਿਲ੍ਹਾ ਕਮੇਟੀ ਮੈਂਬਰ, ਭਾਗ ਸਿੰਘ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ, ਮਨਜੀਤ ਸਿੰਘ ਤੇ ਬਖਸ਼ੀਸ਼ ਸਿੰਘ ਭੋਜੋਕੇ ਬੈਠੇ ਹੋਏ ਸਨ।ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦ ਤੱਕ ਹੜ੍ਹ ਪ੍ਰਭਾਵਿਤ ਕਿਸਾਨਾਂ ਦੀਆਂ ਹੱਕੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਦ ਤੱਕ ਇਹ ਧਰਨਾ ਜਾਰੀ ਰਹੇਗਾ।ਪਿਛਲੇ 15 ਦਿਨਾਂ ਤੋਂ ਹੜ੍ਹ ਪੀੜਤਾਂ ਵੱਲੋਂ ਲਗਾਤਾਰ ਭੁੱਖ ਹੜਤਾਲ ਤੋਂ ਕੀਤੀ ਜਾ ਰਹੀ ਹੈ, ਜੇਕਰ ਕਿਸੇ ਵੀ ਕਿਸਾਨ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਸਿਲਟ ਦੀ ਸਫਾਈ, ਜ਼ਮੀਨ ਦੀ ਗਿਰਦਾਵਰੀ, ਮੁਆਵਜਾ ਕਰਜ ਮੁਆਫੀ, ਬੱਚਿਆਂ ਦੀ ਪੜ੍ਹਾਈ ਲਈ ਪੈਸਾ, ਰੇਤਾ ਨਿਕਾਸੀ ਦੀ ਮਿਆਦ ਵਧਾਈ ਜਾਵੇ ਆਦਿ ਹਨ।ਇਸ ਮੌਕੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ, ਰਸਲ ਸਿੰਘ ਸੁਲਤਾਨ ਵਾਲਾ, ਕਰਨੈਲ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ, ਗੁਰਚਰਨ ਸਿੰਘ, ਰਣਜੋਧ ਸਿੰਘ, ਸਿੰਕਦਰ ਸਿੰਘ, ਕਰਨਜੀਤ ਸਿੰਘ, ਜਸਵਿੰਦਰ ਸਿੰਘ, ਗੁਰਜੀਤ ਸਿੰਘ, ਜਸ਼ਨਪ੍ਰੀਤ ਸਿੰਘ ਪ੍ਰੈਸ ਸਕੱਤਰ ਸੁਖਵੰਤ ਸਿੰਘ ਖਜਾਨਚੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੜ੍ਹ ਪ੍ਰਭਾਵਿਤ ਕਿਸਾਨ ਹਾਜ਼ਰ ਸਨ।

# ਸਰਕਾਰ ਸੜਕ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ : ਅਮਨ ਅਰੋੜਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-** ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਮੰਤਰੀ ਸ਼੍ਰੀ ਲਾਲਜੀਤ ਸਿੰਘ ਭੁੱਲਰ ਅਤੇ ਸਪੈਸ਼ਲ ਡੀ.ਜੀ.ਪੀ ਸ਼੍ਰੀ ਏ.ਐਸ.ਰਾਏ ਆਈ.ਪੀ.ਐੱਸ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਅਤੇ ਸੜਕ ਹਾਦਸਿਆਂ ਨੂੰ ਘਟਾਉਣ ਦੇ ਉਦੇਸ਼ ਨਾਲ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 1 ਜਨਵਰੀ 2026 ਤੋਂ 31 ਜਨਵਰੀ 2026 ਤੱਕ ਮਨਾਇਆ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਕੈਬਨਟ ਮੰਤਰੀ ਅਮਨ ਅਰੋੜਾ ਨੇ ਸੜਕ ਸੁਰੱਖਿਆ ਦਾ ਪੋਸਟਰ ਰਿਲੀਜ਼ ਕਰਦੇ ਹੋਏ ਕਿਹਾ ਕਿ ਸੜਕ ਸੁਰੱਖਿਆ ਸਰਕਾਰ ਪ੍ਰਸ਼ਾਸਨ ਤੇ ਜਨਤਾ ਦੀ ਸਾਂਝੀ ਜ਼ਿੰਮੇਵਾਰੀ ਹੈ।ਪੰਜਾਬ ਰੋਡ ਸੇਫਟੀ ਐਡਵਾਈਜਰੀ ਕਮੇਟੀ ਦੇ ਮੈਂਬਰ ਪੰਕਜ ਅਰੋੜਾ ਨੇ ਕਿਹਾ ਕਿ ਸੂਬੇ ਭਰ ਵਿੱਚ ਇਹ ਮਹੀਨਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਨਾਇਆ ਜਾ ਰਿਹਾ ਹੈ ਸੂਬੇ ਵਿੱਚ ਇਸ ਮੁਹਿਮ ਦੇ ਵਿੱਚ ਜਾਗਰੂਕਤਾ ਸੈਮੀਨਾਰ ਹੈਲਮਟ ਸੀਟ ਬੈਲਟ ਲਾਜ਼ਮੀ ਵਰਤੋ ਨਸ਼ੇ ਵਿੱਚ ਡਰਾਈਵਿੰਗ ਖਿਲਾਫ ਵਿਸ਼ੇਸ਼ ਨਾਕਾਬੰਦੀ ਬਲੈਕ ਸਪੋਟ ਤੇ ਇੰਜੀਨੀਅਰਿੰਗ ਸੁਧਾਰ ਤੇ ਨਵੇਂ ਸਾਈਨੇਜ ਅਤੇ ਹੋਰ ਵੀ ਕਈ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਸੜਕ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਰੋਡ ਸੇਫਟੀ ਐਡਵਾਈਜ਼ਰ ਕਮੇਟੀ ਦੇ ਮੈਂਬਰ ਪੰਕਜ ਅਰੋੜਾ, ਸੁਨਾਮ ਮਾਰਕਿਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਡੀ.ਐਸ.ਪੀ ਹਰਵਿੰਦਰ ਸਿੰਘ ਖਹਿਰਾ ਤੇ ਟ੍ਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਤੇ ਹੋਰ ਸ਼ਹਿਰ ਦੇ ਮੁਖੀ ਹਾਜ਼ਰ ਸਨ।

## PUBLIC NOTICE

I Srikant Debnath s/o Ram Debnath Ro H no.45-x/11, gali Ardasiaan, Guru bazar, Jamadar haveli, Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by me vide sale deed dated-12.6.2014 bearing Doc. No: 2159. registered at sub-Registrar, Distt. Amritsar. Anybody having any claim or objection in creating mortgage over said property in favour of above Bank shall approach concerned authority within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY: All that pieces and parcels of non agricultural and residential Property House bearing Khana Shumari no.22/11 & 45/11, Total measuring 30 Square Yards, situated at Amritsar Urban Gali Ardasiya Near Haveli Jamadaar Khoo Suniaria, Tehsil & District Amritsar, as per sale deed with all present and future superstructure thereon.

Name & address
Srikant Debnath s/o Ram Debnath
Vikas Verma Advocate
Mobile No. 9815156302

AXIS BANK LTD. — Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025, Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀ ਮੁਕੇਸ਼ ਹੰਸ ਪੁੱਤਰ ਸ੍ਰੀ ਅਸ਼ਵਨੀ ਕੁਮਾਰ (ਕਰਜ਼ਦਾਰ/ਰਹਿਣਕਾਰ) ਅਤੇ (2) ਸ੍ਰੀਮਤੀ ਅਨੀਤਾ ਪਤਨੀ ਸ੍ਰੀ ਅਸ਼ਵਨੀ ਕੁਮਾਰ (ਸਹਿ-ਕਰਜ਼ਦਾਰ)

ਡਿਮਾਂਡ ਨੋਟਿਸ ਦੀ ਮਿਤੀ : 17 ਅਕਤੂਬਰ 2025 | ਐੱਨ ਪੀ ਏ ਮਿਤੀ : 08 ਅਕਤੂਬਰ 2025
ਕਬਜ਼ੇ ਦੀ ਮਿਤੀ : 15 ਜਨਵਰੀ 2026

ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 9,04,974/- (ਨੌਂ ਲੱਖ ਚਾਰ ਹਜ਼ਾਰ ਨੌਂ ਸੌ ਚੁਹੱਤਰ ਰੁਪਏ ਕੇਵਲ)

ਜਾਇਦਾਦ ਦਾ ਵੇਰਵਾ : ਜਾਇਦਾਦ ਰਕਬਾ 2.5 ਮਰਲੇ, ਖਸਰਾ ਨੰ. 1258, 1259, 1345, ਨਿਊ ਵਿਜੇ ਨਗਰ ਵਿਖੇ ਸਥਿਤ, ਚੱਕ ਹੁਸੈਨ ਲੰਮਾ ਪਿੰਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਬੈਨਾਮਾ ਸ੍ਰੀ ਮੁਕੇਸ਼ ਹੰਸ ਪੁੱਤਰ ਸ੍ਰੀ ਅਸ਼ਵਨੀ ਕੁਮਾਰ ਦੇ ਨਾਂਅ ਰਜਿਸਟਰਡ। ਹੱਦਾਂ ਸਾਈਟ ਅਨੁਸਾਰ : ਪੂਰਬ : ਰੋਡ, ਪੱਛਮ : ਗੁਰਦੁਆਰੇ ਦੀ ਜ਼ਮੀਨ, ਉੱਤਰ : ਮਕਾਨ ਨੰ. 34/ਹਰਪ੍ਰੀਤ ਕੌਰ, ਦੱਖਣ : ਹੋਰ

ਮਿਤੀ : 17 ਜਨਵਰੀ 2026 — ਸਹੀ/-ਅਧਿਕਾਰਤ ਅਫਸਰ,
ਸਥਾਨ : ਲੁਧਿਆਣਾ — ਐਕਸਿਸ ਬੈਂਕ ਲਿਮਟਿਡ

# ਠੇਕਾ ਅਧਾਰਤ ਕਰਮਚਾਰੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ



**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਡਾਇਰੈਕਟਰ, ਲੈਂਡ ਰਿਕਾਰਡ ਵਿਭਾਗ, ਪੰਜਾਬ ਦੇ ਦਫ਼ਤਰ ਵਿਖੇ ਤਾਇਨਾਤ ਠੇਕਾ ਅਧਾਰਤ ਕਰਮਚਾਰੀ ਪਰਵੇਸ਼ ਨੂੰ ਸ਼ਿਕਾਇਤਕਰਤਾ ਕੋਲੋਂ ਉਸ ਦੀ ਜ਼ਮੀਨ ਦੇ ਰਿਕਾਰਡ ਪ੍ਰਦਾਨ ਕਰਨ ਬਦਲੇ 4000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਨੂੰ ਪਿੰਡ ਛੋਕਰਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਐਸ ਬੀ ਐਸ ਨਗਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਪਤਨੀ ਨੇ ਦਸੂਹਾ ਦੀ ਅਦਾਲਤ ਵਿੱਚ ਸਿਵਲ ਮੁਕੱਦਮਾ ਦਾਇਰ ਕੀਤਾ ਸੀ ਜਿਸ ਵਿੱਚ ਉਸ ਨੇ 12 ਏਕੜ ਜੱਦੀ ਜ਼ਮੀਨ ਵਿੱਚ ਆਪਣੇ ਕਾਨੂੰਨੀ ਹਿੱਸੇ ਦੀ ਮੰਗ ਕੀਤੀ ਸੀ। ਇਸ ਸਬੰਧੀ ਜ਼ਮੀਨ ਦੀ ਮਲਕੀਅਤ ਸਾਬਤ ਕਰਨ ਲਈ ਜਮ੍ਹਾਂਬੰਦੀ, ਜ਼ਮੀਨ ਦੀ ਅਲਾਟਮੈਂਟ ਤੇ ਮਾਲ ਰਿਕਾਰਡ ਦੀਆਂ ਪ੍ਰਮਾਣਿਤ ਕਾਪੀਆਂ ਦੀ ਲੋੜ ਸੀ।ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਆਪਣੀ ਜ਼ਮੀਨ ਦੇ ਰਿਕਾਰਡ ਪ੍ਰਾਪਤ ਕਰਨ ਲਈ ਡਾਇਰੈਕਟਰ ਲੈਂਡ ਰਿਕਾਰਡ, ਪੰਜਾਬ ਦੇ ਜਲੰਧਰ ਦਫਤਰ ਵਿਖੇ ਅਰਜ਼ੀ ਦਿੱਤੀ ਸੀ। ਬਾਰ-ਬਾਰ ਗੇੜੇ ਲਗਾਉਣ ਦੇ ਬਾਵਜੂਦ ਲੋੜੀਂਦੇ ਰਿਕਾਰਡ ਨਹੀਂ ਦਿੱਤੇ ਗਏ। ਇਸ ਪ੍ਰਕਿਰਿਆ ਦੌਰਾਨ ਦੋਸ਼ੀ ਪਰਵੇਸ਼ ਸ਼ਿਕਾਇਤਕਰਤਾ ਨੂੰ ਮਿਲਿਆ ਤੇ ਦਾਅਵਾ ਕੀਤਾ ਕਿ ਉਹ ਲੋੜੀਂਦੇ ਰਿਕਾਰਡ ਦੇ ਨਾਲ-ਨਾਲ ਉਨ੍ਹਾਂ ਦੇ ਉਰਦੂ ਤੋਂ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਪ੍ਰਬੰਧ ਵੀ ਕਰੇਗਾ। ਉਸ ਨੇ ਰਿਕਾਰਡ ਪ੍ਰਦਾਨ ਕਰਨ ਲਈ 10,000 ਰੁਪਏ ਅਤੇ ਅਨੁਵਾਦ ਦੇ ਕੰਮ ਲਈ 12,000 ਰੁਪਏ ਸਮੇਤ ਕੁੱਲ 22,000 ਰੁਪਏ ਦੀ ਮੰਗ ਕੀਤੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਦੋਸ਼ੀ ਪਰਵੇਸ਼ ਨੂੰ ਪਹਿਲਾਂ ਵੀ ਵੱਖ-ਵੱਖ ਤਰੀਕਾਂ 'ਤੇ ਗੂਗਲ ਪੇਅ ਅਤੇ ਨਕਦੀ ਰਾਹੀਂ 18,000 ਰੁਪਏ ਦੀ ਰਕਮ ਅਦਾ ਕੀਤੀ ਹੈ। ਉਸ ਨੇ ਅੱਗੇ ਕਿਹਾ ਕਿ ਇਸ ਤੋਂ ਬਾਅਦ ਵੀ ਪਰਵੇਸ਼ ਨੇ 4,000 ਰੁਪਏ ਹੋਰ ਦੇਣ ਦੀ ਮੰਗ ਕੀਤੀ। ਬੁਲਾਰੇ ਨੇ ਅੱਗੇ ਕਿਹਾ ਕਿ ਉਸ ਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।ਇਸ ਸਬੰਧੀ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਐਲ ਪੀ ਯੂ ਨੇ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ 'ਚ ਰਨਰਅੱਪ ਟਰਾਫੀ ਜਿੱਤੀ



**ਜਲੰਧਰ (ਸ਼ੈਲੀ ਐਲਬਰਟ)**- ਸੱਭਿਆਚਾਰਕ ਖੇਤਰ ਵਿੱਚ ਉੱਤਮਤਾ ਦੀ ਆਪਣੀ ਮਜ਼ਬੂਤ ?ਵਿਰਾਸਤ ਨੂੰ ਜਾਰੀ ਰੱਖਦੇ ਹੋਏ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ (ਏ ਆਈ ਯੂ) ਦੀ ਅਗਵਾਈ ਹੇਠ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਆਯੋਜਿਤ 39ਵੇਂ ਇੰਟਰ-ਯੂਨੀਵਰਸਿਟੀ ਨੌਰਥ ਜ਼ੋਨ ਯੂਥ ਫੈਸਟੀਵਲ, 'ਚਿਤ ਉਤਸਵ 2026' ਵਿੱਚ ਪਹਿਲੀ ਰਨਰਅੱਪ ਟਰਾਫੀ ਜਿੱਤੀ। ਇਸ ਪ੍ਰਾਪਤੀ ਨਾਲ ਐਲ ਪੀ ਯੂ ਨੇ ਚੇਨਈ, ਤਾਮਿਲਨਾਡੂ ਵਿੱਚ ਹੋਣ ਵਾਲੇ 39ਵੇਂ ਏ ਆਈ ਯੂ ਨੈਸ਼ਨਲ ਯੂਥ ਫੈਸਟੀਵਲ 2026 ਲਈ ਕੁਆਲੀਫਾਈ ਕਰ ਲਿਆ ਹੈ। ਪੰਜ ਦਿਨਾਂ ਦੇ ਨੌਰਥ ਜ਼ੋਨ ਯੂਥ ਫੈਸਟੀਵਲ ਵਿੱਚ ਉੱਤਰੀ ਭਾਰਤ ਦੀਆਂ 22 ਯੂਨੀਵਰਸਿਟੀਆਂ ਨੇ ਭਾਗ ਲਿਆ, ਜਿਸ ਵਿੱਚ ਪੰਜਾਬ, ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਲੱਦਾਖ, ਉੱਤਰਾਖੰਡ ਅਤੇ ਚੰਡੀਗੜ੍ਹ ਦੇ 1,100 ਤੋਂ ਵੱਧ ਵਿਦਿਆਰਥੀ ਸ਼ਾਮਲ ਸਨ।ਐਲ ਪੀ ਯੂ ਦੇ ਵਿਦਿਆਰਥੀਆਂ ਨੇ ਬੇਮਿਸਾਲ ਪ੍ਰਦਰਸ਼ਨ ਕਰਦੇ ਹੋਏ 28 ਈਵੈਂਟਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਸੰਗੀਤ, ਡਾਂਸ, ਥੀਏਟਰ, ਲਲਿਤ ਕਲਾ ਅਤੇ ਸਾਹਿਤਕ ਵਿਸ਼ਿਆਂ ਸ਼ਾਮਲ ਹਨ। ਸ਼ਾਨਦਾਰ ਪ੍ਰਦਰਸ਼ਨ ਰਾਹੀਂ ਪਹਿਲੀ ਰਨਰ-ਅੱਪ ਪੁਜੀਸ਼ਨ ਨਾਲ ਐਲਪੀਯੂ ਨੇ ਸੱਤ ਸੋਨੇ ਦੇ ਤਗਮੇ, ਛੇ ਚਾਂਦੀ ਦੇ ਤਗਮੇ ਅਤੇ ਚਾਰ ਕਾਂਸੀ ਦੇ ਤਗਮੇ ਜਿੱਤੇ। ਪੱਛਮੀ ਸਮੂਹ ਗੀਤ, ਲਾਈਟ ਵੋਕਲ, ਫੋਕ ਡਾਂਸ, ਇੱਕ-ਐਕਟ ਪਲੇ, ਹਿੰਦੀ ਬਹਿਸ, ਸਪਾਟ ਪੇਂਟਿੰਗ ਅਤੇ ਸੱਭਿਆਚਾਰਕ ਜਲੂਸ ਵਿੱਚ ਸੋਨੇ ਦੇ ਤਗਮੇ ਜਿੱਤੇ। ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਕਿ ਰਾਸ਼ਟਰੀ ਪਲੇਟਫਾਰਮਾਂ 'ਤੇ ਨਿਰੰਤਰ ਸਫਲਤਾ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਪ੍ਰਤਿਭਾ ਨੂੰ ਅਨੁਸ਼ਾਸਨ, ਮਾਰਗਦਰਸ਼ਨ ਅਤੇ ਸਿੱਖਿਆ ਦੇ ਨਾਲ-ਨਾਲ ਕਲਾਤਮਕ ਪ੍ਰਗਟਾਵੇ ਦੀ ਕਦਰ ਕਰਨ ਵਾਲੇ ਸੱਭਿਆਚਾਰ ਦੁਆਰਾ ਨਿਰਦੇਸ਼ਤ ਕੀਤਾ ਜਾਂਦਾ ਹੈ।ਪਿਛਲੇ ਲਗਾਤਾਰ ਸਾਲਾਂ ਵਿੱਚ ਯੂਨੀਵਰਸਿਟੀ ਨੇ ਲਗਾਤਾਰ ਰਾਸ਼ਟਰੀ ਪੱਧਰ 'ਤੇ ਚੋਟੀ ਦੇ ਪ੍ਰਦਰਸ਼ਨ ਕਰਨ ਵਾਲਿਆਂ ਵਿੱਚ ਸਥਾਨ ਪ੍ਰਾਪਤ ਕੀਤਾ ਹੈ।ਯੂਨੀਵਰਸਿਟੀ ਅਸਧਾਰਨ ਕਲਾਤਮਕ ਯੋਗਤਾਵਾਂ ਵਾਲੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰਦੀ ਹੈ, ਨਾਲ ਹੀ ਨਿਰੰਤਰ ਸਲਾਹ ਅਤੇ ਐਕਸਪੋਜ਼ਰ ਵੀ ਪ੍ਰਦਾਨ ਕਰਦੀ ਹੈ।

# 13ਵੀਂ ਐਜੂਕੇਸ਼ਨਲ ਫੁੱਟਬਾਲ ਤੇ ਖੇਡ ਲੀਗ ਦਸਵੇਂ ਪੜਾਅ 'ਚ ਦਾਖਲ



**ਗੁਰਾਇਆ (ਬਿੰਦਰ ਸੁਮਨ)**- ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਵੱਲੋਂ 13ਵੀਂ ਐਜੂਕੇਸ਼ਨਲ ਫੁੱਟਬਾਲ ਲੀਗ ਆਪਣੇ ਦਸਵੇਂ ਚਰਨ ਦੇ ਮੁਕਾਬਲਿਆਂ ਵਿੱਚ ਦਾਖਲ ਹੋ ਚੁੱਕੀ ਹੈ, ਜਿਸ ਤਹਿਤ ਬੱਚਿਆਂ ਦੇ ਆਉਣ-ਜਾਣ, ਖਾਣ-ਪੀਣ ਦਾ ਪ੍ਰਬੰਧ ਵਾਈ ਐਫ ਸੀ ਰੁੜਕਾ ਕਲਾਂ ਵੱਲੋਂ ਕੀਤਾ ਜਾਂਦਾ ਹੈ।ਦਸਵੇਂ ਪੜਾਅ ਦੇ ਮੁਕਾਬਲਿਆਂ ਵਿੱਚ ਲੜਕਿਆਂ ਅਤੇ ਲੜਕੀਆਂ ਦੇ ਫੁੱਟਬਾਲ ਮੈਚ ਕਰਵਾਏ ਗਏ, ਜਿਸ ਵਿੱਚ ਉਮਰ ਵਰਗ-10 ਸਾਲ ਲੜਕੀਆਂ ਬਿਲਗਾ ਤੇ ਪਾਸਲਾ 9-0 ਅਤੇ ਉਮਰ ਵਰਗ-12 ਵਿੱਚ ਜਮਸ਼ੇਰ ਤੇ ਚੱਕ ਮੁਗਲਾਨੀ 3-0, ਚੱਕ ਮੁਗਲਾਨੀ ਤੇ ਖੁਸਰੋਪੁਰ 1-0, ਖੁਸਰੋਪੁਰ ਤੇ ਚੱਕ ਮੁਗਲਾਨੀ 0-0, ਈਸਪੁਰ ਤੇ ਪਾਸਲਾ 7-0, ਕਡਿਆਣਾ ਤੇ ਪਾਸਲਾ 5-0, ਈਸਪੁਰ ਤੇ ਰੁੜਕਾ ਕਲਾਂ (ਬੀ) 4-0 ਤੇ ਉਮਰ ਵਰਗ-14 ਵਿੱਚ ਜਗਤਪੁਰ ਤੇ ਈਸਪੁਰ 1-1, ਬੋਬੀਆਂਵਾਲ ਤੇ ਪਾਸਲਾ 8-0, ਉਮਰ ਵਰਗ-16 ਵਿੱਚ ਬਿਲਗਾ ਤੇ ਨੇਸ਼ਟਾ 5-0, ਢੀਂਡਸਾ ਤੇ ਨੇਸ਼ਟਾ 4-3 ਅਤੇ ਇਸ ਦੇ ਨਾਲ ਹੀ ਉਮਰ ਵਰਗ-18 ਦੇ ਮੈਚ ਵੀ ਕਰਵਾਏ ਗਏ ਜਿਸ ਵਿੱਚ ਬਿਲਗਾ ਨੇ 2-0 ਨੂੰ ਈਸਪੁਰ, ਈਸਪੁਰ ਨੇ 2-0 ਨੂੰ ਨੇਸ਼ਟਾ, ਬਿਲਗਾ ਨੇ 2-1 ਨੂੰ ਨੇਸ਼ਟਾ, ਬਾਠ ਕਲਾਂ ਨੇ ਖੁਸਰੋਪੁਰ ਨੂੰ 1-0 ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ।ਇਸ ਮੌਕੇ ਤੇ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਬੱਚਿਆਂ ਨੂੰ ਹੱਲਾਸ਼ੇਰੀ ਦਿੱਤੀ ਤੇ ਦੱਸਿਆ ਕਿ ਬੱਚਿਆਂ, ਕੋਚਾਂ ਅਤੇ ਆਉਣ-ਜਾਣ, ਖਾਣ-ਪੀਣ ਅਤੇ ਰਹਿਣ ਦਾ ਸਾਰਾ ਖਰਚਾ ਅਤੇ ਮੈਡੀਕਲ ਸਹੂਲਤਾਂ ਵਾਈ ਐਫ ਸੀ ਰੁੜਕਾ ਕਲਾ ਵੱਲੋਂ ਕੀਤਾ ਜਾਂਦਾ ਹੈ, ਤਾਂ ਜੋ ਬੱਚਿਆਂ ਨੂੰ ਕਿਸੇ ਵੀ ਚੀਜ਼ ਨੂੰ ਲੈ ਕੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

# ਪਿੰਡਾਂ ਦਾ ਸਮੁੱਚਾ ਵਿਕਾਸ ਕਰਵਾ ਰਹੀ ਹੈ ਸੂਬਾ ਸਰਕਾਰ : ਪੰਡੋਰੀ



**ਫਗਵਾੜਾ (ਡਾ. ਰਮਨ)**- ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵਲੋਂ ਪਿੰਡਾਂ ਦੇ ਵਿਕਾਸ ਨੂੰ ਪੂਰੀ ਤਨਦੇਹੀ ਦੇ ਨਾਲ ਕਰਵਾਇਆ ਜਾ ਰਿਹਾ ਹੈ। ਇਹ ਗੱਲ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਐੱਸ ਸੀ ਵਿੰਗ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਵਿਜੇ ਕੁਮਾਰ ਸਰਪੰਚ ਪੰਡੋਰੀ ਨੇ ਕਹੀ। ਉਹਨਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਹਿਯੋਗ ਸਦਕਾ ਪਿੰਡ ਢੱਕ ਪੰਡੋਰੀ ਦਾ ਵਿਕਾਸ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਮੌਜੂਦਾ ਪੰਚਾਇਤ ਵਲੋਂ ਉਹ ਕੰਮ ਕਰਵਾਏ ਜਾ ਰਹੇ ਹਨ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਰੁਕੇ ਹੋਏ ਸਨ। ਉਹਨਾਂ ਦੱਸਿਆ ਕਿ ਪਿੰਡ ਵਿੱਚ ਕਾਫੀ ਸਮੇਂ ਤੋਂ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਆ ਰਹੀ ਸੀ। ਜਿਸ ਕਰਕੇ ਮੱਛਰਾਂ-ਮੱਖੀਆਂ ਦੀ ਬਹੁਤ ਜਿਆਦਾ ਭਰਮਾਰ ਸੀ ਅਤੇ ਬਿਮਾਰੀ ਫੈਲਣ ਦਾ ਵੀ ਡਰ ਸੀ। ਜਿਸ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਦੇ ਉਪਰਾਲੇ ਸਦਕਾ ਪੰਜਾਬ ਸਰਕਾਰ ਤੋਂ ਗ੍ਰਾਂਟ ਜਾਰੀ ਕਰਵਾ ਕੇ 1500 ਸਕੇਅਰ ਫੁੱਟ ਲੰਮੀ ਸੀਵਰੇਜ ਦੀ ਪਾਈਪ ਲਾਈਨ ਪਾਈ ਜਾ ਰਹੀ ਹੈ ਜੋ ਕਿ ਪਿੰਡ ਦੀ ਫਿਰਨੀ ਉੱਤੇ ਹੈ। ਜਿਸ ਨਾਲ ਪਿੰਡ ਦੀ ਨੁਹਾਰ ਵੀ ਬਦਲੇਗੀ ਅਤੇ ਪਿੰਡ ਦਾ ਵਾਤਾਵਰਣ ਵੀ ਸਵੱਛ ਬਣੇਗਾ। ਇਸ ਤੋਂ ਇਲਾਵਾ ਪੰਚਾਇਤ ਘਰ ਦੀ ਇਮਾਰਤ ਦੀ ਵੀ ਮੁੜ ਉਸਾਰੀ ਕਰਵਾਈ ਗਈ ਹੈ। ਉਹਨਾਂ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਬਿੰਦਰ ਪਾਲ ਪੰਚ, ਮੋਹਨ ਲਾਲ ਪੰਚ, ਬਲਵਿੰਦਰ ਪਾਲ ਪੰਚ, ਪ੍ਰੇਮ ਕੁਮਾਰ ਪੰਚ, ਸਤਪਾਲ ਸੱਤੀ ਪੰਚ, ਵਿਜੇ ਕੁਮਾਰ ਦੋਧੀ ਸਾਬਕਾ ਸਰਪੰਚ, ਅਵਤਾਰ ਮਾਹੀ, ਜਗੀਰੀ ਰਾਮ ਮਾਹੀ, ਜਗਦੀਸ਼ ਕੁਮਾਰ ਆਦਿ ਹਾਜਰ ਸਨ।

# ਸ਼ੋਰ ਪ੍ਰਦੂਸ਼ਣ ਸੰਬੰਧੀ ਮਨਾਹੀ ਦੇ ਹੁਕਮ ਜਾਰੀ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਵੱਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਕੀਤੇ ਹੁਕਮਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਲੀਡਰਾਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ, ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਮੰਦਿਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਵਪਾਰਕ ਸੰਸਥਾਵਾਂ/ ਅਦਾਰਿਆਂ ਆਦਿ ਦੇ ਪ੍ਰਬੰਧਕਾਂ/ ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ 'ਤੇ ਕਿਸੇ ਵੀ ਬਿਲਡਿੰਗ, ਪਬਲਿਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਅਤੇ ਕਿਸੇ ਵੱਲੋਂ ਵੀ ਵਿਆਹਾਂ-ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਹੋਰ ਵੱਖ-ਵੱਖ ਮੌਕਿਆ ਆਦਿ 'ਤੇ ਮੈਰਿਜ ਪੈਲੇਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨਾਂ ਆਦਿ ਵਿਚ ਡੀ ਜੇ, ਆਰਕੈਸਟਰਾ, ਸੰਗੀਤਕ ਯੰਤਰ ਆਦਿ ਦੀ ਵਰਤੋਂ ਕਿਸੇ ਵੀ ਸਮੇਂ (ਦਿਨ ਜਾਂ ਰਾਤ), ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੁਆਇਸ) ਐਕਟ, 1956 ਵਿਚ ਦਰਜ ਸ਼ਰਤਾਂ ਤਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਿਖਤੀ ਪ੍ਰਵਾਨਗੀ ਲੈਣ ਉਪਰੰਤ ਇਹ ਅੰਡਰਟੇਕਿੰਗ ਦੇਣੀ ਪਵੇਗੀ ਕਿ ਆਵਾਜ਼ ਦਾ ਪੱਧਰ 10 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ। ਇਸ ਦੇ ਨਾਲ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਜਾਰੀ ਹਦਾਇਤਾਂ ਮੁਤਾਬਿਕ ਇਮਤਿਹਾਨਾਂ ਦੇ ਦਿਨਾਂ 'ਚ ਪ੍ਰੀਖਿਆ



ਤੋਂ 15 ਦਿਨ ਪਹਿਲਾਂ ਕਿਸੇ ਵੀ ਲਾਊਡ ਸਪੀਕਰ ਆਦਿ ਦੀ ਪ੍ਰਵਾਨਗੀ ਨਾ ਦੇਣਾ ਸਬੰਧਤ ਉਪ ਮੰਡਲ ਮੈਜਿਸਟਰੇਟ ਯਕੀਨੀ ਬਣਾਉਣਗੇ। ਇਸੇ ਤਰ੍ਹਾਂ ਜ਼ਿਲ੍ਹੇ ਦੀ ਹਦੂਦ ਅੰਦਰ ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਬਿਲਡਿੰਗ ਵਿਚ ਅਤੇ ਸਥਾਨ 'ਤੇ ਚਲਾਉਣ/ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ, ਸਿਵਾਏ ਸੱਭਿਆਚਾਰਕ ਤੇ ਧਾਰਮਿਕ ਮੌਕਿਆਂ 'ਤੇ ਰਾਤ 10 ਵਜੇ ਤੋਂ 12 ਵਜੇ ਤੱਕ, ਜਿਹੜੇ ਕਿ ਪੂਰੇ ਸਾਲ ਵਿਚ 15 ਦਿਨਾਂ ਤੋਂ ਵੱਧ ਨਹੀਂ ਹੋਣਗੇ ਅਤੇ ਆਵਾਜ਼ ਦਾ ਪੱਧਰ 10 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਨਿੱਜੀ ਮਲਕੀਅਤ ਵਾਲੇ ਸਾਊਂਡ ਸਿਸਟਮ ਅਤੇ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ਦੀ ਆਵਾਜ਼ ਦਾ ਪੱਧਰ 5 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ।ਇਹ ਹੁਕਮ 20 ਮਾਰਚ 2026 ਤੱਕ ਲਾਗੂ ਰਹੇਗਾ।

# ਨੰਦਨੀ ਨੇ ਚਮਕਾਇਆ ਸ਼ਹੀਦ ਭਗਤ ਸਿੰਘ ਨਗਰ ਦਾ ਨਾਂਅ

**ਬਲਾਚੌਰ( ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਆਸਰੋ ਦੀ ਹੋਣਹਾਰ ਖਿਡਾਰਨ ਨੰਦਨੀ ਆਨੰਦ ਨੇ ਖੇਡਾਂ ਦੇ ਖੇਤਰ ਵਿੱਚ ਵੱਡੀ ਪ੍ਰਾਪਤੀ ਕਰਦਿਆਂ ਇਲਾਕੇ ਦਾ ਨਾਂਅ ਪੂਰੇ ਦੇਸ਼ ਵਿੱਚ ਰੌਸ਼ਨ ਕੀਤਾ ਹੈ। ਭੋਪਾਲ ਵਿਖੇ ਹੋਈ 14ਵੀਂ ਸੀਨੀਅਰ ਅਤੇ ਜੂਨੀਅਰ ਨੈਸ਼ਨਲ ਡ੍ਰੈਗਨ ਬੋਟ ਚੈਮਪੀਅਨਸ਼ਿਪ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਕਰਦੇ ਹੋਏ ਨੰਦਨੀ ਨੇ ਸ਼ਾਨਦਾਰ ਖੇਡ ਦਾ





ਪ੍ਰਦਰਸ਼ਨ ਕੀਤਾ ਅਤੇ ਦੋ ਕਾਂਸੀ ਦੇ ਤਗਮੇ ਜਿੱਤ ਕੇ ਸਭ ਦਾ ਦਿਲ ਜਿੱਤ ਲਿਆ। ? ਉਸ ਨੇ ਇਸ ਚੈਂਪੀਅਨਸ਼ਿਪ ਦੀ 2 ਕਿਲੋਮੀਟਰ ਮਿਕਸਡ ਕੈਟਾਗਰੀ ਮੁੰਡੇ-ਕੁੜੀਆਂ ਵਿੱਚ ਇੱਕ ਕਾਂਸੀ ਦਾ ਤਗਮਾ ਅਤੇ 500 ਮੀਟਰ ਕੁੜੀਆਂ ਦੀ ਕੈਟਾਗਰੀ ਵਿੱਚ ਦੂਜਾ ਕਾਂਸੀ ਦਾ ਤਗਮਾ ਹਾਸਲ ਕੀਤਾ। ?ਨੰਦਨੀ ਦੀ ਇਸ ਵੱਡੀ ਕਾਮਯਾਬੀ 'ਤੇ ਪਿੰਡ ਆਸਰੋ ਪਹੁੰਚਣ 'ਤੇ ਪਿੰਡ ਵਾਸੀਆਂ ਵੱਲੋਂ ਉਸ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਲੰਬੜਦਾਰ ਬਲਵੀਰ ਸਿੰਘ ਭਾਟੀਆ, ਰਘਵੀਰ ਸਿੰਘ ਭਾਟੀਆ ਸਾਬਕਾ ਬਲਾਕ ਸੰਮਤੀ ਮੈਂਬਰ, ਜਸਵਿੰਦਰ ਸਿੰਘ ਸੋਨੂ ਸਾਬਕਾ ਸਰਪੰਚ, ਮਾਸਟਰ ਪਿਆਰਾ ਸਿੰਘ, ਕੈਪਟਨ ਰਜਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਕਿਹਾ ਕਿ ਨੰਦਨੀ ਦੀ ਇਹ ਜਿੱਤ ਇਲਾਕੇ ਦੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣੇਗੀ।ਇਸ ਮੌਕੇ ਹਰਜਿੰਦਰ ਸਿੰਘ ਬੀਟੂ, ਮਲਕੀਤ ਸਿੰਘ ਫੌਜੀ, ਜਗਤਾਰ ਸਿੰਘ ਸੋਨੂ, ਗੁਰਮੀਤ ਸਿੰਘ, ਗਰਨਾਮ ਸਿੰਘ, ਬਾਬਾ ਸਤਪਾਲ ਅਤੇ ਸੰਦੀਪ ਖੱਤਰੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਨੰਦਨੀ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ




**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**- ਹੁਸ਼ਿਆਰਪੁਰ ਵਿਖੇ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਤੇ ਧਰਨਾ ਦਿੱਤਾ ਗਿਆ। ਇਹ ਧਰਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਸਾਰੇ ਭਾਰਤ ਵਿੱਚ ਦਿੱਤੇ ਗਏ।ਉਸੇ ਦੀ ਅਗਵਾਈ ਵਿੱਚ ਕਿਸਾਨ, ਮਜ਼ਦੂਰ, ਮੁਲਾਜ਼ਮ, ਪੈਨਸ਼ਨਰ ਅਤੇ ਪੱਤਰਕਾਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਬਿਜਲੀ ਸੋਧ ਬਿਲ, ਬੀਜ ਬਿੱਲ, ਨਰੇਗਾ ਸਕੀਮ ਨੂੰ ਬੰਦ ਕਰਨ, ਤਿੰਨ ਮਜ਼ਦੂਰਾਂ ਦੇ ਵਿਰੋਧੀ ਕੋਡ ਖਿਲਾਫ਼ ਧਰਨਾ ਤੇ ਰੋਸ ਪ੍ਰਦਸ਼ਨ ਕੀਤਾ ਗਿਆ ਹੈ। ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਧਰਨੇ ਵਿੱਚ ਵੀ ਗਿਣਤੀ ਵਿੱਚ ਕਿਸਾਨ, ਮੁਲਾਜ਼ਮ, ਮਜ਼ਦੂਰ, ਪੱਤਰਕਾਰ ਅਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਧਰਨੇ ਨੂੰ ਹਰਬੰਸ ਸਿੰਘ ਸੰਘਾ ਮੈਂਬਰ ਐਸ ਕੇ ਐਮ ਪੰਜਾਬ, ਭੁਪਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ, ਰਵਜੀਤ ਸਿੰਘ ਰੰਧਾਵਾ ਬੀ ਕੇ ਯੂ ਰਾਜੇਵਾਲ, ਦਰਸ਼ਨ ਸਿੰਘ ਮੱਟੂ ਕੁੱਲ ਹਿੰਦ ਕਿਸਾਨ ਸਭਾ, ਸਤਪਾਲ ਸਿੰਘ ਬੀ ਕੇ ਯੂ ਕਾਦੀਆਂ, ਸ਼ੇਰ ਜੰਗ ਬਰਾਦਰ ਪੰਜਾਬ ਕਿਸਾਨ ਯੂਨੀਅਨ, ਸੁਖਦੇਵ ਸਿੰਘ ਢਿੱਲੋਂ ਜਮਹੂਰੀ ਕਿਸਾਨ ਸਭਾ, ਰਜਿੰਦਰ ਸਿੰਘ ਬੀਕੇਯੂ ਉਗਰਾਹਾਂ, ਓਮ ਸਿੰਘ, ਧਰਮਿੰਦਰ ਸਿੰਘ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਮੁਹਿੰਦਰ ਕੁਮਾਰ ਬਢੌਆਣ ਸੀਟੂ, ਗੰਗਾ ਪ੍ਰਸ਼ਾਦ ਨਿਰਮਾਣ ਵਰਕਰ ਯੂਨੀਅਨ, ਗੁਰਮੇਸ ਸਿੰਘ ਕੁੱਲ ਹਿੰਦ ਮਜ਼ਦੂਰ ਯੂਨੀਅਨ, ਬਲਵੀਰ ਖਾਨਪੁਰੀ ਪੈਨਸ਼ਨਰ ਯੂਨੀਅਨ ਅਤੇ ਪੱਤਰਕਾਰ ਬਲਵੀਰ ਸਿੰਘ ਸੈਣੀ ਨੇ 'ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ, ਇੰਡੀਆ ਯੂਨੀਅਨ ਵਲੋਂ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਡਟਵਾਂ ਵਿਰੋਧ ਕੀਤਾ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮੰਗ-ਪੱਤਰ ਦਿੱਤਾ ਗਿਆ।

# ਵਿਦਿਆਰਥੀਆਂ ਨੇ ਯੁੱਧ ਨਸ਼ਿਆਂ ਵਿਰੁੱਧ ਕੱਢਿਆ ਪੈਦਲ ਮਾਰਚ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਕੀਤੇ ਜਾਣ ਲਈ ਚਲਾਈ ਯੁੱਧ ਨਸ਼ਿਆ ਵਿਰੁੱਧ ਤਹਿਤ ਸਬ ਡਵੀਜ਼ਨ ਬਲਾਚੌਰ ਦੇ ਬੇਟ ਖੇਤਰ ਦੇ ਪਿੰਡ ਖੋਜ਼ਾ ਬੇਟ ਵਿਖੇ ਸਕੂਲੀ ਬੱਚਿਆ ਵਲੋਂ ਪੈਦਲ ਮਾਰਚ ਕੱਢਿਆ ਗਿਆ ।ਸਰਕਾਰੀ ਪ੍ਰਾਇਮਰੀ ਸਕੂਲ ਖੋਜਾਬੇਟ ਦੇ ਮੈਡਲ ਰਿੰਕਲ ਅਤੇ ਬਲਵੀਰ ਸਿੰਘ ਦੀ ਅਗਵਾਈ ਵਿੱਚ ਕੱਢੇ ਗਏ। ਇਸ ਪੈਦਲ ਮਾਰਚ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਸਮਾਜ ਸੇਵੀ



ਸਿਵਾਲਿਕ ਹੋਟਲ ਦੇ ਐੱਮ ਡੀ ਅਤੇ ਪਿੰਡ ਖੋਜਾਬੇਟ ਦੇ ਸਰਪੰਚ ਸੰਤੋਖ ਸਿੰਘ ਸਿਵਾਲਿਕ ਵਲੋਂ ਵਿਸੇਸ਼ ਤੌਰ ਤੇ ਸਮੂਲੀਅਤ ਕਰਕੇ ਇਸ ਪੈਦਲ ਮਾਰਚ ਨੂੰ ਰਵਾਨਾ ਕੀਤਾ ਗਿਆ। ਸਕੂਲੀ ਬੱਚਿਆ ਵਲੋਂ ਇਸ ਪੈਦਲ ਮਾਰਚ ਵਿੱਚ ਪਿੰਡਾਂ ਦੇ ਪਹਿਰੇਦਾਰਾਂ ਵਲੋਂ ਆਪਣੀ ਭੂਮਿਕਾ ਨਿਭਾਈ ਜਿਹਨਾਂ ਦੇ ਹੱਥਾ ਵਿੱਚ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਸਲੋਗਨਾ ਵਾਲੀਆ ਤਖਤੀਆਂ ਵੀ ਫੜੀਆਂ ਹੋਈਆਂ ਸਨ। ਸਕੂਲੀ ਬੱਚਿਆ ਵਲੋਂ ਪਿੰਡ ਦੀ ਹਰ ਗਲੀ ਮੁਹੱਲੇ ਵਿੱਚ ਜਾ ਕੇ ਨਸ਼ਿਆ ਖਿਲਾਫ ਹੋਕਾ ਦਿੱਤਾ ਗਿਆ । ਇਸ ਮੌਕੇ ਸੰਤੋਖ ਸਿੰਘ ਸ਼ਿਵਾਲਿਕ ਵਲੋਂ ਬੱਚਿਆ ਨੂੰ ਨਸ਼ਿਆ ਦੇ ਮਾੜੇ ਪ੍ਰਭਾਵ ਵਾਰੇ ਜਾਣਕਾਰੀ ਦਿੱਤੀ ਅਤੇ ਆਖਿਆ ਕਿ ਸਾਨੂੰ ਇੱਕ ਚੰਗੇ ਸਮਾਜ ਦੀ ਸਿਰਜਨਾ ਲਈ ਜਿੱਥੇ ਨਸ਼ਿਆ ਤੋਂ ਦੂਰ ਰਹਿਣਾ ਚਾਹੁੰਦਾ ਹੈ। ਉਨ੍ਹਾਂ ਵਲੋਂ ਪੰਜਾਬ ਸਰਕਾਰ ਵਲੋਂ ਆਰੰਭੀ ਨਸ਼ਿਆ ਵਿਰੁੱਧ ਯੁੱਧ ਮੁਹਿੰਮ ਦੀ ਸ਼ਲਾਘਾ ਕੀਤੀ । ਇਸ ਮੌਕੇ ਕੁਲਵਿੰਦਰ ਸਿੰਘ, ਜੋਗਿੰਦਰ ਕੌਰ, ਬਲਵੰਤ ਰਾਮ,ਅਮਨਦੀਪ ਕੌਰ ਸਾਰੇ ਪੰਚਾਇਤ ਮੈਂਬਰ ਤੇ ਸਤਪਾਲ ਸਿੰਘ, ਅਵਤਾਰ ਸਿੰਘ, ਗਿਆਨ ਸਿੰਘ, ਲਛਮਣ ਸਿੰਘ, ਹਰਜੀਤ ਸਿੰਘ, ਜੋਗਿੰਦਰ ਸਿੰਘ, ਹਰਜਿੰਦਰ ਸਿੰਘ, ਰਾਮ ਦਾਸ, ਸਵਰਨ ਸਿੰਘ, ਗੁਰਬਚਨ ਸਿੰਘ, ਹਰਵਿੰਦਰ ਸਿੰਘ ਸਕੂਲ ਦੇ ਮਾਸਟਰ ਅਤੇ ਬੱਚੇ ਅਤੇ ਨਰੇਗਾ ਵਰਕਰਾ ਸਮੇਤ ਨਗਰ ਨਿਵਾਸੀ ਮੌਜੂਦ ਸਨ।

# ਮਾਇਆਵਤੀ ਦਾ ਜਨਮ ਦਿਨ 'ਜਨ ਕਲਿਆਣ ਦਿਵਸ' ਵਜੋਂ ਮਨਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬਹੁਜਨ ਸਮਾਜ ਪਾਰਟੀ ਵੱਲੋਂ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ 70ਵਾਂ ਜਨਮ ਦਿਨ ਦਾਣਾ ਮੰਡੀ ਗੜ੍ਹਸ਼ੰਕਰ ਵਿਖੇ 'ਜਨ ਕਲਿਆਣ ਦਿਵਸ' ਮਨਾਇਆ ਗਿਆ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਪ੍ਰਧਾਨ, ਕੇਂਦਰੀ ਇੰਚਾਰਜ ਚੰਡੀਗੜ੍ਹ ਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਨੇ ਸਭ ਤੋਂ ਪਹਿਲਾਂ ਭੈਣ ਕੁਮਾਰੀ ਮਾਇਆਵਤੀ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਲੰਬੀ ਉਮਰ ਤੇ ਚੰਗੀ ਸਿਹਤ ਦੀ ਕਾਮਨਾ ਕੀਤੀ। ਉਨ੍ਹਾਂ ਮੌਜੂਦ



ਸਮਰਥਕਾਂ ਨੂੰ ਸੱਦਾ ਦਿੱਤਾ ਕਿ ਸਾਲ 2027 ਦੀਆਂ ਚੋਣਾਂ ਵਿੱਚ ਪੰਜਾਬ ਜਿੱਤ ਕੇ ਭੈਣ ਜੀ ਦੀ ਝੋਲੀ ਪਾਉਣਾ ਹੀ ਉਨ੍ਹਾਂ ਦੇ ਜਨਮ ਦਿਨ ਦਾ ਸਭ ਤੋਂ ਵੱਡਾ ਤੋਹਫ਼ਾ ਹੋਵੇਗਾ। ਸਮਾਰੋਹ ਦੌਰਾਨ ਮਨਰੇਗਾ ਸਕੀਮ ਨੂੰ ਬੰਦ ਕਰਨ ਦੀਆਂ ਸਾਜ਼ਿਸ਼ਾਂ ਦੀ ਨਿੰਦਾ ਕਰਦਿਆਂ ਕੇਂਦਰ ਸਰਕਾਰ ਨੂੰ ਮਜ਼ਦੂਰ ਵਿਰੋਧੀ ਗਰਦਾਨਿਆ ਗਿਆ। ਬਸਪਾ ਨੇ ਮੰਗ ਕੀਤੀ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਤੇ ਸਾਲ ਵਿੱਚ 300 ਦਿਨ ਦਾ ਗਾਰੰਟੀਸ਼ੁਦਾ ਰੁਜ਼ਗਾਰ ਦਿੱਤਾ ਜਾਵੇ। ਇਸ ਮੌਕੇ ਸਟੇਟ ਕੋਆਡੀਨੇਟਰ ਚੌਧਰੀ ਗੁਰਨਾਮ ਸਿੰਘ, ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ ਸਿੱਧੂ, ਸਟੇਟ ਜਨਰਲ ਸੈਕਟਰੀ ਹਰਭਜਨ ਸਿੰਘ ਬਜਹੇੜੀ, ਸਟੇਟ ਜਨਰਲ ਸੈਕਟਰੀ ਰਜਿੰਦਰ ਸਿੰਘ ਨਨਹੇੜੀਆਂ, ਸਟੇਟ ਸੈਕਟਰੀ ਰਣਵੀਰ ਬੱਬਰ, ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਹਰਕਾ ਦਾਸ, ਜੇ.ਪੀ. ਭਗਤ, ਰਵਿੰਦਰ ਬੀੜਾ, ਬਖਸ਼ੀਸ਼ ਭੀਮ, ਚਰਨਜੀਤ ਮਜਾਰਾ, ਮਾਸਟਰ ਧਰਮ ਚੰਦ, ਅਸ਼ੋਕ ਬਡੇਸਰੋਂ, ਮਾਸਟਰ ਮਲਕੀਤ ਸੂਨੀ, ਜਗਤਾਰ ਸਿੰਘ ਮੋਹਾਲੀ, ਪਲਵਿੰਦਰ ਮਾਨਾ ਅਤੇ ਧਰਮਿੰਦਰ ਦਾਦਰਾ, ਮਦਨ ਬੈਂਸ, ਕਸ਼ਮੀਰ ਸਿੰਘ, ਪ੍ਰਕਾਸ਼ ਸਿੰਘ, ਰਿਟਾਇਰ ਥਾਣੇਦਾਰ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਮਿਸ਼ਨਰੀ ਕਲਾਕਾਰ ਐੱਸ ਐੱਸ ਆਜ਼ਾਦ ਨੇ ਆਪਣੇ ਗੀਤਾਂ ਰਾਹੀਂ ਹਾਜ਼ਰੀਨ ਵਿੱਚ ਜੋਸ਼ ਭਰਿਆ।

# ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਨਾਮ ਸਿਮਰਨ ਕਰਕੇ ਜੀਵਨ ਸਫਲ ਬਣਾਉਣਾ ਚਾਹੀਦੈ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- 84 ਲੱਖ ਜੂਨਾਂ ਤੋਂ ਬਾਅਦ ਇਹ ਇਨਸਾਨੀ ਜਾਮਾ ਬੜੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਇਸ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਇਨਸਾਨੀ ਰੂਹ ਪਰਮ ਪਿਤਾ



ਪਰਮੇਸ਼ਵਰ ਨਾਲ ਕਈ ਪ੍ਰਕਾਰ ਦੇ ਚੰਗੇ ਕਰਮ ਕਰਨ ਤੋਂ ਇਲਾਵਾ ਪ੍ਰਭੂ ਭਗਤੀ ਆਦਿ ਦੇ ਵਾਅਦੇ ਕਰਦਾ ਹੈ, ਪਰ ਇਸ ਦੁਨੀਆ ਵਿੱਚ ਆ ਕੇ ਇਨਸਾਨ ਕਾਲ ਦੇ ਮੋਹ ਜਾਲ ਵਿੱਚ ਫਸ ਕੇ ਸਾਰੇ ਵਾਅਦੇ ਭੁੱਲ ਜਾਂਦਾ ਹੈ ਜਿਸ ਕਾਰਨ ਇਨਸਾਨ ਮੁੜ 84 ਦੇ ਗੇੜ ਵਿੱਚ ਹੀ ਫਸਿਆ ਰਹਿੰਦਾ ਹੈ। ਇਸ ਤੋਂ ਬਾਹਰ ਨਿਕਲਣ ਲਈ ਹਰ ਇਨਸਾਨ ਨੂੰ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਪ੍ਰਭੂ ਦਾ ਨਾਮ ਸਿਮਰਨ ਜਰੂਰ ਕਰਨਾ ਚਾਹੀਦਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਰ ਪਾਕ ਸੱਚੀ ਦਰਗਾਹ ਅਤੇ ਦੂਸਰਾ ਕਲੀਅਰ ਸ਼ਰੀਫ ਦਰਬਾਰ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਇਹ ਸ਼ਰੀਰ ਨਾਸ਼ਵਾਨ ਹੈ ਤੇ ਇੱਕ ਦਿਨ ਸਮਾਂ ਪੂਰਾ ਹੋਣ ਤੇ ਇਸ ਦੁਨੀਆ ਤੋਂ ਹਰ ਏਕ ਨੇ ਚਲੇ ਜਾਣਾ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਕੁਝ ਨਹੀਂ ਵਿਗੜਿਆ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਤੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾਕਟਰ ਮੀਰ ਹਸਨ, ਦੇਵੀਕਾ, ਸੇਵਾਦਾਰ ਗੋਪੀ, ਅਮਨ ਸੈਣੀ, ਓਂਕਾਰ ਸਿੰਘ, ਤਲਵਿੰਦਰ ਕੁੰਦਾ, ਭਜਨ ਸੈਣੀ ਤੋਂ ਇਲਾਵਾ ਹੋਰ ਸੰਗਤ ਨੇ ਦਰਬਾਰ ਤੇ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਲਗਾਤਾਰ ਹੋ ਰਹੀ ਮਾਈਨਿੰਗ ਤੋਂ ਪਿੰਡਾਂ ਦੇ ਲੋਕ ਦੁਖੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਥਾਨਕ ਹਲਕੇ ਵਿੱਚ ਨਜਾਇਜ਼ ਮਾਈਨਿੰਗ ਦਾ ਭਾਵੇਂ ਧੰਦਾ ਪਿਛਲੇ ਲੰਬੇ ਸਮੇਂ ਤੋਂ ਜੋਰਾਂ ਸ਼ੋਰਾਂ ਵਿੱਚ ਚੱਲ ਰਿਹਾ ਹੈ ਪਰ ਹੁਣ ਇਹ ਮਾਈਨਿੰਗ ਪਿੰਡਾਂ ਦੇ ਖੇਤਾਂ ਵਿੱਚ ਵੀ ਆਮ ਦੇਖਣ ਨੂੰ ਮਿਲ ਰਹੀ ਹੈ। ਸਥਾਨਕ ਪਿੰਡਾਂ ਦੇ



ਕੁਝ ਲੋਕਾਂ ਦੀ ਦੱਸਣ ਮੁਤਾਬਕ ਰਾਤ ਸਮੇਂ ਹੋ ਰਹੀ ਧੜੱਲੇ ਨਾਲ ਮਾਈਨਿੰਗ ਨੇ ਆਮ ਲੋਕਾਂ ਦਾ ਜਿਉਣਾ ਮੁਸ਼ਕਲ ਕੀਤਾ ਹੋਇਆ ਹੈ ਕਿਉਂਕਿ ਰਾਤ ਸਮੇਂ ਲਗਾਤਾਰ ਮਿੱਟੀ ਨਾਲ ਭਰੀਆਂ ਓਵਰਲੋਡ ਟਰਾਲੀਆਂ ਲੰਘ ਰਹੀਆਂ ਹਨ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਥਾਨਕ ਇਲਾਕੇ ਦੇ ਪਹਾੜੀ ਖੇਤਰ ਨਾਲ ਲੱਗਦੇ ਪਿੰਡਾਂ ਵਿੱਚ ਮਾਈਨਿੰਗ ਅੱਜ ਵੀ ਦੇਖੀ ਜਾ ਸਕਦੀ ਹੈ ਅਤੇ ਹੁਣ ਮਾਈਨਿੰਗ ਮਾਫੀਆ ਬਿਨਾ ਪਰਮਿਟ ਪਿੰਡਾਂ ਦੇ ਖੇਤਾਂ ਵਿੱਚ ਵੀ ਮਿੱਟੀ ਚੁੱਕਦਾ ਨਜ਼ਰ ਆ ਰਿਹਾ ਹੈ ਜਿਸ ਦੀ ਮਿਸਾਲ ਪੁਰਖੋਵਾਲ, ਖਾਨਪੁਰ, ਬੀਰਮਪੁਰ, ਸੋਲੀ ਸਮੇਤ ਹੋਰ ਦਰਜਨਾ ਪਿੰਡਾ ਵਿੱਚ ਹੋ ਨਜਾਇਜ਼ ਮਾਈਨਿੰਗ ਦੀ ਹੈ ਪਰ ਇਹ ਸਭ ਆਉਣ ਵਾਲੇ ਸਮੇਂ ਲਈ ਘਾਤਕ ਸਾਬਤ ਹੋਵੇਗੀ। ਪਿੰਡਾਂ ਵਿੱਚ ਹੋ ਰਹੀ ਧੜਾਧੜ ਮਾਈਨਿੰਗ ਨਾਲ ਪਿੰਡਾਂ ਦੇ ਲਿੰਕ ਸੜਕਾ ਦੀ ਹਾਲਤ ਵੀ ਖਸਤਾ ਹੋ ਚੁੱਕੀ ਹੈ ਅਤੇ ਇਹਨਾਂ ਲਿੰਕ ਸੜਕਾਂ ਤੋਂ ਦੋ ਪਈਆਂ ਵਾਹਨਾ ਦਾ ਲੰਘਣਾ ਵੀ ਔਖਾ ਹੋਇਆ ਪਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕਾਂਗਰਸ ਆਗੂ ਜਸਵੀਰ ਸਿੰਘ ਪੁਰਖੋਵਾਲ ਨੇ ਕਿਹਾ ਕਿ ਸਥਾਨਕ ਪ੍ਰਸ਼ਾਸਨ ਨਜਾਇਜ ਮਾਈਨਿੰਗ ਨੂੰ ਰੋਕਣ ਵਿੱਚ ਫੇਲ ਸਾਬਤ ਹੋਈ ਹੈ ਅਤੇ ਉਹਨਾਂ ਕਿਹਾ ਪਹਿਲਾਂ ਤਾਂ ਪਹਾੜੀ ਖੇਤਰ ਵਿੱਚ ਜੋਰਾ ਸ਼ੋਰਾਂ ਨਾਲ ਨਜਾਇਜ਼ ਮਾਈਨਿੰਗ ਹੋ ਰਹੀ ਸੀ ਹੁਣ ਤਾਂ ਪਿੰਡਾਂ ਦੇ ਖੇਤਾਂ ਵਿੱਚ ਦਿਨ ਰਾਤ ਆਮ ਮਾਈਨਿੰਗ ਦੇਖਣ ਨੂੰ ਮਿਲ ਰਹੀ ਹੈ। ਇਸ ਸਬੰਧੀ ਮਾਈਨਿੰਗ ਵਿਭਾਗ ਦੇ ਐੱਸ ਡੀ ਓ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਜਿੱਥੋਂ ਵੀ ਸ਼ਿਕਾਇਤ ਮਿਲਦੀ ਹੈ ਉੱਥੇ ਬਣਦੀ ਕਾਰਵਾਈ ਕਰਦੇ ਹਨ। ਪਰ ਕਈ ਵਾਰ ਉਹਨਾਂ ਨੂੰ ਵੀ ਵੱਖ-ਵੱਖ ਤਰ੍ਹਾਂ ਦੀਆ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

# ਭੰਡਾਰੇ 'ਤੇ ਝੰਡੇ ਦੀ ਰਸਮ ਬਾਬਾ ਹੁਸ਼ਿਆਰ ਸਿੰਘ ਨੇ ਅਦਾ ਕੀਤੀ

**ਭਲਾਣ (ਹਰਭਜਨ ਢਿੱਲੋਂ)** - ਗ੍ਰਾਮ ਪੰਚਾਇਤ ਸਿੰਗਾ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਦੀ ਪੰਚਾਇਤ ਨੇ ਲੱਖ ਦਾਤਾ ਪੀਰ ਲਾਲਾ ਵਾਲੇ ਜੀ ਦੀ ਕਿਰਪਾ ਨਾਲ 29ਵਾਂ ਭੰਡਾਰੇ ਅਤੇ ਝੰਡੇ ਦੀ ਰਸਮ ਦਾ ਆਯੋਜਨ ਗੱਦੀ ਨਸ਼ੀਨ ਬਾਬਾ ਹੁਸ਼ਿਆਰ ਸਿੰਘ (ਅਮਨ) ਨੇ ਕੀਤਾ। ਗਿਆਨੀ ਬਾਬਾ ਸਿੰਗਾ ਵਾਲਿਆਂ ਨੇ ਦੱਸਿਆ ਕਿ ਸਵੇਰੇ ਅੱਠ ਵਜੇ ਪੂਜਾ ਅਤੇ ਹਵਨ ਯੱਗ ਸ਼ੁਰੂ ਕੀਤਾ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਬਲਵੀਰ ਸ਼ਾਰਦਾ ਪੱਸੀਵਾਲ ਗਰਾਮ ਪੰਚਾਇਤ ਸਿੰਗਾ ਦੇ ਪ੍ਰਧਾਨ ਗੁਰਦੇਵ ਸਿੰਘ ਉਰਫ ਗਿਆਨੀ ਬਾਬਾ ਦੁਬਾਰਾ ਝੰਡੇ ਦੀ ਰਸਮ ਅਦਾ ਕੀਤੀ ਗਈ ਅਤੇ ਪਿੰਡ ਦੀ ਸੁੱਖ ਸ਼ਾਂਤੀ ਖੁਸ਼ਿਆਲੀ ਦੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਵਿੱਚ ਪਹੁੰਚ ਕੇ ਗੁਰੂ ਪੀਰਾਂ ਪੈਗੰਬਰਾਂ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ ਤਾਂ ਜੋ ਮਨ ਨੂੰ ਸ਼ਾਂਤੀ ਮਿਲੇ। ਦੂਰ ਦੁਰਾਡੇ ਤੋਂ ਪਹੁੰਚੀ ਸੰਗਤ ਦੇ ਲਈ ਅਤੁੱਟ ਲੰਗਰ ਵਰਤਾਇਆ ਗਿਆ।ਇਸ ਮੌਕੇ ਬਲਵੀਰ ਸ਼ਾਰਦਾ ਪੱਸੀਵਾਲ, ਇੰਦਰਜੀਤ ਭੱਟੀ, ਸੋਨੂ,ਅਮਰੀਕ ਸਿੰਘ,ਗਗਨ, ਸੰਜੂ ਬੀਟਣ।ਇਸ ਮੌਕੇ ਦੂਰ ਦੁਰਾਡੇ ਅਤੇ ਇਲਾਕੇ ਦੀ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਇੰਸਟੀਚਿਊਟ ਦੀ ਮਾਨਤਾ ਰੱਦ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰੇ ਕੇਂਦਰ ਸਰਕਾਰ : ਸੰਧਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਾਤਾ ਵੈਸ਼ਨੋ ਦੇਵੀ ਇੰਸਟੀਚਿਊਟ ਆਫ਼ ਮੈਡੀਕਲ ਐਕਸੀਲੈਂਸ, ਜੰਮੂ ਅਤੇ ਕਸ਼ਮੀਰ ਦੀ ਐਮ ਬੀ ਬੀ ਐੱਸ ਮਾਨਤਾ ਰੱਦ ਕਰਨ ਦਾ ਫੈਸਲਾ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨਾਲ ਬੇਇਨਸਾਫ਼ੀ ਹੈ, ਸਗੋਂ ਸਿੱਖਿਆ ਨੂੰ ਧਰਮ ਅਤੇ ਰਾਜਨੀਤੀ ਨਾਲ ਜੋੜਨ ਦੀ ਇੱਕ ਕੋਝੀ ਉਦਾਹਰਣ ਹੈ। ਇਸ ਮੈਡੀਕਲ ਕਾਲਜ ਵਿੱਚ ਦਾਖਲੇ ਕੇਂਦਰੀ ਪ੍ਰੀਖਿਆ ਐਨ.ਈ.ਈ.ਟੀ. , ਜੋ ਰਾਸ਼ਟਰੀ ਮੈਡੀਕਲ ਕਮਿਸ਼ਨ ਵੱਲੋਂ ਵੀ ਪ੍ਰਵਾਨਿਤ ਹੈ, ਦੀ ਮੈਰਿਟ ਅਨੁਸਾਰ ਪੂਰੀ ਤਰ੍ਹਾਂ ਕਾਨੂੰਨੀ ਅਤੇ ਪਾਰਦਰਸ਼ੀ ਢੰਗ ਨਾਲ ਕੀਤੇ ਗਏ ਸਨ।ਸਪੀਕਰ ਨੇ ਮੰਗ ਕੀਤੀ ਕਿ ਇਸ ਫੈਸਲੇ ਦੀ ਤੁਰੰਤ ਸਮੀਖਿਆ ਕੀਤੀ ਜਾਵੇ।

## ਗਿਆਨੀ ਗੁਰਮੁਖ ਸਿੰਘ ਮੁਸਾਫਿਰ ਵਿਸ਼ੇਸ਼ ਅੰਕ ਲਈ ਰਚਨਾਵਾਂ ਦੀ ਮੰਗ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)-ਭਾਸ਼ਾ ਵਿਭਾਗ ਪਿਛਲੇ ਲੰਬੇ ਅਰਸੇ ਤੋਂ ਚਾਰ ਮੈਗਜ਼ੀਨਾਂ ਪੰਜਾਬੀ ਦੁਨੀਆ, ਜਨ ਸਾਹਿਤ, ਪਰਵਾਜ਼ ਏ ਅਦਬ ਅਤੇ ਪੰਜਾਬ ਸੌਰਭ ਰਾਹੀਂ ਮਿਆਰੀ ਸਾਹਿਤ ਦੀ



ਪ੍ਰਕਾਸ਼ਨਾ ਕਰਦਾ ਆ ਰਿਹਾ ਹੈ।ਮੌਜੂਦਾ ਸਮੇਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਇਹ ਕਾਰਜ ਬਾਦਸਤੂਰ ਜਾਰੀ ਹੈ। ਇਸ ਬਾਬਤ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨੇ ਕਿਹਾ ਕਿ ਇਸ ਵਾਰ ਭਾਸ਼ਾ ਵਿਭਾਗ ਦੇ ਰਸਾਲੇ ' ਜਨ ਸਾਹਿਤ' ਦਾ 'ਗਿਆਨੀ ਗੁਰਮੁਖ ਸਿੰਘ ਮੁਸਾਫਿਰ' ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਲੇਖਕਾਂ, ਖੋਜਾਰਥੀਆਂ ਨੂੰ ਗੁਜ਼ਾਰਿਸ਼ ਹੈ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਹੁਰਾਂ ਦੇ ਜੀਵਨ, ਰਚਨਾਵਾਂ ਕਵਿਤਾ-ਕਹਾਣੀ-ਜੀਵਨੀ, ਪੰਜਾਬ ਦੀ ਸਿਆਸਤ ਵਿੱਚ ਨਿਭਾਈ ਭੂਮਿਕਾ ਤੋਂ ਇਲਾਵਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿੱਚ ਪਾਏ ਯੋਗਦਾਨ ਸਬੰਧੀ ਲੇਖ ਲਿਖ ਕੇ 5 ਫਰਵਰੀ ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਹਾਰਡ ਅਤੇ ਸਾਫਟ ਕਾਪੀ ਦੇ ਰੂਪ ਵਿੱਚ ਜਮ੍ਹਾ ਕਰਵਾਏ ਜਾ ਇਹ ਸਕਦੇ ਹਨ। ਰਚਨਾ ਭੇਜਣ ਸਮੇਂ ਲੇਖਕ ਵੱਲੋਂ ਮੌਲਿਕ ਅਤੇ ਅਣਪ੍ਰਕਾਸ਼ਿਤ ਰਚਨਾ ਹੋਣ ਸੰਬੰਧੀ ਸਵੈ ਤਸਦੀਕ ਦੇ ਨਾਲ ਨਾਲ ਲੇਖਕ ਦਾ ਪੂਰਾ ਪਤਾ ਸਮੇਤ ਫੋਨ ਨੰਬਰ ਜ਼ਰੂਰ ਦਰਜ ਕੀਤਾ ਹੋਵੇ।

# ਵਜਰਾ ਕੋਰ ਨੇ ਸੈਨਾ ਦਿਵਸ ਮਨਾਇਆ

**ਜਲੰਧਰ (ਸੁਰਿੰਦਰ ਕੁਮਾਰ)**- ਵਜਰਾ ਕੋਰ ਨੇ 78ਵਾਂ ਸੈਨਾ ਦਿਵਸ ਮਾਣ, ਸਾਂਝ ਅਤੇ ਦੋਸਤੀ ਦੀ ਭਾਵਨਾ ਨਾਲ ਮਨਾਇਆ, ਭਾਰਤੀ ਫੌਜ ਦੀ ਅਦੁੱਤੀ ਭਾਵਨਾ, ਨਿਰਸਵਾਰਥ ਸੇਵਾ ਅਤੇ ਸ਼ਾਨਦਾਰ



ਵਿਰਾਸਤ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ। 15 ਜਨਵਰੀ ਨੂੰ ਹਰ ਸਾਲ ਮਨਾਇਆ ਜਾਣ ਵਾਲਾ ਸੈਨਾ ਦਿਵਸ, ਭਾਰਤ ਦੇ ਫੌਜੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦਾ ਹੈ। ਜਸ਼ਨਾਂ ਦੀ ਸ਼ੁਰੂਆਤ ਵਜਰਾ ਸ਼ੌਰਿਆ ਸਥਲ ਵਿਖੇ ਆਯੋਜਿਤ ਇੱਕ ਗੰਭੀਰ ਪੁਸ਼ਪਾਜਲੀ ਸਮਾਰੋਹ ਨਾਲ ਹੋਈ। ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀਆ, ਏ ਵੀ ਐੱਸ ਐੱਮ, ਵੀ ਐੱਸ ਐੱਮ, ਜਨਰਲ ਅਫਸਰ ਕਮਾਂਡਿੰਗ, ਵਜਰਾ ਕੋਰ, ਨੇ ਡਿਊਟੀ ਦੌਰਾਨ ਆਪਣੀਆਂ ਜਾਨਾਂ ਵਾਰਨ ਵਾਲੇ ਬਹਾਦਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਬਕਾ ਸੈਨਿਕਾਂ ਨੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਤੇ ਸਮੂਹਿਕ ਤੌਰ 'ਤੇ ਬਹਾਦਰ ਸੈਨਿਕਾਂ ਨੂੰ ਯਾਦ ਕੀਤਾ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਲੈਫਟੀਨੈਂਟ ਜਨਰਲ ਚਾਂਦਪੁਰੀਆ ਨੇ ਫਾਰਮੇਸ਼ਨ ਦੀ ਸਰਵਪੱਖੀ ਪੇਸ਼ੇਵਰ ਉੱਤਮਤਾ ਦੀ ਸ਼ਲਾਘਾ ਕਰਦੇ ਹੋਏ, ਉਨ੍ਹਾਂ ਨੇ ਸਾਰੇ ਰੈਂਕਾਂ ਨੂੰ ਤਕਨਾਲੋਜੀ-ਸਮਰੱਥ ਰਣਨੀਤੀਆਂ, ਤਕਨੀਕਾਂ ਅਤੇ ਪ੍ਰਕਿਰਿਆਵਾਂ 'ਤੇ ਅਧਾਰਤ ਇੱਕ ਹਮਲਾਵਰ ਅਤੇ ਨਵੀਨਤਾਕਾਰੀ ਮਾਨਸਿਕਤਾ ਬਣਾਈ ਰੱਖਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਰਮਚਾਰੀਆਂ ਨੂੰ ਉੱਤਮਤਾ ਦੀ ਆਪਣੀ ਨਿਰੰਤਰ ਖੋਜ ਜਾਰੀ ਰੱਖਣ ਤੇ ਉੱਚਤਮ ਪੇਸ਼ੇਵਰ ਮਿਆਰਾਂ ਨੂੰ ਬਣਾਈ ਰੱਖਣ ਦੀ ਅਪੀਲ ਕੀਤੀ ਜੋ ਭਾਰਤੀ ਫੌਜ ਦੀ ਪਛਾਣ ਹਨ।78ਵੇਂ ਸੈਨਾ ਦਿਵਸ ਦੇ ਜਸ਼ਨਾਂ ਨੇ ਵਜਰਾ ਕੋਰ ਦੀ ਆਪਣੇ ਬਹਾਦਰ ਯੋਧਿਆਂ ਦਾ ਸਨਮਾਨ ਕਰਨ, ਆਪਣੀ ਸ਼ਾਨਦਾਰ ਵਿਰਾਸਤ ਦੀ ਕਦਰ ਕਰਨ ਅਤੇ ਹਿੰਮਤ, ਵਫ਼ਾਦਾਰੀ ਅਤੇ ਅਟੁੱਟ ਇਰਾਦੇ ਨਾਲ ਰਾਸ਼ਟਰ ਦੀ ਰੱਖਿਆ ਲਈ ਹਮੇਸ਼ਾ ਤਿਆਰ ਰਹਿਣ ਦੀ ਅਟੱਲ ਵਚਨਬੱਧਤਾ ਦੀ ਪੁਸ਼ਟੀ ਕੀਤੀ।

# ਭਾਮ 'ਚ ਮੈਮੋਰੀਅਲ ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਾਮ ਵਿਖੇ ਸੁਰਿੰਦਰ ਸਿੰਘ ਸੋਢੀ ਮੈਮੋਰੀਅਲ ਕਲੱਬ ਵੱਲੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ, ਨੌਜਵਾਨ ਸਪੋਰਟਸ ਕਲੱਬ ਭਾਮ ਵੱਲੋਂ ਸੁਰਿੰਦਰ ਸਿੰਘ ਸੋਢੀ ਭਾਮ ਦੀ ਯਾਦ ਵਿੱਚ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਗੁਰਦੀਪ ਸਿੰਘ ਥਾਪਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦੌਰਾਨ ਆਲ ਓਪਨ ਫੁੱਟਬਾਲ ਦੀਆਂ 8 ਟੀਮਾਂ ਅਤੇ ਪਿੰਡ ਪੱਧਰ ਦੀਆਂ 32 ਟੀਮਾਂ ਹਿੱਸਾ ਲਿਆ। ਇਸ ਮੌਕੇ ਪ੍ਰਬੰਧਕਾਂ ਨੇ ਆਲ ਓਪਨ ਫੁੱਟਬਾਲ ਨਿਰਬਵੇ ਸਪੋਰਟਸ ਕਲੱਬ ਮੋਹਾਲੀ ਅਤੇ ਸਪੋਰਟਸ ਕਲੱਬ ਨਡਾਲੋਂ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਨਰਬਵੇ ਸਪੋਰਟਸ ਕਲੱਬ ਮੋਹਾਲੀ ਦੀ ਟੀਮ ਤਿੰਨ ਗੋਲਾਂ ਨਾਲ ਜੇਤੂ ਰਹੀ। ਇਸੇ ਤਰ੍ਹਾਂ ਪਿੰਡ ਓਪਨ ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੈਚ ਰਿਹਾਣਾ ਜੱਟਾਂ ਅਤੇ ਹਾਰਟਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਰਿਹਾਣਾ ਜੱਟਾਂ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਨੇ



ਦੱਸਿਆ ਕਿ ਬੱਚਿਆਂ ਦਾ ਫੁੱਟਬਾਲ ਟੂਰਨਾਮੈਂਟ ਭਾਮ ਅਤੇ ਠੱਕਰਵਾਲ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਭਾਮ ਦੀ ਟੀਮ ਜੇਤੂ ਰਹੀ। ਉਨ੍ਹਾਂ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਵੱਲੋਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ।ਇਸ ਮੌਕੇ ਸਰਪ੍ਰਸਤ ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਪ੍ਰਧਾਨ ਗੁਰਦੀਪ ਸਿੰਘ ਥਾਪਾ, ਸੁਨੀਲ ਕੁਮਾਰ ਮੀਤ ਪ੍ਰਧਾਨ, ਮਾਸਟਰ ਜਸਵਿੰਦਰ ਸਿੰਘ ਜਸਵਾਲ ਸੈਕਟਰੀ, ਸਰਪੰਚ ਪਰਵਿੰਦਰ ਸਿੰਘ ਜਸਵਾਲ ਖਜ਼ਾਨਚੀ, ਬਲਪ੍ਰੀਤ ਸਿੰਘ ਨਿਊਜ਼ੀਲੈਂਡ, ਗੁਰਜੀਤ ਸਿੰਘ ਗੈਰੀ, ਸਤਪਾਲ ਸਿੰਘ ਬਿੱਟੂ, ਦਲਜੀਤ ਸਿੰਘ ਨੀਟਾ, ਰਜਿੰਦਰ ਸਿੰਘ ਫੌਜੀ, ਹਨੀ ਜਸਵਾਲ, ਗੈਰੀ ਜਸਵਾਲ ਭਾਮ, ਮਨਹੋਰ ਸਿੰਘ ਜਸਵਾਲ, ਸਤਨਾਮ ਸਿੰਘ ਸੱਤੀ ਇਟਲੀ, ਜਸਵਿੰਦਰ ਸਿੰਘ ਅਮਰੀਕਾ, ਭੀਸ਼ਮ ਸਿੰਘ ਅਮਰੀਕਾ, ਰਿਆਜ਼ ਮੁਹੰਮਦ, ਬਲਵਿੰਦਰ ਸਿੰਘ ਜਸਵਾਲ ਪ੍ਰਧਾਨ ਰਾਜਪੂਤ ਸਭਾ, ਲੰਬਰਦਾਰ ਰਣਜੀਤ ਸਿੰਘ ਰਾਣਾ ਗੋਪਾਲੀਆ, ਲੰਬਰਦਾਰ ਜਸਵਿੰਦਰ ਸਿੰਘ ਸਰਪੰਚ ਠੱਕਰਵਾਲ, ਸਰਪੰਚ ਰਣਜਿੰਦਰ ਸਿੰਘ ਮੌਜੋਮਜਾਰਾ, ਡਾਕਟਰ ਕ੍ਰਿਪਾਲ ਸਿੰਘ ਭਗਤੂਪੁਰ, ਮਨਜੀਤ ਕੌਰ ਸਰਪੰਚ ਜਾਗਣੀਵਾਲ, ਕਰਮਵੀਰ ਸਿੰਘ ਪੰਚ, ਗੋਪਾਲ ਸਿੰਘ ਪੰਚ, ਬਲਵੀਰ ਸਿੰਘ ਪੰਚ, ਜਤਿੰਦਰ ਕੁਮਾਰ ਸੋਨੀ, ਅਜੈ ਮੱਛੀ, ਪ੍ਰਦੀਪ ਸਿੰਘ ਫਰਾਂਸ, ਗੁਰਵਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਤਰਸੇਮ ਸਿੰਘ ਕਨੇਡਾ, ਬਲਜੀਤ ਸਿੰਘ ਪੰਚ, ਜਨਕ ਚੋਪੜਾ, ਰਸ਼ਪਾਲ ਚੋਪੜਾ, ਪ੍ਰਿੰਸੀਪਲ ਦਲਵੀਰ ਸਿੰਘ, ਚਰਨਜੀਤ ਸਿੰਘ ਪੀ ਐਸ ਪੀ ਸੀ ਐਲ, ਪ੍ਰਿੰਸੀਪਲ ਸੁਖਇੰਦਰ ਸਿੰਘ ਰਿੱਕੀ, ਰਾਜਾ ਠੱਕਰਵਾਲ, ਗਿਆਨ ਸਿੰਘ ਕਨੇਡਾ, ਕੇਵਲ ਸਿੰਘ, ਰਿੰਕੂ ਇਟਲੀ, ਹਰਵਿੰਦਰ ਸਿੰਘ ਨੋਨਾ ਅਮਰੀਕਾ, ਪੰਡਤ ਮੁਕੇਸ਼ ਕੁਮਾਰ, ਗੁਰਪ੍ਰੀਤ ਗੋਪੀ ਨਡਾਲੋਂ, ਸੋਨੂੰ ਕੋਚ, ਗੁਰਜਿੰਦਰ ਸਿੰਘ ਗੋਗੀ ਗਰੀਸ, ਰਾਜਾ ਗਰੀਸ, ਸਤਪਾਲ ਜੱਖੂ, ਜੀਤ ਰਾਮ ਪ੍ਰਧਾਨ, ਰਣਜੀਤ ਕੌਰ ਬਲਾਕ ਸੰਮਤੀ ਮੈਂਬਰ ਭਾਮ, ਗੁਰਸੇਵਕ ਸਿੰਘ ਭਾਮ, ਬਲਜਿੰਦਰ ਬਿੰਦੂ, ਸੰਜੂ, ਲੱਡੂ, ਮਨਜੋਤ ਜਸਵਾਲ, ਚੰਨਾ ਭਾਮ, ਗਗਨ ਜਸਵਾਲ, ਜਸਵੀਰ ਸਿੰਘ ਕਾਕਾ ਆਦਿ ਹਾਜ਼ਰ ਸਨ।

# ਪਰਮਜੀਤ ਸਿੰਘ ਨੂੰ ਸਦਮਾ, ਪਤਨੀ ਦਾ ਦੇਹਾਂਤ

**ਜਲੰਧਰ; (ਨ ਜ ਸ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਦੇ ਮੈਂਬਰ, ਰੇਲ ਮੁਲਾਜ਼ਮਾਂ ਦੇ ਆਗੂ ਪਰਮਜੀਤ ਸਿੰਘ ਲੁਧਿਆਣਾ ਦੀ ਸੁਪਤਨੀ



ਮਾਤਾ ਹਰਬੰਸ ਕੌਰ ਦਾ ਦਿਹਾਂਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਖਜਾਨਚੀ ਸਾਥੀ ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ ਤੇ ਪ੍ਰੋ. ਜੈਪਾਲ ਸਿੰਘ, ਨਾਰਦਰਨ ਰੇਲਵੇ ਮੈਨਜ ਯੂਨੀਅਨ (ਐੱਨ ਆਰ ਐੱਮ ਯੂ) ਮੰਡਲ ਫਿਰੋਜ਼ਪੁਰ ਦੇ ਸਕੱਤਰ ਸ਼ਿਵ ਦੱਤ ਸ਼ਰਮਾ, ਆਲ ਇੰਡੀਆ ਲੋਕ ਰਨਿੰਗ ਸਟਾਫ ਐਸੋਸੀਏਸ਼ਨ ਦੇ ਸੰਸਥਾਪਕ ਆਗੂ ਸਾਥੀ ਹਰਚਰਨ ਸਿੰਘ, ਸੀ ਟੀ ਯੂ ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਚੰਦਰ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਰਵਾਰ ਦਾ ਦੁੱਖ ਵੰਡਾਇਆ ਹੈ।

# 2027 'ਚ ਬਸਪਾ ਸਰਕਾਰ ਬਣਾ ਕੇ ਪੰਜਾਬ ਨੂੰ ਖੁਸ਼ਹਾਲ ਬਣਾਵਾਂਗੇ : ਬੈਨੀਵਾਲ

**ਜਲੰਧਰ (ਸ਼ੈਲੀ ਐਲਬਰਟ):** ਬਸਪਾ ਦੀ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਦਾ ਜਨਮਦਿਵਸ ਸੂਬੇ ਭਰ ਵਿੱਚ ਜਨਕਲਿਆਣਕਾਰੀ ਦਿਵਸ ਵੱਜੋਂ ਮਨਾਇਆ ਗਿਆ। ਇਸ ਦੌਰਾਨ ਬਸਪਾ ਦੇ ਸਮਾਗਮਾਂ ਵਿੱਚ ਹੋਏ ਭਾਰੀ ਇਕੱਠਾਂ ਦੌਰਾਨ 2027 ਵਿੱਚ ਪੰਜਾਬ ਦੀ ਸੱਤਾ ਪ੍ਰਾਪਤੀ ਦਾ ਸੰਕਲਪ ਲਿਆ ਗਿਆ। ਅਲਾਵਲਪੁਰ ਵਿੱਚ ਜਲੰਧਰ ਜ਼ੋਨ ਦਾ ਸਮਾਗਮ ਕਰਾਇਆ ਗਿਆ, ਜਿਸ ਵਿੱਚ ਬਸਪਾ ਦੇ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਮੁੱਖ ਮਹਿਮਾਨ ਵੱਜੋਂ ਪਹੁੰਚੇ। ਸਮਾਗਮ ਨੂੰ ਸੰਬੋਧਿਤ ਕਰਦਿਆਂ ਸ੍ਰੀ ਬੈਨੀਵਾਲ ਨੇ ਕਿਹਾ ਕਿ ?2027 ਵਿੱਚ ਬਸਪਾ ਦੀ ਸਰਕਾਰ ਬਣਾ ਕੇ ਪੰਜਾਬ ਨੂੰ 'ਖੁਸ਼ਹਾਲ ਪੰਜਾਬ' ਬਣਾਇਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਭੈਣ ਕੁਮਾਰੀ ਮਾਇਆਵਤੀ ਦੇ ਜਨਮ ਦਿਵਸ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਸਾਲ 2027 ਦੀਆਂ ਚੋਣਾਂ ਵਿੱਚ ਪੰਜਾਬ ਜਿੱਤ ਕੇ ਮਾਇਆਵਤੀ ਦੀ ਝੋਲੀ ਪਾਉਣਾ ਹੀ ਉਨ੍ਹਾਂ ਦੇ ਜਨਮ ਦਿਨ ਦਾ ਸਭ ਤੋਂ ਵੱਡਾ ਤੋਹਫ਼ਾ ਹੋਵੇਗਾ। ਇਸ ਸਮਾਗਮ ਵਿੱਚ ਬਸਪਾ ਦੇ ਸੂਬਾ ਇੰਚਾਰਜ ਤੀਰਥ ਰਾਜਪੁਰਾ, ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਗੁਰਲਾਲ ਸੈਲਾ ਤੇ ਤਰਸੇਮ ਥਾਪਰ ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਖੁਸ਼ਹਾਲ ਪੰਜਾਬ ਬਣਾਉਣ ਲਈ ਲੋਕਾਂ ਨੂੰ ਬਸਪਾ ਦੇ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਬਸਪਾ ਦੇ ਸੂਬਾ ਜਨਰਲ ਸਕੱਤਰ ਲਾਲ ਚੰਦ ਔਜਲਾ, ਸੂਬਾ ਦਫਤਰ ਸਕੱਤਰ ਇੰਜ. ਜਸਵੰਤ ਰਾਏ, ਸੂਬਾ ਸਕੱਤਰ ਪਰਮਜੀਤ ਮੱਲ, ਹਰਭਜਨ ਬਲਾਲੋਂ, ਰਾਕੇਸ਼ ਦਾਤਾਰਪੁਰੀ, ਜਲੰਧਰ ਦਿਹਾਤੀ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਸ਼ਹਿਰੀ ਪ੍ਰਧਾਨ ਸਰਵਿੰਦਰ ਕੁਮਾਰ, ਬਸਪਾ ਆਗੂ ਖੁਸ਼ੀ ਰਾਮ, ਸੁਖਵਿੰਦਰ ਬਿੱਟੂ, ਬਲਦੇਵ ਸਿੰਘ ਸਲਾਲਾ, ਮਦਨ ਮੱਦੀ ਕੌਂਸਲਰ, ਹਰਜਿੰਦਰ ਬਿੱਲਾ, ਸੁਖਵਿੰਦਰ ਦੁਖਿਆਰਾ, ਜਸਵੀਰ ਸਿੰਘ ਪੰਡੋਰੀ, ਦੇਵਰਾਜ ਸੁਮਨ, ਅਮਰਜੀਤ ਸਿੰਘ ਨੰਗਲ, ਸ਼ਾਦੀ ਲਾਲ, ਰਾਕੇਸ਼ ਬੱਗਾ, ਬਾਬੂ ਮੁਨੀ ਲਾਲ, ਐਡਵੋਕੇਟ ਪ੍ਰਿਤਪਾਲ, ਵਿਜੇ ਯਾਦਵ, ਜਗਦੀਸ਼ ਦੀਸ਼ਾ, ਦਵਿੰਦਰ ਗੋਗਾ ਕੌਂਸਲਰ, ਅਸ਼ੋਕ ਸਈਪੁਰ, ਜਸਵੀਰ ਕੌਰ ਸੇਮੀ, ਸਤਨਾਮ ਕੌਰ, ਨਰਿੰਦਰ ਕੌਰ ਆਦਿ ਬਸਪਾ ਆਗੂ ਮੌਜੂਦ ਸਨ।



# ਇਤਿਹਾਸਕ ਗੰਗਾ ਸਾਗਰ ਸੰਬੰਧੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਿਲੀਜ਼ ਕੀਤੀ ਪੁਸਤਕ

**ਫਗਵਾੜਾ (ਡਾ. ਰਮਨ)-** ਪੰਜਾਬ ਪ੍ਰੈੱਸ ਕਲੱਬ ਵਿਚ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਾਏਕੋਟ ਰਿਆਸਤ ਦੇ ਮੁਖੀ ਰਾਏਕੱਲ੍ਹਾ ਨੂੰ 1705 ਵਿਚ ਬਖ਼ਸ਼ਿਸ਼ ਕੀਤੇ ਗਏ ਗੰਗਾ ਸਾਗਰ (ਸੁਰਾਹੀਨੁਮਾ ਬਰਤਨ) ਸੰਬੰਧੀ 'ਦਸਮੇਸ਼-ਪਿਤਾ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ ਸੁੱਚੀ ਸੇਵਾ ਸੰਭਾਲ' ਪੁਸਤਕ ਰਾਜ ਸਭਾ ਮੈਂਬਰ ਅਤੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਲੋਂ ਰਿਲੀਜ਼ ਕੀਤੀ ਗਈ। ਇਹ ਪੁਸਤਕ ਉੱਘੇ ਇਤਿਹਾਸਕਾਰ ਤੇ ਖੋਜੀ ਡਾ. ਗੁਰਦੇਵ ਸਿੰਘ ਸਿੱਧੂ ਵਲੋਂ ਲਿਖੀ ਗਈ ਹੈ। ਇਸ ਪੁਸਤਕ ਵਿਚ ਗੰਗਾ ਸਾਗਰ ਦੇ ਇਤਿਹਾਸ, ਰਾਏਕੱਲ੍ਹਾ ਦੇ ਪਰਵਾਰਕ ਪਿਛੋਕੜ ਤੇ ਰਾਏਕੋਟ ਰਿਆਸਤ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ।1705 ਵਿਚ ਜਦੋਂ ਮੁਗ਼ਲ ਫ਼ੌਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰ ਰਹੀਆਂ ਸਨ ਤਾਂ ਗੁਰੂ ਸਾਹਿਬ ਮਾਛੀਵਾੜਾ ਤੋਂ ਹੁੰਦੇ ਹੋਏ ਰਾਏਕੋਟ ਰਿਆਸਤ ਵਿਚ ਪਹੁੰਚੇ ਸਨ, ਜਿਥੇ ਰਿਆਸਤ ਦੇ ਮੁਖੀ ਰਾਏਕੱਲ੍ਹਾ ਨੇ ਔਰੰਗਜ਼ੇਬ ਦੀ ਹਕੂਮਤ ਦੀ ਪਰਵਾਹ ਨਾ ਕਰਦਿਆਂ ਤੇ ਮੁਸਲਮਾਨ ਹੋਣ ਦੇ ਬਾਵਜੂਦ ਗੁਰੂ ਸਾਹਿਬ ਦੀ ਸ਼ਰਧਾ ਨਾਲ ਸੇਵਾ ਕੀਤੀ ਸੀ। ਇਸ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਰਾਏਕੱਲ੍ਹਾ ਨੂੰ ਗੰਗਾ ਸਾਗਰ, ਇਕ ਕਿਰਪਾਨ ਤੇ ਰੀਹਲ ਦੀ ਬਖ਼ਸ਼ਿਸ਼ ਕੀਤੀ ਸੀ। ਇਸ ਸਮੇਂ ਗੰਗਾ ਸਾਗਰ ਰਾਏਕੱਲ੍ਹਾ ਦੀ ਨੌਵੀਂ ਸੰਤਾਨ ਰਾਏ ਅਜ਼ੀਜ਼-ਉੱਲਾ ਖਾਨ ਦੀ ਸੇਵਾ-ਸੰਭਾਲ ਵਿਚ ਹੈ ਤੇ ਉਹ ਇਸ ਨੂੰ ਵੱਖ-ਵੱਖ ਦੇਸ਼ਾਂ ਦੀ ਸਿੱਖ ਸੰਗਤ ਦੀ ਮੰਗ 'ਤੇ ਦਰਸ਼ਨ ਦੀਦਾਰ ਕਰਵਾਉਣ ਲਈ ਲੈ ਕੇ ਜਾਂਦੇ ਹਨ। ਪੁਸਤਕ ਰਿਲੀਜ਼ ਕਰਨ ਸਮੇਂ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇਹ ਇਤਿਹਾਸਿਕ ਪੁਸਤਕ ਪ੍ਰਕਾਸ਼ਿਤ ਕਰਨ ਲਈ ਡਾ. ਗੁਰਦੇਵ ਸਿੰਘ ਸਿੱਧੂ ਅਤੇ ਰਾਏ ਅਜ਼ੀਜ਼ ਉੱਲਾ ਖਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਪੁਸਤਕ ਨਾਲ ਸਾਡੀਆਂ ਨਵੀਆਂ ਪੀੜ੍ਹੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਰਾਏਕੱਲ੍ਹਾ ਨਾਲ ਸੰਬੰਧਾਂ ਅਤੇ ਇਤਿਹਾਸਕ ਗੰਗਾ ਸਾਗਰ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲੇਗੀ। ਇਸ ਤੋਂ ਪਹਿਲਾਂ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਇਸ ਪੁਸਤਕ ਸੰਬੰਧੀ ਅਤੇ ਰਾਏ ਅਜ਼ੀਜ਼ ਉੱਲਾ ਖਾਨ ਦੀ ਸ਼ਖ਼ਸੀਅਤ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਅਖੀਰ ਵਿਚ ਡਾ. ਲਖਵਿੰਦਰ ਸਿੰਘ ਜੌਹਲ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਪੁਸਤਕ ਰਿਲੀਜ਼ ਕਰਨ ਲਈ ਅਤੇ ਪ੍ਰੈੱਸ ਕਲੱਬ ਤੇ ਮੀਡੀਆ ਦਾ ਇਸ ਸਮਾਰੋਹ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਪੁਸਤਕ ਰਿਲੀਜ਼ ਸਮਾਰੋਹ ਵਿਚ ਡਾ. ਕਮਲੇਸ਼ ਸਿੰਘ ਦੁੱਗਲ, ਕੁਲਦੀਪ ਸਿੰਘ ਬੇਦੀ, ਪ੍ਰੈੱਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਗਜ਼ਲਗੋ ਗੁਰਦਿਆਲ ਰੋਸ਼ਨ, ਗੁਰਮੀਤ ਸਿੰਘ ਵਾਰਿਸ, ਦਿਲਜੀਤ ਸਿੰਘ ਆਰਟਿਸਟ, ਗੁਰਪ੍ਰੀਤ ਸਿੰਘ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।




# ਟਰੱਕ 'ਚੋਂ ਭੁੱਕੀ ਤੇ ਅਫੀਮ ਬਰਾਮਦ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)-** ਸ੍ਰੀ ਚਮਕੌਰ ਸਾਹਿਬ ਪੁਲਸ ਨੇ ਜ਼ਿਲ੍ਹਾ ਪੁਲਸ ਮੁਖੀ ਮਨਿੰਦਰ ਸਿੰਘ ਦੀ ਰਹਿਨੁਮਾਈ ਹੇਠ ਅਤੇ ਡੀ ਐੱਸ ਪੀ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਪਿੰਡ ਕਤਲੌਰ ਨੇੜੇ ਇੱਕ ਟਰੱਕ ਚਾਲਕ ਤੋਂ ਵੱਡੀ ਮਾਤਰਾ ਵਿੱਚ ਭੁੱਕੀ ਅਤੇ ਅਫੀਮ ਬਰਾਮਦ ਕਰਕੇ ਟਰੱਕ ਸਮੇਤ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਥਾਣਾ ਮੁਖੀ ਰਜਿੰਦਰ ਕੁਮਾਰ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਚੈਕਿੰਗ ਲਈ ਪਿੰਡ ਧੌਲਰਾਂ ਵੱਲ ਨਹਿਰੋਂ ਨਹਿਰ ਜਾ ਰਹੇ ਸਨ ਤੇ ਜਦੋਂ ਉਹ ਪਿੰਡ ਕਤਲੌਰ ਦੇ ਬੱਸ ਸਟੈਂਡ ਨੇੜੇ ਪੁੱਜੇ ਤਾਂ ਬੱਸ ਸਟੈਂਡ ਦੀ ਖਾਲੀ ਜਗ੍ਹਾ ਵਿੱਚ ਇੱਕ ਟਰੱਕ ਨੰਬਰ ਪੀਬੀ -13-ਬੀ ਐਫ -2971 ਖੜ੍ਹਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੇ ਅਧਾਰ ਤੇ ਚੈੱਕ ਕਰਨ ਲਈ ਜਦੋਂ ਟਰੱਕ ਵਿੱਚ ਬੈਠੇ ਨੌਜਵਾਨ ਤੋਂ ਉਸ ਦਾ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਜਸਵਿੰਦਰ ਸਿੰਘ ਅਤੇ ਜੱਸ ਸਿੰਘ ਪਿੰਡ ਖੇੜਾ ਜ਼ਿਲ੍ਹਾ ਮੁਹਾਲੀ ਦੱਸਿਆ ਤੇ ਕੰਡਕਟਰ ਸਾਈਡ ਤੇ ਬੈਠੇ ਦੂਜੇ ਨੌਜਵਾਨ ਵੱਲੋਂ ਆਪਣਾ ਨਾਮ ਗੁਰਪ੍ਰੀਤ ਸਿੰਘ ਪਿੰਡ ਟੱਬਾ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ ਗਿਆ ।ਉਨ੍ਹਾਂ ਦੱਸਿਆ ਕਿ ਜਦੋਂ ਟਰੱਕ ਚਾਲਕ ਦੇ ਪਿੱਛੇ ਰੱਖੇ ਗਏ ਪਾਣੀ ਵਾਲੇ ਕੈਂਪਰ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ ਅੱਠ ਲਿਫਾਫਿਆਂ ਵਿੱਚੋ 3.915 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਤੇ ਇਕ ਹੋਰ ਲਿਫਾਫੇ ਵਿੱਚੋ 510 ਗ੍ਰਾਮ ਅਫੀਮ ਬਰਾਮਦ ਕੀਤੀ ਗਈ ਹੈ।ਗ੍ਰਿਫਤਾਰ ਕੀਤੇ ਗਏ ਦੋਨੋਂ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਕੇ ਅਗਲੀ ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।



# ਬਿਆਸ ਪਿੰਡ ਵਿਖੇ 40ਵਾਂ ਫੁੱਟਬਾਲ (ਛਿੰਝ) ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਅਲਾਵਲਪੁਰ, ਕਿਸ਼ਨਗੜ੍ਹ (ਮਦਨ ਬੰਗੜ, ਸੁਖਜੀਤ ਕੁਮਾਰ)-** ਬੀਤੇ ਕਈ ਦਿਨਾਂ ਤੋਂ ਬਿਆਸ ਪਿੰਡ ਵਿਖੇ ਪੰਚਾਇਤੀ ਰਾਜ ਸਪੋਰਟਸ ਕਲੱਬ (ਰਜਿ),ਪਰਵਾਸੀ ਭਾਰਤੀਆਂ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ 40ਵਾਂ ਫੁੱਟਬਾਲ (ਛਿੰਝ) ਟੂਰਨਾਮੈਂਟ ਬੀਤੇ ਦਿਨ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਇਸ ਟੂਰਨਾਮੈਂਟ ਦੇ ਹੋਏ ਵੱਖ-ਵੱਖ ਵਰਗਾਂ ਦੇ ਫਾਈਨਲ ਮੁਕਾਬਲਿਆਂ ਵਿੱਚ ਪਿੰਡ ਪੱਧਰ ਓਪਨ ਦੇ ਫ਼ਾਈਨਲ ਮੁਕਾਬਲੇ ਵਿਚ ਦੌਲਤਪੁਰ ਨੇ ਦੋਲੀਕੇ (ਬੀ) ਨੂੰ, ਆਲ ਓਪਨ ਕਲੱਬ ਮੁਕਾਬਲੇ ਵਿੱਚ ਨੰਗਲ ਸਲਾਲਾ ਦੀ ਟੀਮ ਨੇ ਬਿਆਸ ਪਿੰਡ ਦੀ ਟੀਮ ਨੂੰ 1-0 ਨਾਲ਼ ਹਰਾਇਆ ਅਤੇ ਅੰਡਰ 16 ਵਰਗ ਮੁਕਾਬਲੇ ਵਿੱਚ ਡਮੁੰਡਾ ਨੇ ਬਿਆਸ ਪਿੰਡ ਨੂੰ ਹਰਾਇਆ। ਉਕਤ ਟੂਰਨਾਮੈਂਟ ਵਿਚ ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਅਵਤਾਰ ਸਿੰਘ ਖਾਲਸਾ ਯੂ ਐਸ ਏ ਅਤੇ ਹਨੀ ਢੀਡਸਾ ਸਪੇਨ ਨੇ ਸਾਂਝੇ ਤੌਰ 'ਤੇ ਟੂਰਨਾਮੈਂਟ ਕਰਵਾਉਣ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਟੂਰਨਾਮੈਂਟ ਕਰਵਾਉਣ ਨਾਲ ਨੌਜਵਾਨ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰਹਿੰਦੇ ਹਨ। ਇਸ ਲਈ ਅਜਿਹੇ ਟੂਰਨਾਮੈਂਟ ਕਰਵਾਉਣਾ ਅੱਜ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਗੋਸ਼ਾ ਅਤੇ ਕੈਸ਼ੀਅਰ ਪੰਡਿਤ ਅਸ਼ਵਨੀ ਕੁਮਾਰ ਨੇ ਟੂਰਨਾਮੈਂਟ ਵਿੱਚ ਸਹਿਯੋਗ ਦੇਣ ਵਾਲੇ ਸਹਿਯੋਗੀ ਸੱਜਣਾਂ ਅਤੇ ਖਿਡਾਰੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਟੂਰਨਾਮੈਂਟ ਬਜ਼ੁਰਗ ਮੈਰਾਥਨ ਦੌੜਾਕ ਸਵਰਗੀ ਫੌਜਾ ਸਿੰਘ ਦੀ ਯਾਦ ਨੂੰ ਸਮਰਪਿਤ ਕਰਵਾਇਆ ਗਿਆ ਹੈ। ਇਸ ਟੂਰਨਾਮੈਂਟ ਵਿੱਚ ਰਿੰਕੂ ਢੀਂਡਸਾ ਯਾਦਗਾਰ ਕਲੱਬ ਸਪੇਨ, ਪ੍ਰਵਾਸੀ ਭਾਰਤੀ ਸ਼ੀਤਲ ਸਿੰਘ ਅਮਲੋਹ ਯੂ ਐਸ ਏ, ਅਵਤਾਰ ਸਿੰਘ ਬੁੱਟਰ ਯੂ ਐਸ ਏ, ਅਵਤਾਰ ਸਿੰਘ ਖਾਲਸਾ ਯੂ ਐਸ ਏ, ਜਸਪਾਲ ਸਿੰਘ ਯੂਕੇ, ਦਲਜੀਤ ਸਿੰਘ ਨਾਹਲ ਕੈਨੇਡਾ, ਛੋਟਾ ਚੋਪੜਾ ਕਿਸ਼ਨਗੜ੍ਹ ਵਾਲਿਆਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਪੋਰਟਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਗੋਸ਼ਾ, ਕੈਸ਼ੀਅਰ ਪੰਡਿਤ ਅਸ਼ਵਨੀ ਕੁਮਾਰ, ਜੋਰਾ ਢੀਂਡਸਾ, ਸਰਬਜੀਤ ਸਿੰਘ ਢੀਂਡਸਾ, ਭੁਪਿੰਦਰ ਸਿੰਘ ਭਿੰਦਾ, ਰਣਜੀਤ ਸਿੰਘ ਰਾਜਾ, ਗੈਰੀ ਢੀਂਡਸਾ, ਲਖਵਿੰਦਰ ਸਿੰਘ ਬੱਬੂ, ਸੁਨੀਲ ਕੋਚ, ਚੈਂਚਲ ਸਿੰਘ, ਅਜੀਤ ਸਿੰਘ ਪੰਚ, ਅਮਰੀਕ ਲਾਲ ਬਲਾਕ ਪ੍ਰਧਾਨ, ਬਲਰਾਜ ਮਡਾਰ ਪੰਚ, ਸੰਤ ਸਿੰਘ, ਸਰਪੰਚ ਊਸ਼ਾ ਰਾਣੀ, ਪ੍ਰਭਾ ਮਡਾਰ ਬਲਾਕ ਸੰਮਤੀ ਮੈਂਬਰ, ਸੁਰਜੀਤ ਸਿੰਘ ਸਪੇਨ, ਓਮ ਪ੍ਰਕਾਸ਼, ਹਰਮੇਸ਼ ਲਾਲ, ਪੰਚ ਨਰਿੰਦਰ ਕੁਮਾਰ, ਗੁਰਦੇਵ ਕੌਰ, ਸਰਬਜੀਤ ਕੌਰ, ਰਾਜ ਰਾਣੀ (ਤਿੰਨੋਂ ਪੰਚ), ਗੁਰਪ੍ਰੀਤ ਰੱਖੜਾ, ਦੀਪਕ ਖੁਰਾਣਾ, ਕਾਲਾ ਲੰਬੜ , ਮਨਜੀਤ ਸਿੰਘ ਮੱਖਾ, ਹਰਵਿੰਦਰ ਸਿੰਘ ਸੁੱਖਾ, ਕਰਨ ਜੇਸੀਟੀ, ਜੋਰਾ, ਗੋਪੀ, ਜਸਦੀਪ ਗਿੱਲ, ਸੌਰਵ, ਸੁੱਖਾ, ਰਵੀ, ਸੁਨੀਲ, ਗੋਪੀ, ਸਿਮਰਜੋਤ, ਦਵਿੰਦਰ, ਤਾਨਿਸ਼, ਸਮੀਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।



# ਗੁਰਦੁਆਰਾ ਸ੍ਰੀ ਅਮਰ ਦਰਬਾਰ ਸਾਹਿਬ ਵਿਖੇ ਸਮਾਜ ਸੇਵੀ ਸ਼ਖਸੀਅਤਾਂ ਨੂੰ ਕੀਤਾ ਸਨਮਾਨਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਗੁਰਦੁਆਰਾ ਸ੍ਰੀ ਅਮਰ ਦਰਬਾਰ ਸਾਹਿਬ ਆਕਾਸ਼ ਕਲੋਨੀ ਹੁਸ਼ਿਆਰਪੁਰ ਵਿਖੇ ਵਿਸੇਸ਼ ਸਮਾਗਮ ਦੌਰਾਨ ਵੱਖ ਵੱਖ ਸਮਾਜ ਸੇਵੀ ਕਾਰਜਾਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ । ਇਸ ਸਮੇਂ ਹਲਕਾ ਵਿਧਾਇਕ ਹੁਸ਼ਿਆਰਪੁਰ ਬ੍ਰਹਮ ਸ਼ੰਕਰ ਜਿੰਪਾ (ਸਾਬਕ ਕੈਬਨਿਟ ਮੰਤਰੀ ਪੰਜਾਬ ਸਰਕਾਰ), ਲਾਇਨ ਦਵਿੰਦਰਪਾਲ ਅਰੋੜਾ ਸਾਬਕ ਗਵਰਨਰ ਲਾਇਨਜ਼ ਕਲੱਬਜ਼ ਇੰਟਰਨੈਸ਼ਨਲ ਡਿਸਟ੍ਰਿਕਟ 321 ਡੀ, ਲਾਇਨ ਐਮ ਪੀ ਸਿੱਧੂ ਜ਼ੋਨ ਚੇਅਰਮੈਨ ਹੁਸ਼ਿਆਰਪੁਰ, ਲਾਇਨ ਸੁਖਵਿੰਦਰ ਕੌਰ ਮੈਂਬਰਸ਼ਿਪ ਚੇਅਰਮੈਨ ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ, ਲਾਇਨ ਮੋਹਨ ਲਾਲ ਖਜ਼ਾਨਚੀ ਲਾਇਨਜ ਕਲੱਬ ਇੰਟਰਨੈਸ਼ਨਲ ਹੁਸ਼ਿਆਰਪੁਰ ਸਮਰਪਣ ਐਕਟਿਵ, ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ । ਮੰਚ ਸੰਚਾਲਕ ਦੀ ਸੇਵਾ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਪ੍ਰਧਾਨ ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ 321 ਡੀ ਨੇ ਨਿਭਾਈ । ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਗੁਰਦੁਆਰਾ ਸ੍ਰੀ ਅਮਰ ਦਰਬਾਰ ਸਾਹਿਬ ਦੇ ਪ੍ਰਧਾਨ ਲਾਇਨ ਬਲਵਿੰਦਰ ਸਿੰਘ ਅਤੇ ਲਾਇਨਜ਼ ਕਲੱਬ ਰਿਹਾਣਾ ਜੱਟਾ ਕੋਹਿਨੂਰ ਦੇ ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਬੀ ਡੀ ਐਸ ਵੱਲੋਂ ਤਨਦੇਹੀ ਨਾਲ ਨਿਭਾਇਆ ਗਿਆ।



## ਚਾਈਨਾ ਡੋਰ 'ਚ ਫਸੇ ਕਾਂ ਨੂੰ ਫਾਇਰ ਬ੍ਰਿਗੇਡ ਦੀ ਟੀਮ ਨੇ ਆਜ਼ਾਦ ਕਰਵਾਇਆ

**ਫਿਲੌਰ, (ਨਿਰਮਲ)-** ਲੱਕੜ ਮੰਡੀ ਫਿਲੌਰ ਵਿਖੇ ਇੱਕ ਕਾਂ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਕਾਂ ਕਾਫੀ ਸਮੇਂ ਤੋਂ 20 ਫੁੱਟ ਉੱਚੇ ਦਰਖਤ ਨਾਲ ਲਟਕ ਰਿਹਾ ਸੀ ਤੇ ਬਹੁਤ ਸ਼ੋਰ ਮਚਾ ਰਿਹਾ ਸੀ। ਕੁਝ ਦੁਕਾਨਦਾਰਾਂ ਨੇ ਦੇਖਿਆ ਤੇ ਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਆਖਿਰ ਫਾਇਰ ਬ੍ਰਿਗੇਡ ਦੀ ਟੀਮ ਨੂੰ ਬੁਲਾਇਆ ਜਿਨਾਂ ਨੇ ਦੋ ਤਿੰਨ ਘੰਟੇ ਦੀ ਜਦੋਂ ਜਹਿਦ ਤੋਂ ਬਾਅਦ ਕਾਂ ਨੂੰ ਆਜ਼ਾਦ ਕਰਵਾਇਆ। ਲੋਕਾਂ ਨੇ ਪਤੰਗਬਾਜ਼ਾਂ ਨੂੰ ਅਪੀਲ ਕੀਤੀ ਕਿ ਉਹ ਚਾਈਨਾ ਡੋਰ ਨਾ ਖਰੀਦਣ।



## ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਜ਼ਰੂਰੀ : ਡਾ. ਸੰਗੀਤਾ ਜੈਨ

**ਮੋਹਾਲੀ, (ਗੁਰਜੀਤ ਬਿੱਲਾ)-** ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਜ਼ਿਲ੍ਹੇ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਜੱਚਾ ਦੀ ਮੌਤ ਦੀ ਦਰ ਨੂੰ ਘਟਾਉਣ ਲਈ ਹਰ ਸੰਭਵ ਯਤਨ ਕਰਨ ਦੀ ਹਦਾਇਤ ਕੀਤੀ ਹੈ। ਉਹ ਜਣੇਪੇ ਦੌਰਾਨ ਹੋਣ ਵਾਲੀਆਂ ਮੌਤਾਂ ਸਬੰਧੀ ਜ਼ਿਲ੍ਹਾ ਪੱਧਰੀ ਰੀਵਿਊ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਮੀਟਿੰਗ ਵਿਚ ਮਾਤਰੀ ਮੌਤਾਂ ਦੇ ਕੇਸਾਂ ਨੂੰ ਵਿਚਾਰਿਆ ਗਿਆ।



# ਤਪ ਅਸਥਾਨ ਕੁਟੀਆ ਛੰਭਵਾਲੀ ਪੰਡਵਾ 'ਚ ਕੁੜੀਆਂ ਦੀ ਲੋਹੜੀ ਪਾਈ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ ਪਿੰਡ ਪੰਡਵਾ ਵਿਖੇ 10ਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਬ੍ਰਹਮ ਗਿਆਨੀ ਸ਼੍ਰੋਮਣੀ ਵਿਰਕਤ ਸ੍ਰੀਮਾਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਦੇ ਜਨਮ ਦਿਵਸ ਦੀ ਖੁਸ਼ੀ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਤੇ ਧਾਰਮਿਕ ਸਮਾਗਮ ਇਸ ਅਸਥਾਨ ਦੇ ਮੁੱਖ ਸੰਚਾਲਕ ਸ੍ਰੀਮਾਨ ਸੰਤ ਗੁਰਚਰਨ ਸਿੰਘ ਮਹਾਰਾਜ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪਾਂ ਦੀਆਂ ਲੜੀਆਂ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਮੀਰੀ ਪੀਰੀ ਜਥਾ ਜਗਾਧਰੀ ਵਾਲੇ ਅਤੇ ਭਾਈ ਪ੍ਰਤਾਪ ਸਿੰਘ ਜੀ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ ) ਵਾਲਿਆਂ ਨੇ ਕਥਾ ਕੀਰਤਨ ਕਰਦੇ ਹੋਏ ਸੰਗਤਾਂ ਨੂੰ ਸਰਬ ਸ਼ਕਤੀਮਾਨ ਪ੍ਰਮਾਤਮਾ ਨਾਲ ਜੋੜਿਆ। ਇਸ ਮੌਕੇ ਖੱਟ ਦਰਸ਼ਨ ਨਿਰਮਲ ਭੇਖ ਸਾਧੂ ਸੰਤ ਸਮਾਜ ਦੇ ਮਹਾਂਪੁਰਖਾਂ ਵੱਲੋਂ ਸੰਗਤਾਂ ਨਾਲ ਕਥਾ ਵਿਚਾਰਾਂ ਦੀ ਸਾਂਝ ਪਾਈ ਗਈ। ਸਟੇਜ ਸੰਚਾਲਨ ਦੀ ਸੇਵਾ ਸੰਤ ਗੁਰਲਾਲ ਸਿੰਘ ਵੱਲੋਂ ਨਿਭਾਈ ਗਈ। ਇਸ ਸਮਾਗਮ ਦੌਰਾਨ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਆਸ਼ੂ ਸਾਂਪਲਾ, ਅਸ਼ੋਕ, ਤੇਜੱਸਵੀ ਭਾਰਤਵਾਜ, ਪਿੰਦੂ ਜੌਹਲ ਇੰਗਲੈਂਡ, ਅਮਰੀਕ ਸਿੰਘ ਸੈਣੀ ਸਮੇਤ ਲਾਗਲੇ ਪਿੰਡਾਂ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਮਹਾਰਾਜ ਨੇ ਸੰਗਤਾਂ ਨੂੰ ਸੇਵਾ- ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦਿੱਤਾ। ਇਸ ਤੋਂ ਪਹਿਲਾਂ ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ ਪੰਡਵਾ ਵਿਖੇ ਕੁੜੀਆਂ ਦੀ ਲੋਹੜੀ ਵੀ ਪਾਈ ਗਈ।



# ਬੀ ਡੀ ਪੀ ਓ ਦਫ਼ਤਰ ਵਿਖੇ ਪੰਚਾਇਤ ਟਰੇਨਿੰਗ ਕੈਂਪ

**ਫਗਵਾੜਾ (ਡਾ. ਰਮਨ)** ਪ੍ਰਦੇਸ਼ਕ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾ ਵਲੋਂ ਨਵੀਂ ਬਣੀਆਂ ਪੰਚਾਇਤਾਂ ਨੂੰ ਪੰਚਾਇਤਾਂ ਦੀ ਕਾਰਜ ਪ੍ਰਣਾਲੀ ਅਤੇ ਪੰਚਾਇਤਾਂ ਦੇ ਅਧਿਕਾਰਾਂ ਬਾਰੇ ਜਾਣੂ ਕਰਵਾਉਣ, ਪਿੰਡਾਂ ਦੇ ਸਰਵਾਂਗੀਣ ਵਿਕਾਸ ਅਤੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦੀ ਤਿਆਰੀ 'ਸਾਡੀ ਯੋਜਨਾ, ਸਾਡਾ ਵਿਕਾਸ' ਤਹਿਤ ਇਕ ਰੋਜਾ ਟਰੇਨਿੰਗ ਕੈਂਪ ਬੀ ਡੀ ਪੀ ਓ ਦਫਤਰ ਫਗਵਾੜਾ ਵਿਖੇ ਲਗਾਇਆ ਗਿਆ। ਇਸ ਟਰੇਨਿੰਗ ਪ੍ਰੋਗਰਾਮ ਵਿੱਚ ਬਲਾਕ ਫਗਵਾੜਾ ਦੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚਾਂ, ਪੰਚਾਂ, ਆਸ਼ਾ ਵਰਕਰਾਂ, ਆਂਗਨਬਾੜੀ ਵਰਕਰਾਂ ਅਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਹਾਜਰੀਨ ਨੂੰ ਸੰਬੋਧਨ ਕਰਦਿਆਂ ਗੁਰਪਿੰਦਰ ਸਿੰਘ ਐੱਮ ਆਰ ਪੀ ਤੇ ਸੁਭਾਸ਼ ਸਿੰਘ ਆਰ ਪੀ ਨੇ ਕਿਹਾ ਕਿ ਪੰਚਾਇਤਾਂ ਪਿੰਡਾਂ ਦੇ ਵਿਕਾਸ ਦੀ ਨੀਂਹ ਹੁੰਦੀਆਂ ਹਨ ਤੇ ਉਨ੍ਹਾਂ ਦੀ ਸਹੀ ਟਰੇਨਿੰਗ ਨਾਲ ਹੀ ਸਰਕਾਰੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਸਫ਼ਲਤਾਪੂਰਵਕ ਲਾਗੂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਪੰਚ ਅਤੇ ਪੰਚ ਲੋਕਾਂ ਅਤੇ ਸਰਕਾਰ ਦਰਮਿਆਨ ਇੱਕ ਮਹੱਤਵਪੂਰਨ ਕੜੀ ਹਨ, ਇਸ ਲਈ ਉਨ੍ਹਾਂ ਦਾ ਜਾਗਰੂਕ ਅਤੇ ਜ਼ਿੰਮੇਵਾਰ ਹੋਣਾ ਬਹੁਤ ਲਾਜ਼ਮੀ ਹੈ। ਇਸ ਤੋਂ ਇਲਾਵਾ ਸਫ਼ਾਈ, ਪੀਣ ਵਾਲੇ ਪਾਣੀ ਦੀ ਉਪਲਬਧਤਾ, ਗਲੀਆਂ-ਨਾਲੀਆਂ, ਸਟਰੀਟ ਲਾਈਟਾਂ, ਠੋਸ ਕੂੜਾ ਪ੍ਰਬੰਧਨ, ਸਿਹਤ ਅਤੇ ਸਿੱਖਿਆ ਨਾਲ ਜੁੜੇ ਮਸਲਿਆਂ ਬਾਰੇ ਵੀ ਵਡਮੁੱਲੀ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਪੰਚਾਇਤੀ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਨੂੰ ਪੂਰੀ ਪਾਰਦਰਸ਼ਤਾ ਨਾਲ ਲਾਗੂ ਕਰਨ ਅਤੇ ਉਨ੍ਹਾਂ ਦਾ ਲਾਭ ਹਰ ਯੋਗ ਵਿਅਕਤੀ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇ। ਕੈਂਪ ਦੌਰਾਨ ਲੋਕ ਯੋਜਨਾ ਮੁਹਿੰਮ 2026-27 ਬਾਰੇ ਮੁਢਲੀ ਜਾਣਕਾਰੀ, ਗ੍ਰਾਮ ਪੰਚਾਇਤ ਯੋਜਨਾ ਫੈਸਿਲੀਟੇਸ਼ਨ ਟੀਮ ਦਾ ਗਠਨ, ਮੈਂਬਰ, ਕੰਮ ਅਤੇ ਜਿੰਮੇਵਾਰੀਆਂ, ਰਾਸ਼ਟਰੀ ਪੰਚਾਇਤ ਅਵਾਰਡ ਸਬੰਧੀ ਜਾਣਕਾਰੀ ਅਤੇ ਨਾਮਜਦਗੀਆਂ ਲਈ ਪੰਚਾਇਤਾਂ ਨੂੰ ਉਤਸ਼ਾਹਤ ਕਰਨ ਬਾਰੇ ਵੀ ਦੱਸਿਆ ਗਿਆ। ਟਰੇਨਿੰਗ ਵਿੱਚ ਹਿੱਸਾ ਲੈਣ ਵਾਲੇ ਸਮੂਹ ਸਰਪੰਚਾਂ, ਪੰਚਾ ਨੇ ਇਸ ਟਰੇਨਿੰਗ ਪ੍ਰੋਗਰਾਮ ਨੂੰ ਬਹੁਤ ਹੀ ਲਾਹੇਵੰਦ ਦੱਸਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਟਰੇਨਿੰਗ ਪ੍ਰੋਗਰਾਮ ਜਾਰੀ ਰੱਖਣ ਦੀ ਅਪੀਲ ਕੀਤੀ।



## ਫ੍ਰੀ ਹੈਲਮਟ ਵੰਡ ਕੇ ਦੋ ਪਹੀਆ ਵਾਹਨ ਚਾਲਕਾਂ ਨੂੰ ਕੀਤਾ ਜਾਗਰੂਕ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾ ਤਹਿਤ ਖੇਤਰੀ ਟਰਾਂਸਪੋਰਟ ਦਫਤਰ ਵਲੋਂ ਜ਼ਿਲੇ ਨੂੰ ਟਰੈਫਿਕ ਮੁਕਤ ਅਤੇ ਸੜਕੀ ਦੁਰਘਟਨਾ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ 1 ਜਨਵਰੀ ਤੋਂ 31 ਜਨਵਰੀ ਤੱਕ ਟ੍ਰੈਫਿਕ ਜਾਗਰੂਕਤਾ ਮਹੀਨਾ ਮਨਾਇਆ ਜਾ ਰਿਹਾ ਹੈ।ਟ੍ਰੈਫਿਕ ਜਾਗਰੂਕਤਾ ਮੁਹਿੰਮ ਤਹਿਤ ਸ਼ੂਗਰ ਮਿੱਲ ਨਵਾਂਸ਼ਹਿਰ ਵਿਖੇ ਦੋ ਪਹੀਆ ਵਾਹਨ ਚਾਲਕਾਂ ਨੂੰ ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਵਲੋਂ ਫ੍ਰੀ ਹੈਲਮਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਟ੍ਰੈਫਿਕ ਪੁਲਸ ਦੇ ਮੁਲਾਜਮ ਵੀ ਹਾਜ਼ਰ ਸਨ।ਉਨ੍ਹਾਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕਰਦਿਆਂ ਕਿਹਾ ਕਿ ਦੋ ਪਹੀਆ ਵਾਹਨ ਚਾਲਕਾਂ ਲਈ ਹੈਲਮੇਟ ਬਹੁਤ ਜ਼ਰੂਰ ਹਨ ਕਿਉਂਕਿ ਦੁਰਘਟਨਾ ਹੋਣ ਨਾਲ ਸਭ ਤੋ ਪਹਿਲਾਂ ਸਿਰ ਵਿੱਚ ਹੀ ਸਟ ਲੱਗਦੀ ਹੈ ਅਤੇ ਹੈਲਮੇਟ ਦੀ ਵਰਤੋ ਨਾਲ ਸਿਰ ਦੀ ਸਟ ਤੋ ਬਚਿਆ ਜਾ ਸਕਦਾ ਹੈ।ਉਹਨਾਂ ਕਿਹਾ ਕਿ ਚਾਈਨਾ ਡੋਰ ਦੇ ਕਰਕੇ ਵੀ ਕਾਫੀ ਆਕਸੀਡੈਂਟ ਹੋ ਰਹੇ ਹਨ। ਇਸ ਲਈ ਹੈਲਮਟ ਪਾਉਣਾ ਹੋਰ ਵੀ ਜਿਆਦਾ ਮਹੱਤਵਪੂਰਣ ਹੋ ਗਿਆ ਹੈ।



## ਸੰਗਰਾਂਦ ਤੇ ਮਾਘੀ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ

**ਫਗਵਾੜਾ (ਡਾ. ਰਮਨ)-** ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੰਦਿਆ ਹੋਇਆ ਗੁਰਦੁਆਰਾ ਸਾਹਿਬ ਜਗਤਗੁਰੂ ਇਨਕਲਾਬ ਦੇ ਮੋਢੀ, ਮਹਾਨ ਪਰਉਪਕਾਰੀ, ਦਇਆ ਦੇ ਸਾਗਰ ਧੰਨ-ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪਿੰਡ ਸਲਾਰਪੁਰ ਵਿਖੇ ਸੰਗਰਾਂਦ ਤੇ ਮਾਘੀ ਦਾ ਪਾਵਨ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰ ਤੋਂ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਹਾਲ ਵਿੱਚ ਦੁਪਹਿਰ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਧਾਰਮਿਕ ਦੀਵਾਨ ਸਜਾਏ ਗਏ। ਦੀਵਾਨ ਦੌਰਾਨ ਰਾਗੀ ਢਾਡੀ ਜੱਥਿਆਂ ਨੇ ਜਿੱਥੇ ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਗੁਰੂ ਚਰਨਾਂ ਨਾਲ ਜੋੜਿਆਂ ਉੱਥੇ ਹੀ ਪੰਥ ਪ੍ਰਸਿੱਧ ਇੰਟਰਨੈਸ਼ਨਲ ਕਥਾਵਾਚਕ ਗਿਆਨੀ ਲਖਵਿੰਦਰ ਸਿੰਘ ਨਿਮਾਣਾ ਨੇ ਕਥਾ ਰਾਹੀਂ ਮਾਘੀ ਦਾ ਪਵਿੱਤਰ ਇਤਿਹਾਸ ਸੁਣਾਅ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੇ ਅਖੀਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਰਾਗੀ,ਢਾਡੀ,ਕਥਾਵਾਚਕ ਅਤੇ ਸਹਿਯੋਗੀਆਂ ਨੂੰ ਗੁਰੂ ਘਰ ਦੀ ਬਖਸਿਸ਼ ਸਿਰਪਾਓ ਦੇ ਕੇ ਸਨਮਾਨਤ ਕੀਤਾ ਅਤੇ ਸਮੂਹ ਸੰਗਤਾਂ ਨੂੰ ਮਾਘੀ ਦੀਆ ਵਧਾਈਆਂ ਦਿੱਤੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।ਦੀਵਾਨ ਉਪਰੰਤ ਆਈਆਂ ਸੰਗਤਾਂ 'ਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਲਛਮਣ ਦਾਸ ਨੰਬਰਦਾਰ ਪ੍ਰਧਾਨ, ਸੈਕਟਰੀ ਮਾਸਟਰ ਕੁਲਦੀਪ ਕੁਮਾਰ, ਪੰਚ ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਸਰਪੰਚ ਜਸਵੰਤ ਕੁਮਾਰ, ਪਰਮਜੀਤ, ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸੀ।



# ਸਰਬ ਸਾਂਝਾ ਵੈੱਲਫੇਅਰ ਸੁਸਾਇਟੀ ਨੇ ਮਨਾਈ ਧੀਆਂ ਦੀ ਲੋਹੜੀ



**ਮੋਹਾਲੀ (ਗੁਰਜੀਤ ਬਿੱਲਾ)-** ਸੈਕਟਰ-91 ਵਿਖੇ ਸਮਾਜ ਸੇਵੀ ਸੰਸਥਾ- 'ਸਰਬ ਸਾਂਝਾ ਵੈਲਫੇਅਰ ਸੁਸਾਈਟੀ' ਵੱਲੋਂ ਧੀਆਂ ਦੇ ਮਾਣ-ਸਤਿਕਾਰ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਧੀਆਂ ਦੀ ਲੋਹੜੀ ਬਹੁਤ ਹੀ ਉਤਸ਼ਾਹ ਨਾਲ ਮਨਾਈ ਗਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਸੁਸਾਈਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਧਾਇਕ ਕੁਲਵੰਤ ਸਿੰਘ ਤੋਂ ਇਲਾਵਾ ਸ਼ਹਿਰ ਦੀਆਂ ਹੋਰ ਨਾਮਵਰ ਹਸਤੀਆਂ ਨੇ ਹਾਜ਼ਰੀ ਭਰ ਕੇ ਇਸ ਸਮਾਗਮ ਦੀ ਸ਼ੋਭਾ ਨੂੰ ਹੋਰ ਵਧਾ ਦਿੱਤਾ। ਇਸ ਸਮਾਗਮ ਦੀ ਸ਼ੁਰੂਆਤ ਸਟੇਟ ਅਵਾਰਡੀ ਅਤੇ ਸੁਸਾਇਟੀ ਦੇ ਪ੍ਰਧਾਨ ਫੂਲਰਾਜ ਸਿੰਘ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਕੇ ਕੀਤੀ ਗਈ। ਉਹਨਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਮਨਾਉਣਾ ਸਿਰਫ ਇੱਕ ਰਸਮ ਨਹੀਂ ਸਗੋਂ ਇਹ ਸਮਾਜ ਵਿੱਚ ਬਰਾਬਰੀ ਅਤੇ ਪਿਆਰ ਦਾ ਸੁਨੇਹਾ ਦੇਣਾ ਹੈ। ਇਸ ਮੌਕੇ ਰੰਗਾ ਰੰਗ ਪ੍ਰੋਗਰਾਮ ਨੂੰ ਪੇਸ਼ ਕੀਤਾ ਗਿਆ ਵੱਖ ਵੱਖ ਗੀਤਕਾਰਾਂ ਨੇ ਪੰਜਾਬੀ ਗੀਤਾਂ ਨਾਲ ਦਰਸ਼ਕਾਂ ਦਾ ਮਨ ਮੋਹਿਆ ਅਤੇ ਸਮਾਗਮ ਨੂੰ ਸ਼ਾਨਦਾਰ ਬਣਾ ਦਿੱਤਾ। ਇਸ ਉਪਰੰਤ ਵਿਧਾਇਕ ਕੁਲਵੰਤ ਸਿੰਘ ਵੱਲੋਂ ਨਵ ਜੰਮੀਆਂ ਧੀਆਂ ਦਾ ਫੁੱਲਾਂ ਅਤੇ ਤੋਹਫਿਆਂ ਨਾਲ ਸਨਮਾਨ ਕੀਤਾ।

# 101 ਨਵਜੰਮੀਆਂ ਧੀਆਂ ਦੀ ਲੋਹੜੀ ਮਨਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-** ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਦੇ ਸਹਿਯੋਗ ਨਾਲ 101 ਨਵਜੰਮੀਆਂ ਧੀਆਂ ਦੀ ਲੋਹੜੀ ਬਹੁਤ ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਈ ਗਈ। ਇਹ ਵਿਸ਼ੇਸ਼ ਪ੍ਰੋਗਰਾਮ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਲਾਜਵੰਤੀ ਸਟੇਡੀਅਮ, ਟਾਂਡਾ ਰੋਡ, ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸਮਾਜ ਵਿੱਚ ਲਿੰਗ ਸਮਾਨਤਾ ਦਾ ਸੰਦੇਸ਼ ਦੇਣਾ ਤੇ ਕੇਂਦਰ ਅਤੇ ਰਾਜ ਸਰਕਾਰ ਦੀ ਵੱਕਾਰੀ ਯੋਜਨਾ 'ਬੇਟੀ ਬਚਾਓ, ਬੇਟੀ ਪੜ੍ਹਾਓ' ਨੂੰ ਹੋਰ ਮਜ਼ਬੂਤ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਲੋਹੜੀ ਬਾਲ ਕੇ ਕੀਤੀ ਗਈ, ਜਿਸ ਨੂੰ ਖੁਸ਼ੀ, ਨਿੱਘ ਅਤੇ ਰੋਸ਼ਨ ਭਵਿੱਖ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਮੌਕੇ ਨਵਜੰਮੀਆਂ ਧੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਖੁਸ਼ਹਾਲ ਅਤੇ ਰੋਸ਼ਨ ਭਵਿੱਖ ਲਈ ਸਮੂਹਿਕ ਪ੍ਰਾਰਥਨਾ ਕੀਤੀ ਗਈ। ਵਿਭਾਗ ਵੱਲੋਂ ਧੀਆਂ ਦੀਆਂ ਮਾਵਾਂ ਨੂੰ ਤੋਹਫ਼ੇ ਅਤੇ ਮਠਿਆਈਆਂ ਭੇਟ ਕੀਤੀਆਂ ਗਈਆਂ, ਜਦੋਂ ਕਿ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਲੜਕੀਆਂ ਨੂੰ ਟਰੈਕ ਸੂਟ ਅਤੇ ਸਪੋਰਟਸ ਸ਼ੂਅ ਵੰਡੇ ਗਏ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਧੀਆਂ ਕਿਸੇ ਵੀ ਤਰ੍ਹਾਂ ਪੁੱਤਰਾਂ ਤੋਂ ਘੱਟ ਨਹੀਂ ਹਨ। ਅੱਜ ਧੀਆਂ ਸਿੱਖਿਆ, ਖੇਡ, ਵਿਗਿਆਨ, ਪ੍ਰਸ਼ਾਸਨ ਅਤੇ ਰਾਜਨੀਤੀ ਸਮੇਤ ਹਰ ਖੇਤਰ ਵਿੱਚ ਦੇਸ਼ ਦਾ ਨਾਮ ਰੋਸ਼ਨ ਕਰ ਰਹੀਆਂ ਹਨ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਧੀਆਂ ਦੇ ਅਧਿਕਾਰਾਂ, ਸੁਰੱਖਿਆ ਅਤੇ ਸਸ਼ਕਤੀਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ, ਨਵਜੰਮੀਆਂ ਧੀਆਂ ਦੀਆਂ ਮਾਵਾਂ ਤੇ ਉਨ੍ਹਾਂ ਦੇ ਪਰਵਾਰ ਵੱਡੀ ਗਿਣਤੀ ਵਿੱਚ ਮੌਜੂਦ ਸਨ।




## ਜ਼ਿਲ੍ਹਾ ਵਾਤਾਵਰਣ ਕਮੇਟੀ ਦੇ ਕਾਰਜਾਂ ਸੰਬੰਧੀ ਸਮੀਖਿਆ ਮੀਟਿੰਗ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-** ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਅਨਮੋਲ ਸਿੰਘ, ਧਾਲੀਵਾਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ 33ਵੀਂ ਮੀਟਿੰਗ ਹੋਈ।ਇਸ ਮੀਟਿੰਗ ਦੌਰਾਨ, ਜ਼ਿਲ੍ਹੇ ਵਿੱਚ ਠੋਸ ਰਹਿੰਦ-ਖੂੰਹਦ, ਪਲਾਸਟਿਕ ਰਹਿੰਦ-ਖੂੰਹਦ, ਨਿਰਮਾਣ ਅਤੇ ਢਾਹੁਣ (ਸੀ ਐਂਡ ਡੀ) ਰਹਿੰਦ-ਖੂੰਹਦ ਅਤੇ ਈ-ਕੂੜੇ ਦੇ ਪ੍ਰਬੰਧਨ ਦੇ ਸਬੰਧ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐੱਲ ਬੀ) ਅਤੇ ਹਿੱਸੇਦਾਰ ਵਿਭਾਗਾਂ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਟੀਚਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਏ.ਡੀ.ਸੀ. (ਸ਼ਹਿਰੀ ਵਿਕਾਸ) ਵੱਲੋਂ ਸਾਰੇ ਸਬੰਧਤ ਵਿਭਾਗਾਂ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ, ਖਾਸ ਕਰਕੇ ਠੋਸ ਰਹਿੰਦ-ਖੂੰਹਦ ਨੂੰ ਸਰੋਤ 'ਤੇ ਵੱਖ ਕਰਨ, ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਉਪਚਾਰ ਅਤੇ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਦੇ ਸਬੰਧ ਵਿੱਚ, ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ।

## ਮਿਲਾਵਟਖੋਰਾਂ ਖ਼ਿਲਾਫ਼ ਕੀਤੀ ਜਾਵੇਗੀ ਸਖ਼ਤ ਕਾਰਵਾਈ : ਸੰਧਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਪੰਜਾਬ ਵਿੱਚ ਮਿਲਾਵਟਖੋਰੀ ਦੇ ਖ਼ਤਰੇ ਨੂੰ ਜੜ੍ਹੋਂ ਖ਼ਤਮ ਕਰਨ ਦੇ ਮੱਦੇਨਜ਼ਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਸੀਂ ਸਕੂਲਾਂ ਵਿੱਚ ਸੈਮੀਨਾਰਾਂ ਅਤੇ ਸਮਾਗਮਾਂ ਰਾਹੀਂ ਘਟੀਆ ਜਾਂ ਮਿਲਾਵਟੀ ਦੁੱਧ, ਪਨੀਰ, ਘਿਓ ਅਤੇ ਹੋਰ ਦੁੱਧ ਉਤਪਾਦਾਂ ਦੀ ਗੁਣਵੱਤਾ ਜਾਂਚ ਕਰਨ ਸਬੰਧੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇਹ ਮੁਹਿੰਮ ਜ਼ਿਲ੍ਹਾ ਫਰੀਦਕੋਟ ਦੇ ਕੋਟਕਪੂਰਾ ਤੋਂ ਸ਼ੁਰੂ ਕੀਤੀ ਜਾਵੇਗੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਿਲਾਵਟਖੋਰੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮਲਕੀਤ ਸਿੰਘ ਕਾਲਰਾ ਦੀ ਯਾਦ 'ਚ ਧਾਰਮਿਕ ਸਮਾਗਮ

**ਆਦਮਪੁਰ, (ਪਰਮਜੀਤ ਸਿੰਘ)-** ਸੀਨੀਅਰ ਅਕਾਲੀ ਆਗੂ ਜਥੇਦਾਰ ਬਲਵਿੰਦਰ ਸਿੰਘ ਕਾਲਰਾ ਦੇ ਪਿਤਾ ਜਥੇਦਾਰ ਮਲਕੀਤ ਸਿੰਘ ਦੀ ਯਾਦ 'ਚ ਕਰਵਾਏ ਧਾਰਮਿਕ ਸਮਾਗਮ 'ਚ ਸੰਤ ਬਾਬਾ ਗੁਰਜੀਤ ਸਿੰਘ ਕਾਲਰਾ, ਪਵਨ ਕੁਮਾਰ ਟੀਨੂੰ, ਗੁਰਦਿਆਲ ਸਿੰਘ ਕਾਲਰਾ ਸੀਨੀਅਰ ਅਕਾਲੀ ਆਗੂ, ਬੀਬੀ ਦਵਿੰਦਰ ਕੌਰ ਕਾਲਰਾ ਮੈਂਬਰ ਐੱਸ. ਜੀ. ਪੀ. ਸੀ. ਆਦਮਪੁਰ, ਭਾਰਤੀ ਕਿਸਾਨ ਯੂਨੀਅਨ (ਖੋਸਾ) ਜ਼ਿਲਾ ਜਲੰਧਰ ਦੇ ਪ੍ਰਧਾਨ ਤਰਸੇਮ ਸਿੰਘ ਕੋਟਲੀ, ਬਹਾਦਰ ਸਿੰਘ ਚੌਹਾਨ ਸਾਬਕਾ ਸਰਪੰਚ ਸੀਨੀਅਰ ਆਗੂ ਬੀ. ਕੇ. ਯੂ. (ਰਾਜੇਵਾਲ) ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਸੀਨੀਅਰ ਅਕਾਲੀ ਆਗੂ ਤੇ ਹੋਰ ਵੱਖ-ਵੱਖ ਰਾਜਨੀਤਿਕ ਤੇ ਧਾਰਮਿਕ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਜਥੇਦਾਰ ਬਲਵਿੰਦਰ ਸਿੰਘ ਕਾਲਰਾ ਨੇ ਉਨ੍ਹਾਂ ਦੇ ਪਿਤਾ ਮਲਕੀਤ ਸਿੰਘ ਦੀ ਯਾਦ 'ਚ ਕਰਵਾਏ ਧਾਰਮਿਕ ਸਮਾਗਮ ਦੌਰਾਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸਜਾਏ ਦੀਵਾਨ ਦੌਰਾਨ ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਡਰੋਲੀ ਕਲਾ ਦੇ ਕੀਰਤਨੀ ਜਥੇ ਨੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਨਿਰਮਲ ਸਿੰਘ ਲੁਟੇਰਾ ਕਲਾ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ 'ਚ ਅਰਦਾਸ ਕੀਤੀ। ਆਈਆਂ ਸੰਗਤਾਂ 'ਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਕਵਰਜੋਤ ਸਿੰਘ,ਗੁਰਜੀਤ ਸਿੰਘ ਲੁਟੇਰਾ ਕਲਾ ਉੱਪ ਪ੍ਰਧਾਨ ਬਲਾਕ ਆਦਮਪੁਰ ਬੀ. ਕੇ. ਯੂ. (ਖੋਸਾ), ਬਲਬੀਰ ਸਿੰਘ ਡਰੋਲੀ ਖੁਰਦ, ਹਰਕੀਤ ਸਿੰਘ ਨਿਝਰ ਹਲਕਾ ਕੋਆਡੀਨੇਟਰ ਕਿਸਾਨ ਵਿੰਗ, ਦਲਬੀਰ ਸਿੰਘ ਅਲਾਵਲਪੁਰ, ਗੁਰਦੀਪ ਸਿੰਘ ਕਾਲਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਬਲਵਿੰਦਰ ਸਿੰਘ ਭਾਮ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ,ਬਲਬੀਰ ਸਿੰਘ ਫੁਗਲਾਣਾ ਸਕੱਤਰ, ਜਗਤਾਰ ਸਿੰਘ ਭੂਗਰਨੀ,ਸੁਖਜੀਤ ਸਿੰਘ ਪਰਮਾਰ, ਗੁਰਦੇਵ ਸਿੰਘ ਲਵਲੀ, ਦੀਪਾ ਕੋਟਲੀ, ਰਣਜੀਤ ਸਿੰਘ ਚੌਹਾਨ, ਰਣਜੀਤ ਸਿੰਘ ਕਾਲਾ ਜਲਪੋਤ, ਕਿਰਪਾਲ ਸਿੰਘ ਕਾਲਰਾ, ਅਜੈਬ ਸਿੰਘ ਤੂਰ, ਅਮਨਦੀਪ ਸਿੰਘ ਮਾਹੀ ਪੰਚ ਤੇ ਹੋਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਹਾਜ਼ਰ ਸਨ।



# ਮਾਤਾ-ਪਿਤਾ ਦੀ ਯਾਦ 'ਚ ਲਗਾਇਆ ਲੰਗਰ

**ਫਗਵਾੜਾ (ਡਾ. ਰਮਨ)-** ਆਮ ਆਦਮੀ ਪਾਰਟੀ ਦੀ ਆਬਕਾਰੀ ਅਤੇ ਕਰ-2 ਸ਼ਾਖਾ, ਵਿਧਾਨ ਸਭਾ ਹਲਕਾ ਫਗਵਾੜਾ ਦੇ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਸੁਸ਼ੀਲ ਚਮ (ਬੋਬੀ) ਨੇ ਆਪਣੇ ਮਾਪਿਆਂ ਸਵ. ਦਰਸ਼ਨਾ ਦੇਵੀ ਚਮ ਅਤੇ ਸਵ. ਕ੍ਰਿਸ਼ਨ ਚੰਦ ਚਮ ਦੀ ਨਿੱਘੀ ਯਾਦ ਵਿੱਚ ਸਥਾਨਕ ਸਿਨੇਮਾ ਰੋਡ 'ਤੇ ਕੜ੍ਹੀ-ਚਾਵਲ ਦਾ ਲੰਗਰ ਲਗਾਇਆ ਜਿਸ ਦੀ ਸ਼ੁਰੂਆਤ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਆਪ ਆਗੂ ਜੋਗਿੰਦਰ ਸਿੰਘ ਮਾਨ ਨੇ ਆਪਣੇ ਹੱਥੀਂ ਲੰਗਰ ਵੰਡ ਕੇ ਕਰਵਾਈ। ਇਸ ਮੌਕੇ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਮਾਪਿਆਂ ਦੀ ਯਾਦ ਵਿੱਚ ਲੋਕ ਸੇਵਾ ਕਰਨਾ ਇੱਕ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਹਮੇਸ਼ਾ ਸਮਾਜ ਸੇਵੀ ਸਰਗਰਮੀਆਂ ਵਿੱਚ ਸਭ ਤੋਂ ਅੱਗੇ ਰਹਿੰਦੇ ਹਨ ਅਤੇ ਅਜਿਹੇ ਸਮਾਗਮ ਸਮਾਜਿਕ ਸਦਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਚੇਅਰਮੈਨ ਸੁਸ਼ੀਲ ਚਮ ਨੇ ਦੱਸਿਆ ਕਿ ਉਨ੍ਹਾਂ ਦੇ ਮਾਪਿਆਂ ਨੇ ਹਮੇਸ਼ਾ ਉਨ੍ਹਾਂ ਨੂੰ ਸੇਵਾ, ਸਾਦਗੀ ਅਤੇ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਦੇ ਸੰਸਕਾਰ ਦਿੱਤੇ ਹਨ। ਇਹ ਲੰਗਰ ਉਨ੍ਹਾਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਦੀ ਲੜੀ ਦਾ ਹੀ ਇੱਕ ਉਪਰਾਲਾ ਹੈ। ਉਨ੍ਹਾਂ ਸਿਨੇਮਾ ਰੋਡ ਮਾਰਕੀਟ ਐਸੋਸੀਏਸ਼ਨ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ। ਮਾਰਕੀਟ ਕਮੇਟੀ ਦੇ ਚੇਅਰਮੈਨ ਤਵਿੰਦਰ ਰਾਮ ਨੇ ਵੀ ਬੌਬੀ ਚੈਮ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੇ ਸੇਵਾ ਕਾਰਜ ਸਮਾਜ ਨੂੰ ਇਕਜੁੱਟ ਕਰਨ ਵਿੱਚ ਮਦਦ ਕਰਦੇ ਹਨ।ਇਸ ਮੌਕੇ ਸਿਨੇਮਾ ਰੋਡ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਹਰਬੰਸ ਲਾਲ, ਐਡਵੋਕੇਟ ਰਵਿੰਦਰ ਸ਼ਰਮਾ, ਵਿਕਰਮ ਰਾਣਾ, ਮਹੇਸ਼ ਬਾਂਗਾ, ਰਵਿੰਦਰ ਸਿੰਘ, ਅਜੇ ਓਹਰੀ ਅਤੇ ਸਿਨੇਮਾ ਰੋਡ ਮਾਰਕੀਟ ਦੇ ਮੈਂਬਰ ਮੌਜੂਦ ਸਨ।



# ਡਿਪਟੀ ਕਮਿਸ਼ਨਰ ਨੇ ਮਾਲ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਮਾਲ ਵਿਭਾਗ ਦੇ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮਾਲ ਅਧਿਕਾਰੀਆਂ ਨਾਲ ਮਹੀਨਾਵਾਰ ਮੀਟਿੰਗ ਕੀਤੀ। ਮੀਟਿੰਗ ਵਿਚ ਮਾਲ ਨਾਲ ਸਬੰਧਤ ਵੱਖ-ਵੱਖ ਮਾਮਲਿਆਂ, ਸਕੀਮਾਂ ਅਤੇ ਲੰਬਿਤ ਕੰਮਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਤੇ ਅਧਿਕਾਰੀਆਂ ਨੂੰ ਕੰਮ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਚੱਲ ਰਹੇ ਭੂਮੀ ਅਧਿਗ੍ਰਹਿਣ ਮਾਮਲਿਆਂ ਦੀ ਸਥਿਤੀ ਰਿਪੋਰਟ, ਖਸਰਾ-ਵਾਈਜ਼ ਮੈਪਿੰਗ, ਮੁਸਾਵੀ-ਕੈਡਸਟ੍ਰਲ ਡਿਜੀਟਾਈਜ਼ੇਸ਼ਨ, ਜਮ੍ਹਾਂਬੰਦੀ, ਡਿਜੀਟਲ ਕਰਾਪ ਸਰਵੇ ਅਤੇ ਈਜੀ ਜਮ੍ਹਾਂਬੰਦੀ ਸੇਵਾਵਾਂ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਮੀਟਿੰਗ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਈਜੀ ਰਜਿਸਟ੍ਰੇਸ਼ਨ ਦੌਰਾਨ ਸਮੇਂ ਸਿਰ ਬਿਨ੍ਹਾਂ ਦੇਰੀ ਦੇ ਰਜਿਸਟਰੀ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਆਪਣੀ ਰਜਿਸਟਰੀ ਕਰਵਾਉਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਅਧਿਕਾਰੀਆਂ ਨੂੰ ਤੈਅ ਸੀਮਾ ਦੌਰਾਨ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਮਿਥੇ ਟੀਚਿਆ ਨੂੰ ਪ੍ਰਾਪਤ ਕੀਤਾ ਜਾ ਸਕੇ।ਇਸ ਉਪਰੰਤ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੁੱਖ ਮੰਤਰੀ ਤੀਰਥ ਯਾਤਰਾ, ਸਿੱਖਿਆ ਵਿਭਾਗ, ਪ੍ਰਧਾਨ ਮੰਤਰੀ ਰੋਜ਼ਗਾਰ ਉੱਤਪਤੀ ਪ੍ਰੋਗਰਾਮ ਸਬੰਧੀ ਅਤੇ ਭਲਾਈ ਸਕੀਮਾਂ ਦੀ ਮੀਟਿੰਗ ਕਰਕੇ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।





ਬੱਸ ਸਟੈਂਡ ਮਹਿਲ ਕਲਾਂ (ਬਰਨਾਲਾ) ਵਿਖੇ ਗਿੱਲ ਮਾਰਕੀਟ ਦੇ ਦੁਕਾਨਦਾਰ ਭਾਈਚਾਰੇ ਵੱਲੋਂ ਮਾਘੀ ਦੇ ਤਿਉਹਾਰ ਮੌਕੇ ਲਗਾਏ ਗਏ ਬ੍ਰੈੱਡ, ਪਕੌੜਿਆਂ ਤੇ ਚਾਹ ਦੇ ਲੰਗਰਾਂ 'ਚ ਸੇਵਾ ਕਰਦੇ ਹੋਏ ਪ੍ਰਬੰਧਕ ਤੇ ਸੇਵਾਦਾਰ। (ਫੋਟੋ ਤੇ ਵੇਰਵਾ : ਪ੍ਰਦੀਪ ਸਿੰਘ ਲੋਹਗੜ੍ਹ)

## ਬੱਚੇਦਾਨੀ ਦੇ ਮੂੰਹ ਦੇ ਕੈਂਸਰ ਤੋਂ ਬਚਾਅ ਲਈ ਲੜਕੀਆਂ ਨੂੰ ਲਗਾਈ ਜਾਵੇਗੀ ਐੱਚ ਪੀ ਵੀ ਵੈਕਸੀਨ : ਸਿਵਲ ਸਰਜਨ



**ਪਟਿਆਲਾ (ਰਾਜਿੰਦਰ ਥਿੰਦ)**-ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਸੋਘੱਲ ਤ੍ਰਿਪੜੀ ਡਾ. ਪ੍ਰਨੀਤ ਕੌਰ ਦੀ ਅਗਵਾਈ ਹੇਠ ਤ੍ਰਿਪੜੀ ਖੇਤਰ ਅਧੀਨ ਕੰਮ ਕਰ ਰਹੀਆਂ ਏ.ਐੱਨ.ਐੱਮ ਨੂੰ ਹਿਊਮਨ ਪੈਪੀਲੋਮਾ ਵਾਇਰਸ ਵੈਕਸੀਨੇਸ਼ਨ ਸਬੰਧੀ ਇੱਕ ਦਿਨ ਦੀ ਵਿਸ਼ੇਸ਼ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਡਾ. ਪ੍ਰਨੀਤ ਕੌਰ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਐੱਚ.ਪੀ.ਵੀ. ਵੈਕਸੀਨ ਸਰਵਾਈਕਲ ਕੈਂਸਰ ਤੋਂ ਬਚਾਅ ਦਾ ਇੱਕ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਢੰਗ ਹੈ।ਉਨ੍ਹਾਂ ਕਿਹਾ ਕਿ ਇਹ ਕੈਂਸਰ ਅਕਸਰ ਐੱਚ.ਪੀ.ਵੀ. ਵਾਇਰਸ ਕਾਰਨ ਹੁੰਦਾ ਹੈ।ਇਸ ਲਈ ਜੇ ਸਮੇਂ ਸਿਰ ਵੈਕਸੀਨ ਲਗਵਾ ਕੇ ਹੀ ਇਸ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ।ਸਿਹਤ ਵਿਭਾਗ ਪਟਿਆਲਾ ਵੱਲੋਂ 14 ਤੋਂ 15 ਸਾਲ ਦੀਆਂ ਲੜਕੀਆਂ ਨੂੰ ਸਿੰਗਲ ਡੋਜ਼ ਖੱਬੇ ਮੋਢੇ ਤੇ ਲਗਾਈ ਜਾਵੇਗੀ।ਉਨ੍ਹਾਂ ਟ੍ਰੇਨਿੰਗ ਦੌਰਾਨ ਵੈਕਸੀਨੇਸ਼ਨ ਦੀ ਉਮਰ, ਯੋਗਤਾ ਖੁਰਾਕਾਂ, ਸਟੋਰੇਜ, ਕੋਲਡ ਚੇਨ ਤੇ ਰਿਪੋਰਟਿੰਗ ਪ੍ਰਣਾਲੀ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਉਨ੍ਹਾਂ ਨੇ ਐੱਚ ਪੀ ਵੀ ਵੈਕਸੀਨੇਸ਼ਨ ਨਾਲ ਜੁੜੀਆਂ ਸ਼ੰਕਾਵਾਂ ਦੇ ਜਵਾਬ ਵੀ ਦਿੱਤੇ ਤੇ ਜ਼ਮੀਨੀ ਪੱਧਰ 'ਤੇ ਟੀਕਾਕਰਨ ਕਾਰਜਾਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਦਿੱਤੇ।ਉਨ੍ਹਾਂ ਐੱਚ.ਪੀ.ਵੀ ਵੈਕਸੀਨੇਸ਼ਨ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਮੂਹ ਕਰਮਚਾਰੀਆਂ ਨੂੰ ਪੂਰੀ ਨਿਸ਼ਠਾ ਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ।

## ਧੰਨਾ ਜੱਟ ਗਾਊਸ਼ਾਲਾ ਰੋਗਲਾ ਵਿਖੇ ਪਸ਼ੂ ਭਲਾਈ ਕੈਂਪ ਲਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਧੰਨਾ ਜੱਟ ਗਾਊਸ਼ਾਲਾ ਰੋਗਲਾ ਵਿਖੇ ਪਸ਼ੂ ਪਾਲਣ ਵਿਭਾਗ ਵੱਲੋਂ ਗਊ ਸੇਵਾ ਕਮਿਸ਼ਨ ਦੇ ਸਹਿਯੋਗ ਨਾਲ ਪਸ਼ੂ ਭਲਾਈ ਕੈਂਪ ਲਾਇਆ ਗਿਆ।ਇਹ ਕੈਂਪ ਗਊ ਸੇਵਾ ਕਮਿਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ ਦੀ ਰਹਿਨੁਮਾਈ ਤੇ ਡਾ. ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਗਾਇਆ ਗਿਆ।ਇਸ ਮੌਕੇ ਐੱਸ.ਵੀ.ਓ. ਡਾ. ਚੇਤਨ ਕੁਮਾਰ ਗੁਪਤਾ ਨੇ ਵਿਸ਼ੇਸ਼ ਸ਼ਿਰਕਤ ਕੀਤੀ ਤੇ ਪਸ਼ੂਆਂ ਦੇ ਵੱਖ ਵੱਖ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਕਰਵਾਉਣ ਲਈ ਪ੍ਰੇਰਿਆ।ਕੈਂਪ ਦੌਰਾਨ ਡਾ. ਨਵੀਨ ਕੁਮਾਰ ਸੀ.ਵੀ.ਐੱਚ. ਕਹੇਰੀਆਂ ਤੇ ਡਾ. ਅਮਨਿੰਦਰ ਕੌਰ ਸੀ.ਵੀ.ਐੱਚ. ਚੱਠਾ ਨੰਨਹੇੜਾ ਵੱਲੋਂ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਦੇਖਭਾਲ ਤੇ ਵਿਭਾਗੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਲਈ ਗਊ ਸੇਵਾ ਕਮਿਸ਼ਨ ਵੱਲੋਂ ਪਸ਼ੂਆਂ ਦੇ ਇਲਾਜ ਲਈ 25000 ਰੁਪਈਏ ਦੀ ਦਵਾਈ ਉਪਲਬਧ ਕਰਵਾਈ ਗਈ।ਇਸ ਗਊਸ਼ਾਲਾ ਵਿੱਚ ਲੱਗਭੱਗ 400 ਗਊਆਂ ਹਨ ਤੇ ਇਨ੍ਹਾਂ ਵਿੱਚੋਂ ਬਿਮਾਰ ਪਸ਼ੂਆਂ ਦਾ ਇਲਾਜ ਕੀਤਾ ਗਿਆ।ਇਸ ਤੋਂ ਬਿਨਾਂ ਪਿੰਡ ਵਿੱਚੋਂ ਵੀ 35-40 ਪਸ਼ੂ ਪਾਲਕਾਂ ਨੇ ਹਾਜ਼ਰੀ ਲਵਾਈ।ਇਸ ਮੌਕੇ ਵਿੱਚ ਸ਼ਾਮ ਲਾਲ ਪ੍ਰਧਾਨ ਵੱਲੋਂ ਗਊ ਸੇਵਾ ਕਮਿਸ਼ਨ ਤੇ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਕੈਂਪ ਲਗਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਐੱਸ ਐੱਸ ਪੀ ਖੰਨਾ ਵੱਲੋਂ ਥਾਣਾ ਸਮਰਾਲਾ ਦਾ ਨਿਰੀਖਣ



**ਸਮਰਾਲਾ (ਸੁਰਜੀਤ ਸਿੰਘ)**-ਸੀਨੀਅਰ ਪੁਲਸ ਕਪਤਾਨ (ਐੱਸ.ਐੱਸ.ਪੀ.) ਖੰਨਾ ਡਾ. ਦਰਪਣ ਆਹਲੂਵਾਲੀਆ ਆਈ.ਪੀ.ਐੱਸ. ਨੇ ਸਬ ਡਵੀਜ਼ਨ ਸਮਰਾਲਾ ਦੇ ਥਾਣਾ ਸਮਰਾਲਾ ਦਾ ਅਚਨਚੇਤ ਨਿਰੀਖਣ ਕੀਤਾ ਤਾਂ ਜੋ ਡਿਊਟੀ ਪ੍ਰੋਟੋਕੋਲ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾ ਸਕੇ ਤੇ ਜਨਤਕ ਭਲਾਈ ਨੂੰ ਵਧਾਇਆ ਜਾ ਸਕੇ।ਸੀਨੀਅਰ ਪੁਲਸ ਕਪਤਾਨ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨਾਲ ਥਾਣਾ ਸਮਰਾਲਾ ਦੇ ਐੱਸ.ਐੱਚ.ਓ. ਹਰਵਿੰਦਰ ਸਿੰਘ ਤੇ ਆਈ. ਓਜ਼ ਨਾਲ ਕ੍ਰਾਈਮ ਮੀਟਿੰਗ ਵੀ ਕੀਤੀ।ਇਸ ਮੀਟਿੰਗ ਵਿੱਚ ਥਾਣਿਆਂ ਵਿੱਚ ਲੰਬਿਤ ਪਏ ਕੇਸਾਂ ਦੇ ਨਿਪਟਾਰੇ ਲਈ ਹਦਾਇਤਾਂ ਦਿੱਤੀਆਂ ਗਈਆਂ ਅਤੇ ਅਪਰਾਧ ਤੇ ਅਮਨ-ਕਾਨੂੰਨ ਦੇ ਅਹਿਮ ਮਾਪਦੰਡਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਐੱਸ.ਐੱਸ.ਪੀ. ਖੰਨਾ ਨੇ ਥਾਣਾ ਦੇ ਨਿਰੀਖਣ ਦੌਰਾਨ ਉਨ੍ਹਾਂ ਦੇ ਸਥਾਨਕ ਅਪਰਾਧਾਂ ਤੇ ਹੋਰ ਲੋੜਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਨਾਲ ਹੀ ਸਬੰਧਤ ਖੇਤਰ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਦੌਰੇ ਦੌਰਾਨ ਡਾ. ਦਰਪਣ ਆਹਲੂਵਾਲੀਆ ਨੇ ਲਾਕ-ਅੱਪ, ਹੈਲਪ ਡੈਸਕ, ਵਾਇਰਲੈੱਸ ਰੂਮ, ਮੁਨਸ਼ੀ ਰੂਮ, ਸੀ.ਸੀ.ਟੀ.ਐੱਨ.ਐੱਸ. ਰੂਮ, ਰਸੋਈ, ਦਫਤਰ ਐੱਸ.ਐੱਚ.ਓ. ਤੇ ਪਖਾਨੇ ਆਦਿ ਸਮੇਤ ਮੁੱਖ ਖੇਤਰਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ।ਉਨ੍ਹਾਂ ਪੁਲਸ ਕਰਮਚਾਰੀਆਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ। ਆਪਣੀ ਅਚਨਚੇਤ ਜਾਂਚ ਦੇ ਉਦੇਸ਼ ਬਾਰੇ ਦੱਸਦੇ ਹੋਏ ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਉਹ ਕਾਰਵਾਈਆਂ ਦਾ ਮੁਲਾਂਕਣ ਕਰਨ, ਕਮੀਆਂ ਨੂੰ ਦੂਰ ਕਰਨ ਤੇ ਜਨਤਕ ਸੇਵਾ ਪ੍ਰਤੀ ਵਚਨਬੱਧਤਾ ਨੂੰ ਮਜ਼ਬੂਤ ਕਰਨ ਲਈ ਨਿੱਜੀ ਤੌਰ 'ਤੇ ਪੁਲਸ ਥਾਣਿਆਂ ਦਾ ਦੌਰਾ ਕਰ ਰਹੀ ਹੈ।ਡਾ. ਆਹਲੂਵਾਲੀਆ ਨੇ ਪੁਸ਼ਟੀ ਕੀਤੀ ਕਿ ਅਜਿਹੇ ਨਿਰੀਖਣ ਪੁਲਸ ਜ਼ਿਲ੍ਹਾ ਖੰਨਾ ਭਰ ਵਿੱਚ ਕਾਨੂੰਨ ਲਾਗੂ ਕਰਨ ਤੇ ਜਨਤਕ ਭਲਾਈ ਦੇ ਉੱਚ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਜਾਰੀ ਰਹਿਣਗੇ।

## 'ਆਪ' ਦੀ ਰੈਲੀ 'ਚ ਵਿਸ਼ਾਲ ਇਕੱਠ ਨੇ ਇਤਿਹਾਸ ਸਿਰਜਿਆ : ਰਾਠੌਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਘੀ ਦੇ ਪਵਿੱਤਰ ਦਿਹਾੜੇ 'ਤੇ 'ਆਪ' ਸਰਕਾਰ ਵੱਲੋਂ ਕੀਤੀ ਗਈ ਰੈਲੀ ਦੌਰਾਨ ਹੋਏ ਵਿਸ਼ਾਲ ਇਕੱਠ ਨੇ ਇਤਿਹਾਸ ਸਿਰਜ ਦਿੱਤਾ ਹੈ ਤੇ ਲੋਕਾਂ ਨੇ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਲਗਾਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਆਗੂ ਤੇ ਸਰਪੰਚ ਭੁਪਿੰਦਰ ਸਿੰਘ ਰਾਠੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਨਾਲੋਂ ਸਭ ਤੋਂ ਵੱਡਾ ਇਕੱਠ 'ਆਪ' ਪਾਰਟੀ ਦੀ ਰੈਲੀ ਵਿੱਚ ਦੇਖਣ ਨੂੰ ਮਿਲਿਆ, ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਕੁਝ ਸਮੇਂ ਵਿੱਚ ਹੀ ਜੋ ਔਰਤਾਂ ਨੂੰ 1000 ਰੁਪਏ ਦੇਣ ਦਾ ਵਾਅਦਾ ਕੀਤਾ ਹੈ, ਉਸ ਨੂੰ ਜਲਦ ਪੂਰਾ ਕੀਤਾ ਜਾਵੇਗਾ। 'ਆਪ' ਆਗੂ ਭੁਪਿੰਦਰ ਸਿੰਘ ਰਾਠੌਰ ਨੇ ਕਿਹਾ ਕਿ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਸੈਂਕੜੇ ਵਰਕਰ ਇਸ ਰੈਲੀ 'ਚ ਸ਼ਾਮਲ ਹੋਏ ਤੇ ਇਸ ਨੂੰ ਕਾਮਯਾਬ ਬਣਾਇਆ।

# ਐਡਵੋਕੇਟ ਦਿਲਜੋਤ ਸ਼ਰਮਾ ਨੂੰ ਇਨਸਾਫ਼ ਦਿਵਾਉਣ ਲਈ ਧਰਨਾ 22 ਨੂੰ

**■ ਡੀ ਜੀ ਪੀ ਲੁਧਿਆਣਾ ਪੁਲਸ ਨੂੰ ਤੁਰੰਤ ਕੇਸ ਦਰਜ ਕਰਨ ਦੇ ਹੁਕਮ ਕਰਨ ਜਾਰੀ : ਆਗੂ**



**ਮਾਨਸਾ (ਆਤਮਾ ਸਿੰਘ ਪਮਾਰ)** ਮਾਨਸਾ ਜ਼ਿਲ੍ਹੇ ਦੇ ਪਿੰਡ ਰੱਲਾ ਦੀ ਜੰਮਪਲ ਐਡਵੋਕੇਟ ਦਿਲਜੋਤ ਸ਼ਰਮਾ ਦੀ ਲੁਧਿਆਣਾ ਵਿਖੇ ਹੋਈ ਮੌਤ ਦੇ ਮਾਮਲੇ ਨੂੰ ਲੈ ਕੇ ਮਾਨਸਾ ਜ਼ਿਲ੍ਹੇ ਦੀਆਂ ਮਜ਼ਦੂਰ, ਕਿਸਾਨ, ਵਿਦਿਆਰਥੀ ਤੇ ਹੋਰ ਜਨਤਕ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ ਵੱਲੋਂ ਦਿਲਜੋਤ ਸ਼ਰਮਾ ਦੀ ਲੁਧਿਆਣਾ ਵਿਖੇ ਲਲਕਾਰ ਜਥੇਬੰਦੀ ਦੇ ਦਫ਼ਤਰ 'ਚ 5 ਜਨਵਰੀ ਨੂੰ ਹੋਈ ਗੈਰ-ਕੁਦਰਤੀ ਮੌਤ ਬਾਰੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੀਜੀਪੀ ਪੰਜਾਬ ਤੋਂ ਮੰਗ ਕੀਤੀ ਕਿ ਉਹ ਇਸ ਮਾਮਲੇ ਵਿੱਚ ਲੁਧਿਆਣਾ ਪੁਲਸ ਨੂੰ ਹੁਕਮ ਜਾਰੀ ਕਰਨ ਕਿ ਉਹ ਤੁਰੰਤ ਕੇਸ ਦਰਜ ਕਰਕੇ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰੇ।

ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਕਾ. ਨਛੱਤਰ ਸਿੰਘ ਖੀਵਾ ਐਕਸ਼ਨ ਕਮੇਟੀ ਕੰਟਰੋਲ ਕਮਿਸ਼ਨ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਭੈਣੀਬਾਘਾ, ਮਜ਼ਦੂਰ ਮੁਕਤੀ ਮੋਰਚਾ (ਲਿਬਰੇਸ਼ਨ) ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਘਰਾਂਗਣਾ, ਗੁਰਸੇਵਕ ਮਾਨ, ਆਇਸਾ ਦੇ ਸੂਬਾ ਆਗੂ ਸੁਖਜੀਤ ਰਾਮਾਨੰਦੀ, ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਦੇ ਕੌਮੀ ਜਨਰਲ ਸਕੱਤਰ ਹਰਿੰਦਰ ਮਾਨਸ਼ਾਹੀਆ, ਸਰਬਜੀਤ ਕੌਸ਼ਲ, ਆਈ ਡੀ ਪੀ ਦੇ ਜਗਰਾਜ ਸਿੰਘ ਰੱਲਾ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਮਨਿੰਦਰ ਸਿੰਘ ਜਵਾਹਰਕੇ, ਲਿਬਰੇਸ਼ਨ ਦੇ ਸੂਬਾਈ ਆਗੂ ਸੁਖਦਰਸ਼ਨ ਨੱਤ, ਸੁਰਿੰਦਰਪਾਲ ਸ਼ਰਮਾ, ਪੰਜਾਬ ਕਿਸਾਨ ਯੂਨੀਅਨ ਦੇ ਸੁਖਚਰਨ ਦਾਨੇਵਾਲੀਆ, ਸੀ ਪੀ ਆਈ ਦੇ ਜ਼ਿਲ੍ਹਾ ਆਗੂ ਰਤਨ ਭੋਲਾ, ਮੁਸਾਫ਼ਰ ਲਹਿਰ ਦੇ ਉੱਘੇ ਆਗੂ ਕਾਮਰੇਡ ਧਰਮ ਸਿੰਘ ਫੱਕਰ ਦੇ ਪੋਤੇ ਬਲਵੰਤ ਸਿੰਘ ਫੱਕਰ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਚੱਕ ਭਾਈਕੇ, ਸ਼ਹੀਦ ਲਾਭ ਸਿੰਘ ਮਾਨਸਾ ਯਾਦਗਾਰ ਕਮੇਟੀ ਦੇ ਕਨਵੀਨਰ ਹਰਗਿਆਨ ਢਿੱਲੋਂ, ਪ੍ਰਗਤੀਸ਼ੀਲ ਇਸਤਰੀ ਸਭਾ (ਏਪਵਾ) ਦੇ ਆਗੂ ਬਲਵਿੰਦਰ ਕੌਰ ਬੈਰਾਗੀ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਗੁਰਪ੍ਰਨਾਮ ਦਾਸ, ਦਸ਼ਮੇਸ਼ ਅਕੈਡਮੀ ਮਾਨਸਾ ਦੇ ਹਰਜੀਵਨ ਸਿੰਘ ਸਰਾਂ, ਏਕਟੂ ਦੇ ਅੰਗਰੇਜ਼ ਸਿੰਘ ਘਰਾਂਗਣਾ, ਦਿਲਜੋਤ ਕੌਰ ਦੇ ਭਰਾ ਅਭਿਸ਼ੇਕ ਸ਼ਰਮਾ, ਮਾਮਾ ਕੌਰ ਸੈਨ ਤੇ ਗੁਰਜੰਟ ਸਿੰਘ ਹਾਜ਼ਰ ਸਨ।

ਵਿਚਾਰ ਵਟਾਂਦਰੇ ਉਪਰੰਤ ਫੈਸਲਾ ਕੀਤਾ ਕਿ 22 ਜਨਵਰੀ ਨੂੰ ਸਵੇਰੇ 11 ਵਜੇ ਜ਼ਿਲ੍ਹੇ ਦੀਆਂ ਸਮੂਹ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਮਾਨਸਾ ਜ਼ਿਲ੍ਹਾ ਕਚਹਿਰੀ ਵਿਖੇ ਦਿਲਜੋਤ ਕੌਰ ਦੀ ਗੈਰ-ਕੁਦਰਤੀ ਮੌਤ ਖ਼ਿਲਾਫ਼ ਹਾਲੇ ਤੱਕ ਐੱਫ ਆਈ ਆਰ ਤੱਕ ਦਰਜ ਨਾ ਕਰਨ ਖ਼ਿਲਾਫ਼ ਰੋਸ ਧਰਨਾ ਦਿੱਤਾ ਜਾਵੇ, ਜਿਸ ਦੌਰਾਨ ਐੱਸ ਐੱਸ ਪੀ ਮਾਨਸਾ ਰਾਹੀਂ ਡੀਜੀਪੀ ਪੰਜਾਬ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਜਾਵੇ ਕਿ ਭੇਦਭਰੀ ਹਾਲਤ ਵਿੱਚ ਹੋਈ ਐਡਵੋਕੇਟ ਦਿਲਜੋਤ ਕੌਰ ਦੀ ਮੌਤ ਸਬੰਧੀ ਕੇਸ ਤੁਰੰਤ ਦਰਜ ਕੀਤਾ ਜਾਵੇ, ਤਾਂ ਜੋ ਦੋਸ਼ੀਆਂ ਨੂੰ ਬਣਦੀ ਸਜ਼ਾ ਤੇ ਦੁਖੀ ਪਰਿਵਾਰ ਨੂੰ ਇਨਸਾਫ਼ ਮਿਲ ਸਕੇ।ਮੀਟਿੰਗ ਦੌਰਾਨ ਸਮੂਹ ਇਨਸਾਫ਼ ਪਸੰਦ ਲੋਕਾਂ ਤੇ ਮਾਨਸਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 18 ਜਨਵਰੀ ਨੂੰ ਐਡਵੋਕੇਟ ਦਿਲਜੋਤ ਸ਼ਰਮਾ ਦੇ ਭੋਗ ਮੌਕੇ ਗੁਰਦੁਆਰਾ ਸੰਗਤਸਰ ਸਾਹਿਬ ਰੱਲਾ ਵਿਖੇ ਵੀ ਜ਼ਰੂਰ ਪਹੁੰਚਣ, ਜਿੱਥੇ ਉਦੋਂ ਤੱਕ ਪੁਲਸ ਵੱਲੋਂ ਬਣਦੀ ਨਾ ਕੀਤੇ ਜਾਣ ਦੀ ਸੂਰਤ ਵਿੱਚ ਸਾਂਝੀ ਐਕਸ਼ਨ ਕਮੇਟੀ ਵੱਲੋਂ ਅਗਲੇ ਜਨਤਕ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

## ਫੈਕਟਰੀ ਕਾਮੇ ਦੀ ਸ਼ੱਕੀ ਹਾਲਤਾਂ 'ਚ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁਹਾੜਾ ਰੋਡ 'ਤੇ ਸਥਿਤ ਇੱਕ ਪ੍ਰਾਈਵੇਟ ਫੈਕਟਰੀ 'ਚ ਕੰਮ ਕਰਦੇ ਕਾਮੇ ਵਿਜੇ ਸਿੰਘ ਵਾਸੀ ਮੁਸਾਫ਼ਾ (ਯੂ.ਪੀ.) ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਜਾਣ ਦਾ



ਸਮਾਚਾਰ ਪ੍ਰਾਪਤ ਹੋਇਆ ਹੈ। ਫੈਕਟਰੀ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਜੇ ਸਿੰਘ ਦਿਨ ਸਮੇਂ ਆਪਣੀ ਡਿਊਟੀ ਪੂਰੀ ਕਰਕੇ ਫੈਕਟਰੀ ਵਿੱਚ ਬਣੇ ਕੁਆਰਟਰਾਂ ਵਿੱਚ ਜਾ ਕੇ ਸੌਂ ਗਿਆ। ਸਵੇਰ ਸਮੇਂ ਜਦੋਂ ਦੇਖਿਆ ਗਿਆ ਤਾਂ ਉਹ ਮ੍ਰਿਤਕ ਪਿਆ ਸੀ। ਪ੍ਰਬੰਧਕਾਂ ਵੱਲੋਂ ਤੁਰੰਤ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਗਿਆ, ਜਿਨ੍ਹਾਂ ਵੱਲੋਂ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਪੋਸਟ ਮਾਰਟਮ ਰਿਪੋਰਟ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਮੌਤ ਦੇ ਅਸਲ ਕਾਰਨ ਕੀ ਹਨ?

## 'ਆਪ' ਦੀਆਂ ਪੰਜਾਬੀ ਵਿਰੋਧੀ ਨੀਤੀਆਂ ਖਿਲਾਫ ਬੋਲਣਾ ਜਾਰੀ ਰੱਖਾਂਗੇ : ਸੁਖਬੀਰ ਬਾਦਲ



**ਤਖਤੂਪੁਰਾ (ਇਕਬਾਲ ਸਿੰਘ ਖਹਿਰਾ, ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਸਾਹਿਬਾਨ ਖਿਲਾਫ ਘਿਨੌਣਾ ਬੇਅਦਬੀ ਵਾਲਾ ਅਪਰਾਧ ਕੀਤਾ ਹੈ ਤੇ ਉਨ੍ਹਾਂ ਨੇ 'ਮਹਾਂ ਪੁਰਖਾਂ' ਨੂੰ ਅਪੀਲ ਕੀਤੀ ਕਿ ਉਹ ਇਸ ਦਾ ਨੋਟਿਸ ਲੈਣ।

ਇਥੇ ਮਾਘੀ ਮੇਲੇ 'ਤੇ ਤਖ਼ਤੂਪੁਰਾ ਵਿਖੇ ਵਿਸ਼ਾਲ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੈਂ ਇਕ ਵੀਡੀਓ ਵੇਖੀ ਹੈ, ਜਿਸ ਵਿੱਚ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠੇ ਵਿਅਕਤੀ ਵੱਲੋਂ ਕੀਤਾ ਵਿਹਾਰ ਹੈਰਾਨੀਜਨਕ ਹੈ।ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿੱਚ ਮਹਾਂਪੁਰਖਾਂ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬਲਜੀਤ ਸਿੰਘ ਦਾਦੂਵਾਲ ਤੇ ਧਿਆਨ ਸਿੰਘ ਮੰਡ ਵਰਗੇ, ਜਿਨ੍ਹਾਂ ਨੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਅਕਾਲੀ ਦਲ ਦੀ ਬਦਨਾਮੀ ਕੀਤੀ, ਉਹ ਦੱਸਣ ਕਿ ਇਸ ਮਾਮਲੇ 'ਤੇ ਉਹ ਚੁੱਪ ਕਿਉਂ ਹਨ? ਉਨ੍ਹਾਂ ਨਾਲ ਹੀ ਕਿਹਾ ਕਿ ਪੰਜਾਬ ਵਿੱਚ 2015 ਤੋਂ ਬਾਅਦ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸੂਬੇ ਵਿੱਚ 2014 'ਚ ਆਮ ਆਦਮੀ ਪਾਰਟੀ (ਆਪ) ਦੀ ਆਮਦ ਤੋਂ ਬਾਅਦ ਵਾਪਰੀਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦਾ ਮਕਸਦ ਸਿੱਖ ਕੌਮ ਨੂੰ ਵੰਡਣਾ ਤੇ ਅਕਾਲੀ ਦਲ ਨੂੰ ਬਦਨਾਮ ਕਰਨਾ ਸੀ।ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਆਪ ਸਰਕਾਰ ਮੈਨੂੰ ਝੂਠੇ ਕੇਸ ਵਿੱਚ ਫਸਾਉਣਾ ਚਾਹੁੰਦੀ ਹੈ, ਪਰ ਮੈਂ ਕਦੇ ਵੀ ਇਨ੍ਹਾਂ ਗਿੱਦੜ ਧਮਕੀਆਂ ਤੋਂ ਡਰਨ ਵਾਲਾ ਨਹੀਂ ਹਾਂ।

ਅਸੀਂ ਇਸ ਆਪ ਸਰਕਾਰ ਦੀਆਂ ਲੋਕ ਵਿਰੋਧੀ ਤੇ ਪੰਜਾਬੀ ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਕਰਦੇ ਰਹਾਂਗੇ।ਬਾਦਲ ਨੇ ਐਲਾਨ ਕੀਤਾ ਕਿ 2027 ਵਿੱਚ ਸੱਤਾ 'ਚ ਆਉਣ 'ਤੇ ਅਕਾਲੀ ਦਲ ਕਿਸਾਨ ਪੱਖੀ, ਗਰੀਬ ਪੱਖੀ ਤੇ ਨੌਜਵਾਨ ਪੱਖੀ ਨੀਤੀਆਂ ਲਾਗੂ ਕਰੇਗਾ।ਨੌਜਵਾਨਾਂ ਨੂੰ ਵਿਆਜ਼ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਵੇਗਾ।

ਇਸ ਮੌਕੇ ਸੀਨੀਅਰ ਆਗੂ ਸ੍ਰ. ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਹਿਲਾਂ ਹੀ ਮਨ ਬਣਾ ਲਿਆ ਹੈ ਕਿ ਉਹ 2027 ਵਿੱਚ ਅਕਾਲੀ ਦਲ ਨੂੰ ਸੱਤਾ ਵਿੱਚ ਲੈ ਕੇ ਆਉਣਗੇ, ਕਿਉਂਕਿ ਉਨ੍ਹਾਂ ਨੂੰ ਖੇਤਰੀ ਪਾਰਟੀ ਤੇ ਇਸ ਦੇ ਆਗੂ ਸ੍ਰ. ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਸੋਚ 'ਤੇ ਭਰੋਸਾ ਹੈ।ਇਸ ਮੌਕੇ ਸ੍ਰ. ਸਿਕੰਦਰ ਸਿੰਘ ਮਲੂਕਾ, ਸ੍ਰ. ਰਾਜਵਿੰਦਰ ਸਿੰਘ ਧਰਮਕੋਟ, ਸ੍ਰ. ਸਨੀ ਗਿੱਲ ਤੇ ਖਨਮੁੱਖ ਭਾਰਤੀ ਵੀ ਹਾਜ਼ਰ ਸਨ।

# ਸਰਕਾਰੀ ਸਕੂਲ ਜਵੱਦੀ ਕਲਾਂ 'ਚ ਤਰਕਸ਼ੀਲ ਸੁਸਾਇਟੀ ਦਾ ਕੈਲੰਡਰ ਤੇ ਮੈਗਜ਼ੀਨ ਰਿਲੀਜ਼



**ਲੁਧਿਆਣਾ (ਸਤੀਸ਼ ਸਚਦੇਵਾ)** ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਰਕਾਰੀ ਹਾਈ ਸਕੂਲ ਜਵੱਦੀ ਕਲਾਂ (ਲੁਧਿਆਣਾ) ਵਿਖੇ ਮੁੱਖ ਅਧਿਆਪਕਾ ਸ਼੍ਰੀਮਤੀ ਕਿਰਨ ਗੁਪਤਾ, ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਤਰਕਸ਼ੀਲ ਸੁਸਾਇਟੀ ਪੰਜਾਬ ਦਾ 2026 ਦਾ ਕੈਲੰਡਰ ਤੇ ਮੈਗਜ਼ੀਨ ਰਿਲੀਜ਼ ਕੀਤਾ ਗਿਆ। ਸਤੀਸ਼ ਸਚਦੇਵਾ ਸਾਬਕਾ ਸਟੇਟ ਮਾਸ ਮੀਡੀਆ ਐਜੂਕੇਸ਼ਨ ਤੇ ਇਨਫਰਮੇਸ਼ਨ ਅਫ਼ਸਰ ਨੇ ਬੋਲਦਿਆਂ ਦੱਸਿਆ ਕਿ ਸੰਸਥਾ 1983 ਵਿੱਚ ਹੋਂਦ ਵਿੱਚ ਆਈ ਹੈ, ਉਸ ਸਮੇਂ ਤੋਂ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਜਾਦੂ ਟੂਣਿਆਂ, ਤਾਂਤਰਿਕਾਂ ਦੁਆਰਾ ਲੋਕਾਂ ਦੀ ਲੁੱਟ ਘਸੁੱਟ, ਅਗਲੇ ਪਿਛਲੇ ਜਨਮਾਂ ਦਾ ਫਲ ਪ੍ਰਤੀ ਸੁਚੇਤ ਕਰਦੀ ਆਈ ਹੈ।ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਕਿ ਅੱਜ ਵੀ ਸਾਡੇ ਪੜ੍ਹੇ ਲਿਖੇ ਲੋਕ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਦੇ ਸ਼ਿਕਾਰ ਹਨ।ਸੁਸਾਇਟੀ ਨੇ 23 ਸ਼ਰਤਾਂ ਰੱਖੀਆਂ ਹਨ ਕੋਈ ਵੀ ਜੋਤਸ਼ੀ, ਸਿਆਣਾ, ਬਾਬਾ ਇੱਕ ਵੀ ਸਹੀ ਜਵਾਬ ਦੇ ਦੇਵੇ, ਸੁਸਾਇਟੀ ਉਸ ਨੂੰ 5 ਲੱਖ ਦਾ ਇਨਾਮ ਦੇਵੇਗੀ, ਪਰ ਅਜੇ ਤੱਕ 1983 ਤੋਂ ਅੱਜ ਤੱਕ ਕੋਈ ਵੀ ਇਨਾਮ ਜਿੱਤ ਨਹੀਂ ਸਕਿਆ, ਬਹੁਤੇ ਜ਼ਮਾਨਤ ਜਪਤ ਕਰਾ ਕੇ ਚਲਦੇ ਬਣੇ, ਸਾਨੂੰ ਤਰਕਸ਼ੀਲ ਸਾਹਿਤ ਪੜ੍ਹਨਾ ਹੋਵੇਗਾ, ਅਮਲਾਂ ਵਿੱਚ ਲਿਆਉਣਾ ਪਵੇਗਾ।ਜਮਹੂਰੀ ਅਧਿਕਾਰ ਸਭਾ ਦੇ ਆਗੂ ਸਵਰਨਜੀਤ ਸੰਗਰੂਰ ਨੇ ਦੇਸ਼, ਦੁਨੀਆਂ ਦੇ ਹਾਲਾਤ ਸੰਸਾਰ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਮੁੱਠੀ ਭਰ ਲੋਕਾਂ ਕੋਲ ਕੁੱਲ ਸਰਮਾਏ ਦਾ 70% ਇਕੱਠਾ ਹੋ ਜਾਣਾ, ਆਮ ਲੋਕਾਂ ਦੀ ਮੰਦੀ ਹਾਲਤ ਦਾ ਹੋਣਾ, ਸਿਸਟਮ ਦਾ ਦੋ ਧੜਿਆਂ 'ਚ ਵੰਡਿਆ ਹੋਣਾ, ਮਿਹਨਤਕਸ਼, ਕਿਰਤੀਆਂ ਦੀ ਜ਼ਿੰਦਗੀ ਦੁੱਭਰ ਕਰ ਰਿਹੈ। ਉਨ੍ਹਾਂ ਕਿਰਤੀਆਂ, ਮਿਹਨਤਕਸ਼ਾਂ, ਲੁੱਟੇ ਪੁੱਟੇ ਜਾਣ ਵਾਲੇ ਲੋਕਾਂ ਨੂੰ ਗਦਰੀ ਬਾਬਿਆਂ, ਗੁਰੂਆਂ ਦਾ ਡੂੰਘਾ ਅਧਿਐਨ ਕਰਕੇ ਜੋਟੀਆਂ ਪਾ ਕੇ ਪ੍ਰਬੰਧ ਨੂੰ ਬਦਲਣਾ ਹੋਵੇਗਾ, ਤਾਂ ਹੀ ਉਨ੍ਹਾਂ ਦਾ ਪੁੱਗਤ ਵਾਲਾ ਰਾਜ ਆਵੇਗਾ, ਜਿੱਥੇ ਹਰ ਇੱਕ ਦੀਆਂ ਜ਼ਰੂਰੀ ਲੋੜਾਂ, ਰੋਟੀ, ਕੱਪੜਾ, ਮਕਾਨ, ਰੁਜ਼ਗਾਰ, ਸਿਹਤ ਸਹੂਲਤਾਂ ਉਪਲਬਧ ਹੋਣਗੀਆਂ। ਸਮੇਂ ਦੀ ਘਾਟ ਕਾਰਨ ਅਨੋਖ ਸਿੰਘ, ਚਰਨਜੀਵ ਪ੍ਰਕਾਸ਼ ਤੋਂ ਮੁਆਫ਼ੀ ਮੰਗੀ ਗਈ।ਸਟੇਜ ਤੇ ਮੁੱਖ ਅਧਿਆਪਕਾ, ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਕੈਲੰਡਰ ਤੇ ਦੋ ਮਾਸਿਕ ਮੈਗਜ਼ੀਨ ਰਿਲੀਜ਼ ਕੀਤਾ ਗਿਆ। ਸਟੇਜ ਦੀ ਕਾਰਵਾਈ ਅਨਿਲ ਘਈ ਨੇ ਚਲਾਈ। ਸੁਖਜੀਤ ਸਿੰਘ, ਭਾਗ ਸਿੰਘ ਨੇ ਸਹਿਯੋਗ ਦਿੱਤਾ। ਅਖੀਰ ਵਿੱਚ ਸ੍ਰੀਮਤੀ ਕਿਰਨ ਗੁਪਤਾ ਮੁੱਖ ਅਧਿਆਪਕਾ ਨੇ ਸਭਨਾਂ ਦਾ ਧੰਨਵਾਦ ਕੀਤਾ।

# ਮੰਗਵਾਲ ਬਹੁਮੰਤਵੀ ਸਹਿਕਾਰੀ ਸਭਾ ਵੱਲੋਂ ਕੰਬਲ ਵੰਡ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਦੀ ਮੰਗਵਾਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾ ਵੱਲੋਂ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਸ. ਜਗਦੀਪ ਸਿੰਘ ਐਡਵੋਕੇਟ ਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਉੱਦਮ ਤੇ ਪ੍ਰੇਰਨਾ ਸਦਕਾ ਇਫਕੋ ਵੱਲੋਂ 80 ਦੇ ਕਰੀਬ ਲੋੜਵੰਦ ਵਿਅਕਤੀਆਂ ਨੂੰ ਕੰਬਲ ਵੰਡੇ ਗਏ।ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਕਰਨਵੀਰ ਸਿੰਘ ਰੰਧਾਵਾ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੰਗਰੂਰ ਸਨ।

ਪ੍ਰਧਾਨਗੀ ਸ੍ਰੀ ਦਿਨੇਸ਼ ਜਿੰਦਲ ਇੰਚਾਰਜ ਇਫਕੋ ਸੰਗਰੂਰ ਨੇ ਕੀਤੀ, ਜਦਕਿ ਸ਼੍ਰੀਮਤੀ ਸਪਿੰਦਰ ਕੌਰ ਇੰਸਪੈਕਟਰ ਸਹਿਕਾਰੀ ਸਭਾਵਾਂ ਵਿਸ਼ੇਸ਼ ਮਹਿਮਾਨ ਤੇ ਮਾਲਵਿੰਦਰ ਸਿੰਘ ਸੁਪਰਡੈਂਟ ਦਫਤਰ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੰਗਰੂਰ ਸਨਮਾਨਤ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ।ਸ੍ਰ. ਜਗਦੀਪ ਸਿੰਘ ਐਡਵੋਕੇਟ ਪ੍ਰਧਾਨ ਸਭਾ ਨੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਭਾ ਦੀ ਕਾਰਗੁਜ਼ਾਰੀ ਬਾਰੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਸਭਾ ਬੜੇ ਗੰਭੀਰ ਸੰਕਟਾਂ ਵਿੱਚੋਂ ਨਿੱਕਲ ਕੇ ਇਸ ਮੁਕਾਮ 'ਤੇ ਪਹੁੰਚੀ ਹੈ।ਉਨ੍ਹਾਂ ਆਪਣੀ ਸਮੁੱਚੀ ਟੀਮ ਦੇ ਸਹਿਯੋਗ ਦੀ ਪ੍ਰਸੰਸਾ ਕਰਦੇ ਹੋਏ ਇਫਕੋ ਦੇ ਅਧਿਕਾਰੀਆਂ ਤੇ ਸਾਹਿਕਾਰਤਾ ਵਿਭਾਗ ਦਾ ਧੰਨਵਾਦ ਕੀਤਾ।ਸ੍ਰ. ਗੋਬਿੰਦਰ ਸਿੰਘ ਨੇਤਾ ਭਾਰਤੀ ਕਿਸਾਨ ਯੂਨੀਅਨ ਨੇ ਵਿਭਾਗ, ਇਫਕੋ ਤੇ ਸਹਿਕਾਰੀ ਸਭਾ ਮੰਗਵਾਲ ਦੇ ਉੱਦਮ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਹ ਸਾਡੀ ਸਭਾ ਦੇ ਪ੍ਰਧਾਨ ਸ੍ਰ. ਜਗਦੀਪ ਸਿੰਘ ਐਡਵੋਕੇਟ ਦੀ ਸੁਚੱਜੀ ਦੇਖ-ਰੇਖ ਦੇ ਸਦਕਾ ਹੀ ਸਹਿਕਾਰੀ ਸਭਾ ਦੀ ਹੋਂਦ ਬਰਕਰਾਰ ਰਹਿ ਸਕੀ ਹੈ।ਸ੍ਰ. ਕਰਨਵੀਰ ਸਿੰਘ ਰੰਧਾਵਾ ਡਿਪਟੀ ਰਜਿਸਟਰਾਰ ਨੇ ਕਿਹਾ ਕਿ ਅੱਜ ਦਾ ਸਮਾਗਮ ਬੜਾ ਪ੍ਰਭਾਵਸ਼ਾਲੀ ਹੈ।ਮਹਿਕਮੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਸਭਾ ਨੂੰ ਸੰਕਟ ਵਿੱਚੋਂ ਕੱਢਿਆ ਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਸਭਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

ਇਸ ਸਮਾਗਮ ਵਿੱਚ ਜਗਰਾਜ ਸਿੰਘ ਮੀਤ ਪ੍ਰਧਾਨ, ਅੰਗਰੇਜ ਸਿੰਘ, ਅਵਤਾਰ ਸਿੰਘ, ਗੁਰਮੀਤ ਸਿੰਘ, ਜਰਨੈਲ ਸਿੰਘ, ਜਸਪਾਲ ਸਿੰਘ, ਸ੍ਰੀਮਤੀ ਸੁਨੀਤਾ ਸਾਰੇ ਕਮੇਟੀ ਮੈਂਬਰਾਨ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।ਸਭਾ ਦੇ ਮੀਤ ਪ੍ਰਧਾਨ ਜਗਰਾਜ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸਭਾ ਦੇ ਸਕੱਤਰ ਸੰਦੀਪ ਸਿੰਘ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ।

## ਪਲੇਸਮੈਂਟ ਕੈਂਪ 19 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 19 ਜਨਵਰੀ ਸੋਮਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਦਿਲਬਾਗ ਸਿੰਘ ਨੇ ਦਿੱਤੀ।ਉਨ੍ਹਾਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਇਲਾਇਟ ਇੰਪ. ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਰੀਕਰੂਟਮੈਂਟ ਐਸੋਸੀਏਟ ਦੀਆਂ 10 ਅਸਾਮੀਆਂ ਲਈ ਕੇਵਲ ਲੜਕੀਆਂ ਦੀ ਇੰਟਰਵਿਊ ਕੀਤੀ ਜਾਣੀ ਹੈ।ਇੰਟਰਵਿਊ ਲਈ ਵਿੱਦਿਅਕ ਯੋਗਤਾ 12ਵੀਂ ਪਾਸ, ਉਮਰ 18 ਤੋਂ 30 ਸਾਲ ਤੇ ਪ੍ਰਾਰਥੀ ਨੂੰ ਹਿੰਦੀ ਭਾਸ਼ਾ ਪੜ੍ਹਨੀ/ਲਿਖਣੀ ਆਉਣੀ ਲਾਜ਼ਮੀ ਹੈ।ਪਲੇਸਮੈਂਟ ਅਫ਼ਸਰ ਦਲਜੀਤ ਸਿੰਘ ਬਰਾੜ ਨੇ ਦੱਸਿਆ ਗਿਆ ਕਿ ਕੈਂਪ ਵਿੱਚ ਭਾਗ ਲੈਣ ਸਮੇਂ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ਼, 2 ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਜ਼ਰੂਰ ਨਾਲ ਲੈ ਕੇ ਆਉਣ (ਅਸਲ+ਫੋਟੋ ਕਾਪੀ)।ਉਨ੍ਹਾਂ ਦੱਸਿਆ ਕਿ ਪ੍ਰਾਰਥੀ ਵਿਭਾਗ ਵੱਲੋਂ ਮੁਹੱਈਆ ਕਰਵਾਈ ਜਾਂਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਦਫਤਰ ਦੇ ਵੈਟਸਐਪ ਨੰਬਰ 98885-62317 'ਤੇ ਆਪਣੇ ਵੇਰਵੇ ਭੇਜ ਕੇ ਗਰੁੱਪ ਜੁਆਇਨ ਕਰਨ ਤਾਂ ਜੋ ਪ੍ਰਾਰਥੀਆਂ ਨੂੰ ਦਫ਼ਤਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪ/ਰੋਜ਼ਗਾਰ ਮੇਲੇ ਤੇ ਹੋਰ ਪ੍ਰੋਗਰਾਮ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ।

## ਪ੍ਰਮੁੱਖ ਸਾਹਿਤਕ ਹਸਤੀਆਂ ਨੇ ਕੀਤਾ ਰੇਣੂ ਪਰਵਾਰ ਨਾਲ ਦੁੱਖ ਸਾਂਝਾ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੇ ਸਾਹਿਤਕ ਤੇ ਸਮਾਜਿਕ ਖੇਤਰ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਤੇ ਪ੍ਰੈਸ ਦੇ ਹਰਿਆਣਾ ਰਾਜ ਇਕਾਈ ਦੇ ਵਿੱਤ ਸਕੱਤਰ ਸੁਰਜੀਤ ਸਿੰਘ ਰੇਣੂ ਦੇ ਬੇਵਕਤੀ ਦੇਹਾਂਤ 'ਤੇ ਸਿਰਸਾ ਖੇਤਰ ਦੀਆਂ ਸਾਹਿਤਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਸ਼ੋਕਗ੍ਰਸਤ ਪਰਿਵਾਰ ਨਾਲ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਉੱਪ-ਪ੍ਰਧਾਨ ਡਾ. ਹਰਵਿੰਦਰ ਸਿੰਘ ਸਿਰਸਾ ਦਾ ਕਹਿਣਾ ਸੀ ਕਿ ਸੁਰਜੀਤ ਸਿੰਘ ਰੇਣੂ, ਹਰਿਆਣਾ ਦੇ ਪ੍ਰਗਤੀਸ਼ੀਲ ਪੰਜਾਬੀ ਕਵੀ ਸਵਰਗੀ ਹਰਭਜਨ ਸਿੰਘ ਰੇਣੂ ਦੇ ਛੋਟੇ ਸਪੁੱਤਰ ਸਨ ਅਤੇ ਪ੍ਰੈਸ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਹੋਣ ਦੇ ਨਾਲ ਨਾਲ ਉਹ ਸਾਹਿਤਕ, ਸਮਾਜਿਕ ਤੇ ਸੰਗਠਨਾਤਮਕ ਸਰੋਕਾਰਾਂ ਨੂੰ ਸਮਰਪਤ ਮਿਹਨਤੀ ਕਾਰਕੁਨ ਸਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਸਵੇਰ ਸਮੇਂ ਦਿਲ ਦਾ ਦੌਰਾ ਪੈਣ ਕਾਰਨ ਉਹ ਸਦੀਵੀ ਵਿਛੋੜਾ ਦੇ ਗਏ। ਸੁਰਜੀਤ ਸਿੰਘ ਰੇਣੂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਪ੍ਰੈਸ ਦੇ ਕੌਮੀ ਪ੍ਰਧਾਨ ਪੀ. ਲਕਸ਼ਮੀ ਨਾਰਾਇਣ, ਕਾਰਜਕਾਰੀ ਪ੍ਰਧਾਨ ਵਿਭੂਤੀ ਨਾਰਾਇਣ ਰਾਏ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰੈਸ ਦੇ ਕੌਮੀ ਕਾਰਜਕਾਰਨੀ ਬੋਰਡ ਦੇ ਮੈਂਬਰ ਕਾ. ਸਵਰਨ ਸਿੰਘ ਵਿਰਕ, ਰਾਸ਼ਟਰੀ ਕਾਰਜਕਾਰੀ ਬੋਰਡ ਮੈਂਬਰ, ਪ੍ਰੈਸ ਹਰਿਆਣਾ ਦੇ ਜਨਰਲ ਸਕੱਤਰ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਉਪ ਪ੍ਰਧਾਨ ਡਾ. ਹਰਵਿੰਦਰ ਸਿੰਘ ਸਿਰਸਾ, ਪ੍ਰੋ. ਹਰਭਗਵਾਨ ਚਾਵਲਾ, ਹਰਜੀਤ ਸਿੰਘ ਸਿਰਸੀ, ਪ੍ਰੈਸ ਸਿਰਸਾ ਦੇ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਸਿੰਧਰਾ, ਡਾ. ਸ਼ੇਰ ਚੰਦ, ਸੰਵਾਦ ਸਿਰਸਾ ਦੇ ਕਨਵੀਨਰ ਪਰਮਾਨੰਦ ਸ਼ਾਸਤਰੀ, ਗੁਰਸ਼ਾਮੀ ਸਾਹਿਤ ਅਕਾਦਮੀ ਦੇ ਪ੍ਰਧਾਨ ਕਾ. ਸੁਰਿੰਦਰ ਪਾਲ ਸਿੰਘ ਤੇ ਪੰਜਾਬੀ ਸਹਿਤ ਸਭਾ ਦੇ ਪ੍ਰਧਾਨ ਭੂਪਿੰਦਰ ਪੰਨੀਵਾਲੀਆ ਨੇ ਕਿਹਾ ਕਿ ਸੁਰਜੀਤ ਸਿੰਘ ਰੇਣੂ ਨੂੰ ਪ੍ਰਗਤੀਸ਼ੀਲ ਸਾਹਿਤਕ, ਸਮਾਜਿਕ ਤੇ ਸੰਗਠਨਾਤਮਕ ਖੇਤਰਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਪੈਰਾਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਵੱਲੋਂ ਕੈਲੰਡਰ ਜਾਰੀ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪੈਰਾਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਸਰਕਾਰਾਂ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ ਇਸ ਸਾਲ ਦੇ ਵੱਖ-ਵੱਖ ਸਮੇਂ ਦੌਰਾਨ ਐਕਟੀਵਿਟੀਆਂ ਤੇ ਪ੍ਰਾਪਤੀਆਂ ਨੂੰ ਮੁੱਖ ਧਿਆਨ ਰੱਖਦੇ ਹੋਏ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਤ ਸਾਲ 2026 ਦਾ ਕੈਲੰਡਰ ਪ੍ਰਧਾਨ ਸੁਧੀਰ ਅਲਗਜੈਂਡਰ, ਜਸਵਿੰਦਰ ਸਿੰਘ ਕੰਡਾ ਜਨਰਲ ਸਕੱਤਰ ਤੇ ਡਾਕਟਰ ਜਤਿੰਦਰ ਕੋਛੜ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਰਿਲੀਜ਼ ਕੀਤਾ ਗਿਆ।ਇਸ ਵਿਚ ਨਰਿੰਦਰ ਸ਼ਰਮਾ ਮੀਤ ਪ੍ਰਧਾਨ ਪੰਜਾਬ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮੁਲਾਜ਼ਮਾਂ ਦੀਆਂ ਹਰ ਸਮੇਂ ਸਮੇਂ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਾਉਣ ਲਈ ਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਾਉਣ ਲਈ ਪੁਰਾਣੀ ਪੈਨਸ਼ਨ ਬਹਾਲ ਕਰਾਉਣ ਲਈ ਅਤੇ ਮੁਲਾਜ਼ਮਾਂ ਦੀਆਂ ਭੱਖਦੀਆਂ ਮੰਗਾਂ ਨੂੰ ਮਨਵਾਉਣ ਲਈ ਜਥੇਬੰਦੀ ਨੇ ਹਰ ਸਮੇਂ ਅੱਗੇ ਲੱਗ ਕੇ ਮੋਹਰੀ ਰੋਲ ਨਿਭਾਇਆ ਹੈ, ਜਿਸ ਦੀ ਤਸਵੀਰ ਇਸ ਕੈਲੰਡਰ ਵਿੱਚ ਬਾਖੂਬ ਨਜ਼ਰ ਆ ਰਹੀ।ਉਨ੍ਹਾਂ ਦੱਸਿਆ ਕਿ ਜਥੇਬੰਦੀ ਦੀਆਂ ਸਾਰੀਆਂ ਗਤੀਵਿਧੀਆਂ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੀ ਜਥੇਬੰਦੀ ਅਹਿਮ ਭੂਮਿਕਾ ਨਿਭਾਅ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਵਿੱਚ ਸਾਰੇ ਹੀ ਕੇਡਰ ਉਨ੍ਹਾਂ ਨਾਲ ਮਿਲ ਕੇ ਚੱਲ ਰਹੇ ਹਨ।ਇਸ ਵਿੱਚ ਹੋਰਨਾਂ ਤੋਂ ਇਲਾਵਾ ਫੈਡਰੇਸ਼ਨ ਦੇ ਪ੍ਰਧਾਨ ਰਾਮ ਪ੍ਰਸਾਦ, ਸੀਨੀਅਰ ਆਗੂ ਕੌਰ ਜੀ ਸਿੰਘ, ਪੈਰਾਮੈਡੀਕਲ ਆਗੂ ਨਰਿੰਦਰ ਸਿੰਘ, ਪ੍ਰੀਤ ਮਖੀਜਾ, ਕਰਮਜੀਤ ਸਿੰਘ, ਭਾਰਤ ਭੂਸ਼ਣ, ਜਤਿੰਦਰ ਸ਼ਰਮਾ, ਮਲਕੀਤ ਸਿੰਘ, ਸਤਨਾਮ ਸਿੰਘ, ਗੁਰਦੇਵ ਸਿੰਘ, ਨਛੱਤਰ ਸਿੰਘ, ਰੋਬਿਨ, ਡਾਕਟਰ ਨਿਖਿਲ ਗੁਪਤਾ ਸੀਨੀਅਰ ਮੈਡੀਕਲ ਅਫਸਰ ਫਿਰੋਜ਼ਪੁਰ, ਡਾਕਟਰ ਦੀਕਸ਼ਿਤ, ਡਾਕਟਰ ਰਿਸ਼ਭ, ਆਸ਼ਾ ਆਸ਼ ਵਰਕਰ ਯੂਨੀਅਨ ਦੇ ਆਗੂ ਕੈਂਡੀ ਬਲਜੀਤ ਕੌਰ, ਇੰਦੂ ਬਿਮਲਾ ਆਦਿ ਇਸ ਕੈਲੰਡਰ ਨੂੰ ਰਿਲੀਜ਼ ਕਰਨ ਸਮੇਂ ਹਾਜ਼ਰ ਸਨ।

## ਚੀਮਾ ਮੰਡੀ ਵਿਖੇ 101 ਧੀਆਂ ਦੀ ਲੋਹੜੀ ਮਨਾਈ




**ਚੀਮਾ ਮੰਡੀ (ਰਵਿੰਦਰ ਚੀਮਾ)**-ਸਥਾਨਕ ਕਮਿਊਨਿਟੀ ਸੈਂਟਰ ਵਿਖੇ ਫਤਿਹ ਸਪੋਰਟਸ ਤੇ ਵੈੱਲਫੇਅਰ ਕਲੱਬ ਵੱਲੋਂ 101 ਧੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਮੂੰਗਫਲੀਆਂ ਤੇ ਮਠਿਆਈਆਂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਨਵ-ਜੰਮੀਆ ਧੀਆਂ ਨੂੰ ਟਰਾਈ ਸਾਈਕਲ ਤੇ ਮਠਿਆਈ ਦਾ ਡੱਬਾ ਦੇ ਕੇ ਧੀਆਂ ਦਾ ਮਾਣ ਸਨਮਾਨ ਕੀਤਾ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਗਿਆਨ ਸਿੰਘ ਮਾਨ, ਜੋ ਕਿ ਮੁੱਖ ਮੰਤਰੀ ਦੇ ਚਾਚੇ ਦੇ ਭਰਾ ਹਨ, ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਬੋਲਦਿਆਂ ਕਿਹਾ ਕਿ ਕਲੱਬ ਨੇ ਬਹੁਤ ਹੀ ਸੋਹਣਾ ਉਪਰਾਲਾ ਕੀਤਾ ਹੈ, ਕਿਉਂਕਿ ਅੱਜਕੱਲ੍ਹ ਧੀਆਂ ਤੇ ਪੁੱਤਾਂ ਵਿੱਚ ਬਹੁਤਾ ਫਰਕ ਨਹੀਂ ਸਮਝਣਾ ਚਾਹੀਦਾ, ਕਿਉਂਕਿ ਧੀਆਂ ਵੀ ਅੱਜਕੱਲ੍ਹ ਪੁੱਤਾਂ ਦੇ ਬਰਾਬਰ ਹੀ ਕੰਮ ਕਰਦੀਆਂ ਹਨ ਤੇ ਹਰ ਖੇਤਰ ਵਿੱਚ ਧੀਆਂ ਮੱਲਾਂ ਮਾਰ ਰਹੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਸਿੱਧੂ, ਗੁਰਪ੍ਰੀਤ ਸਿੰਘ, ਮਹਿੰਦਰ ਪਾਲ ਬਾਂਸਲ, ਪੈਟਰੋਲ ਪੰਪ ਵਾਲੇ ਰਜਿੰਦਰ ਕੁਮਾਰ ਲੀਲੂ, ਡਾਕਟਰ ਭੀਮ ਸਿੰਘ ਭੂਕਲ, ਰਾਹੁਲ ਕੁਮਾਰ, ਕਲੱਬ ਪ੍ਰਧਾਨ ਬਿੰਦਰ ਸਿੰਘ ਸਮਾਓ, ਗੁਲਸ਼ਨ ਕੁਮਾਰ ਬੌਬੀ, ਡਾਕਟਰ ਕੁਲਦੀਪ ਸਿੰਘ, ਦਰਸ਼ਨ ਸਿੰਘ, ਗੁਰਧਿਆਨ ਸਿੰਘ ਜਾਨੂ ਭੈਣੀ ਵਾਲਾ, ਅਮਰੀਕ ਸਿੰਘ, ਪ੍ਰਿੰਸ ਲਵੀ, ਸੋਨੀ ਚੀਮਾ ਤੇ ਜੱਸੀ ਚੀਮਾ ਹਾਜ਼ਰ ਸਨ।

## 21-22 ਨੂੰ ਉਤਾਰਾਂਗੇ ਸਮਾਰਟ ਮੀਟਰ : ਹਰੀਗੜ੍ਹ



**ਲਹਿਰਾਗਾਗਾ (ਰੀਤਵਾਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਲਹਿਰਾ ਦੀ ਮੀਟਿੰਗ ਬਲਾਕ ਪ੍ਰਧਾਨ ਮੱਖਣ ਸਿੰਘ ਪਾਪੜਾ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸਾਰੀਆਂ ਪਿੰਡ ਇਕਾਈਆਂ ਨੇ ਭਾਗ ਲਿਆ।ਇਸ ਵਿੱਚ ਸੂਬਾ ਆਗੂ ਦਿਲਬਾਗ ਸਿੰਘ ਹਰੀਗੜ੍ਹ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਸਮੇਂ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਕਿਸਾਨ ਮਜ਼ਦੂਰਾਂ ਦੇ ਸੱਦੇ 'ਤੇ 21-22 ਜਨਵਰੀ ਨੂੰ ਪਿੰਡਾਂ ਵਿੱਚ ਲੱਗੇ ਸਮਾਰਟ ਮੀਟਰ ਉਤਾਰੇ ਜਾਣਗੇ।ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੇ ਬਿਲ ਕਿਸਾਨ ਮਜ਼ਦੂਰ ਵਿਰੋਧੀ ਹਨ।ਬਿਜਲੀ ਐਕਟ 2025, ਬੀਜ ਬਿਲ 2025 ਤੇ ਮਨਰੇਗਾ ਦੇ ਨਾਂ 'ਤੇ ਸੁਧਾਰਾਂ ਹੇਠ ਮਜ਼ਦੂਰਾਂ ਕੋਲੋਂ ਰੁਜ਼ਗਾਰ ਖੋਹਣ ਵਾਲੇ ਬਿਲਾਂ ਉੱਪਰ ਚੁੱਪ ਧਾਰੀ ਬੈਠੀ ਹੈ।ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪ ਇਹ ਸਾਬਿਤ ਕਰਦੀ ਹੈ ਕਿ ਆਪ ਸਰਕਾਰ ਬੀਜੇਪੀ ਨਾਲ ਘਿਓ ਖਿੱਚੜੀ ਹੈ, ਇਸੇ ਕਾਰਨ ਆਪ ਸਰਕਾਰ ਲੋਕ ਵਿਰੋਧੀ ਫੈਸਲੀਆਂ ਨੂੰ ਕਦਮ ਦਰ ਕਦਮ ਅੱਗੇ ਵੱਧ ਰਹੀ ਹੈ।ਆਗੂਆਂ ਨੇ ਸਮੂਹ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਦੇ ਕਦਮਾਂ ਨੂੰ ਪੁੱਠਾ ਗੇੜਾ ਦੇਣ ਲਈ ਪੰਜ ਫਰਵਰੀ ਨੂੰ ਮੰਤਰੀਆਂ ਦੇ ਘਰਾਂ ਮੂਹਰੇ ਧਰਨੇ ਦਿੱਤੇ ਜਾਣਗੇ ਤੇ 21-22 ਜਨਵਰੀ ਨੂੰ ਲੋਕਾਂ ਦੇ ਘਰਾਂ ਵਿੱਚ ਲੱਗੇ ਸਮਾਰਟ ਮੀਟਰ ਉਤਾਰ ਕੇ ਬਿਜਲੀ ਦਫਤਰਾਂ ਵਿੱਚ ਜਮ੍ਹਾਂ ਕਰਵਾਏ ਜਾਣਗੇ।ਇਸ ਸਮੇਂ ਮੀਟਿੰਗ ਵਿਚ ਬਲਾਕ ਆਗੂ ਬਲਜੀਤ ਗੋਬਿੰਦਗੜ੍ਹ, ਲੀਲਾ ਸਿੰਘ ਚੋਟੀਆਂ, ਬੱਬੂ ਮੂਣਕ, ਕਾਲੂ ਸਿੰਘ ਚੂਲੜ, ਟੋਨੀ ਸਿੰਘ ਪਿਸ਼ੌਰ ਤੋਂ ਇਲਾਵਾ ਸਾਰੀਆਂ ਪਿੰਡ ਇਕਾਈਆਂ ਦੇ ਪ੍ਰਧਾਨ ਤੇ ਜਰਨਲ ਸੈਕਟਰੀ ਹਾਜ਼ਰ ਸਨ।

## ਕੌਂਸਲਰ ਰੋਜ਼ੀ ਨਾਗਪਾਲ ਦੀ ਅਗਵਾਈ 'ਚ ਨਸ਼ਿਆਂ ਖਿਲਾਫ ਜਾਗਰੂਕਤਾ ਰੈਲੀ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਾਰਡ ਨੰਬਰ 23 ਵਿਖੇ ਕੌਂਸਲਰ ਰੋਜ਼ੀ ਨਾਗਪਾਲ ਤੇ ਉਨ੍ਹਾਂ ਦੇ ਪਤੀ ਸਮਾਜ ਸੇਵੀ ਦੀਪਕ ਨਾਗਪਾਲ ਦੀ ਅਗਵਾਈ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਦੇ ਦੂਜੇ ਪੜਾਅ ਦੀ ਸ਼ੁਰੂਆਤ ਤਹਿਤ ਨਸ਼ਿਆਂ ਖਿਲਾਫ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਜਾਗਰੂਕਤਾ ਰੈਲੀ ਕੱਢੀ ਗਈ।ਇਸ ਮੌਕੇ ਕੌਂਸਲਰ ਰੋਜ਼ੀ ਨਾਗਪਾਲ ਤੇ ਉਨ੍ਹਾਂ ਦੇ ਪਤੀ ਦੀਪਕ ਨਾਗਪਾਲ ਨੇ ਵਾਰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਰੈਲੀ ਦਾ ਮੁੱਖ ਉਦੇਸ਼ ਨਸ਼ਿਆਂ ਦੇ ਵਧਦੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਸਚੇਤ ਕਰਨਾ ਤੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਸਾਂਝੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਨਾ ਹੈ।ਉਨ੍ਹਾਂ ਸ਼ਹਿਰ ਤੇ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਨਾਲ ਸੰਬੰਧਤ ਕਿਸੇ ਵੀ ਗਤੀਵਿਧੀ ਬਾਰੇ ਤੁਰੰਤ ਸੂਚਨਾ ਦਿੱਤੀ ਜਾਵੇ ਤੇ ਆਪਣੇ ਆਲੇ-ਦੁਆਲੇ ਦੇ ਨੌਜਵਾਨਾਂ ਨੂੰ ਸਹੀ ਰਾਹ ਦਿਖਾਇਆ ਜਾਵੇ।ਇਸ ਮੌਕੇ ਹਲਕਾ ਯੁੱਧ ਨਸ਼ਿਆਂ ਵਿਰੁੱਧ ਕੋਆਰਡੀਨੇਟਰ ਭੂਪਿੰਦਰ ਸਿੰਘ ਕਲਰਮਾਜਰੀ ਨੇ ਦੱਸਿਆ ਕਿ ਨਸ਼ੇ ਸਿਰਫ਼ ਇਕ ਵਿਅਕਤੀ ਨੂੰ ਹੀ ਨਹੀਂ, ਸਗੋਂ ਪੂਰੇ ਪਰਿਵਾਰ ਤੇ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੇ ਹਨ।ਰੈਲੀ ਦੇ ਅੰਤ ਵਿੱਚ ਵਾਰਡ ਵਾਸੀਆਂ ਨੇ ਇੱਕਜੁੱਟ ਹੋ ਕੇ ਇਹ ਸੰਕਲਪ ਲਿਆ ਕਿ ਨਸ਼ਿਆਂ ਖਿਲਾਫ ਜਾਗਰੂਕਤਾ ਫੈਲਾਉਣ ਵਿੱਚ ਆਪਣੀ ਭੂਮਿਕਾ ਨਿਭਾਈ ਜਾਵੇਗੀ ਤੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਰੈਲੀ ਵਿੱਚ ਸ਼ੀਸ਼ੂ ਨਿਕੇਤਨ ਸਕੂਲ ਦੁੱਲਦੀ ਗੇਟ ਦੇ ਬੱਚਿਆਂ ਵੱਲੋਂ ਭਾਗ ਲਿਆ ਗਿਆ।ਇਸ ਮੌਕੇ ਸੰਜੇ ਮੱਗੋ, ਕੌਂਸਲਰ ਕ੍ਰਿਸ਼ਨ ਕੁਮਾਰ, ਅਮਰੀਕ ਸਿੰਘ, ਭੂਪਿੰਦਰ ਨਾਗਪਾਲ, ਬਾਬੂ ਸਿੰਘ, ਹਰਨੈਲ ਸਿੰਘ, ਨਰਿੰਦਰ ਸ਼ਰਮਾ, ਜਸਵੀਰ ਸਿੰਘ ਲਾਲਕਾ, ਹੈਪੀ ਲਾਲਕਾ, ਪ੍ਰਕਾਸ਼ ਸਿੰਘ, ਨਰਿੰਦਰ ਚੌਹਾਨ, ਕੁਲਦੀਪ ਸਿੰਘ, ਮਲਕੀਤ ਲਾਲਕਾ, ਅਸ਼ੋਕ ਸਾਧਨਾਂ, ਪ੍ਰਿੰਸ ਸ਼ਰਮਾ, ਹਰਬੰਸ ਲਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਹਾਜ਼ਰ ਸਨ।

# ਹਿੰਦੂਤਵ ਸੋਚ ਵਾਲੇ ਲੋਕ ਸਿੱਖ ਤੇ ਘੱਟ ਗਿਣਤੀ ਕੌਮਾਂ ਵਿਰੁੱਧ ਸਾਜ਼ਿਸ਼ਾਂ ਰਚ ਰਹੇ : ਮਾਨ



**ਤਖਤੂਪੁਰਾ (ਇਕਬਾਲ ਸਿੰਘ ਖਹਿਰਾ, ਲਵਲੀ ਕੁਮਾਰ)**-ਅਸੀਂ ਸਿੱਖ ਕੌਮ ਦੀਆਂ ਤਿੰਨ ਪਾਤਸ਼ਾਹੀਆਂ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਹਰਗੋਬਿੰਦ ਸਾਹਿਬ ਜੀ ਤੇ ਦਸਵੇਂ ਪਿਤਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਤਖਤੂਪੁਰਾ ਦੇ ਅਸਥਾਨ ਨੂੰ ਨਤਮਸਤਕ ਹੁੰਦੇ ਹੋਏ ਉਨ੍ਹਾ ਵੱਲੋਂ ਮਨੁੱਖਤਾ ਦੀ ਬਿਹਤਰੀ ਲਈ ਕੀਤੀਆਂ ਗਈਆਂ ਘਾਲਣਾਵਾਂ ਅੱਗੇ ਸਤਿਕਾਰ ਸਹਿਤ ਸੀਸ ਝੁਕਾਉਂਦੇ ਹਾਂ।ਉੱਥੇ ਇਸ ਮਹਾਨ ਅਸਥਾਨ ਦੇ ਜ਼ਰ੍ਹੇ ਜ਼ਰ੍ਹੇ ਵਿੱਚੋਂ ਸਾਨੂੰ ਅਡੋਲ ਚਿੱਤ ਰਹਿੰਦੇ ਹੋਏ ਮੀਰੀ-ਪੀਰੀ ਦੇ ਮਹਾਨ ਸਿਧਾਂਤ ਉੱਤੇ ਪਹਿਰਾ ਦੇਣ ਤੇ ਕਿਸੇ ਤਰ੍ਹਾਂ ਦੀ ਵੀ ਬੇਇਨਸਾਫੀ, ਜਬਰ ਜ਼ੁਲਮ ਅੱਗੇ ਈਨ ਨਾ ਮੰਨਣ ਅਤੇ ਇਨ੍ਹਾਂ ਬੁਰਾਈਆਂ ਵਿਰੁੱਧ ਦ੍ਰਿੜ੍ਹਤਾ ਨਾਲ ਆਵਾਜ਼ ਬੁਲੰਦ ਕਰਨ ਦੀ ਇਹ ਪਵਿੱਤਰ ਧਰਤੀ ਅਗਵਾਈ ਕਰਦੀ ਹੈ।ਬੇਸ਼ੱਕ ਗੁਰੂ ਸਾਹਿਬ ਦੇ ਸਮੇਂ ਤੇ ਅਜੋਕੇ ਸਮੇਂ ਵਿੱਚ ਦੁਨਿਆਵੀ ਤੌਰ 'ਤੇ ਅੱਜ ਵੱਡੀ ਤਬਦੀਲੀ ਆ ਚੁੱਕੀ ਹੈ, ਪਰ ਉਸ ਸਮੇਂ ਅਤੇ ਅਜੋਕੇ ਸਮੇਂ ਦੇ ਹੁਕਮਰਾਨਾਂ ਵੱਲੋਂ ਲੋਕਾਈ ਉੱਤੇ ਕੀਤੇ ਜਾਣ ਵਾਲੇ ਜਬਰ ਜ਼ੁਲਮਾਂ ਵਿੱਚ ਅੱਜ ਵੀ ਕੋਈ ਫਰਕ ਨਹੀਂ।ਅੱਜ ਇੰਡੀਆ ਵਿੱਚ ਘੱਟ ਗਿਣਤੀ ਕੌਮਾਂ ਮੁਸਲਿਮ, ਇਸਾਈ, ਸਿੱਖ ਤੇ ਰੰਘਰੇਟੇ ਸਿੱਖਾਂ 'ਤੇ ਹੁਕਮਰਾਨ ਹਰ ਖੇਤਰ ਵਿੱਚ ਜਬਰ ਜ਼ੁਲਮ ਕਰ ਰਿਹਾ ਹੈ।ਹਿੰਦੂਤਵ ਸੋਚ ਵਾਲੇ ਲੋਕ ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਵਿਰੁੱਧ ਸਾਜ਼ਿਸ਼ਾਂ ਰਚ ਰਹੇ ਹਨ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਖਤੂਪੁਰੇ ਦੇ ਇਤਿਹਾਸਕ ਇਕੱਠ ਵਿੱਚ ਆਪਣੀ ਤਕਰੀਰ ਦੌਰਾਨ ਪ੍ਰਗਟ ਕੀਤੇ।ਉਨ੍ਹਾ ਕਿਹਾ ਕਿ ਹਿੰਦੂਤਵ ਸੋਚ ਵਾਲੇ ਹੁਕਮਰਾਨਾਂ ਦੇ ਸ਼ਰਾਰਤੀ ਦਿਮਾਗ ਸਾਜ਼ਿਸ਼ਾਂ ਰਾਹੀਂ ਜਾਂ ਜੰਗ ਰਾਹੀਂ ਸਿੱਖ ਕੌਮ ਨੂੰ ਤਬਾਹ ਕਰਨ ਦੇ ਮਨਸੂਬਿਆਂ 'ਤੇ ਅਮਲ ਕਰਦੇ ਰਹਿੰਦੇ ਹਨ। ਜਿੰਨੀਆਂ ਵੀ ਜੰਗਾਂ ਹੁਣ ਤੱਕ ਹੋਈਆਂ, ਉਸ ਵਿੱਚ ਸਿੱਖ ਕੌਮ ਦਾ ਹੀ ਨੁਕਸਾਨ ਹੋਇਆ, ਕਿਉਂਕਿ ਜੰਗ ਦਾ ਅਖਾੜਾ ਪੰਜਾਬ ਦੀ ਸਿੱਖ ਕੌਮ ਦੀ ਜਰਖੇਜ਼ ਧਰਤੀ ਨੂੰ ਹੀ ਬਣਾਇਆ ਜਾਂਦਾ ਹੈ।ਇਸ ਲਈ ਸਿੱਖ ਕੌਮ ਬਿਲਕੁੱਲ ਜੰਗ ਨਹੀਂ ਚਾਹੁੰਦੀ ਤੇ ਨਾ ਹੀ ਕਿਸੇ ਤਰ੍ਹਾਂ ਦਾ ਖੂਨ ਖਰਾਬਾ ਅਤੇ ਨਾ ਹੀ ਮਨੁੱਖਤਾ ਦਾ ਘਾਣ ਚਾਹੁੰਦੀ ਹੈ।ਇਕੱਠ ਵਿੱਚ ਸ੍ਰ. ਮਾਨ ਤੋਂ ਇਲਾਵਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ, ਡਾਕਟਰ ਹਰਜਿੰਦਰ ਸਿੰਘ ਜੱਖੂ, ਗੁਰਜੰਟ ਸਿੰਘ ਕੱਟੂ, ਕੁਲਦੀਪ ਸਿੰਘ ਭਾਗੋਵਾਲ, ਬਲਰਾਜ ਸਿੰਘ ਖਾਲਸਾ ਜ਼ਿਲ੍ਹਾ ਪ੍ਰਧਾਨ ਮੋਗਾ, ਬਲਦੇਵ ਸਿੰਘ ਗਗੜਾ, ਉਂਕਾਰ ਸਿੰਘ ਬਰਾੜ, ਗੁਰਮੇਲ ਸਿੰਘ, ਬਲਦੇਵ ਸਿੰਘ ਬੜਿੰਗ, ਭੋਲਾ ਸਿੰਘ ਰਾਜਗੜ੍ਹ, ਬਲਰਾਜ ਸਿੰਘ ਬਾਦਲ, ਬੀਬੀ ਅਮਨਦੀਪ ਕੌਰ ਘੋਲੀਆ, ਬੀਬੀ ਮਨਜੀਤ ਕੌਰ ਗਗੜਾ, ਬੀਬੀ ਮਨਦੀਪ ਕੌਰ, ਸੁਖਮੰਦਰ ਸਿੰਘ, ਬਲੌਰ ਸਿੰਘ ਰੌਂਤਾ, ਹਰਜੀਤ ਸਿੰਘ, ਇਕਬਾਲ ਸਿੰਘ ਕਪੂਰੇ, ਅੰਗਰੇਜ ਸਿੰਘ ਤਖਤੂਪੁਰਾ, ਜਰਨੈਲ ਸਿੰਘ ਦੌਧਰ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਧੂਰੀ ਵਿਕਾਸ ਮੰਚ ਵੱਲੋਂ ਰੇਲਵੇ ਸਟੇਸ਼ਨ 'ਤੇ ਇਲੈਕਟ੍ਰਾਨਿਕ ਲਿਫਟ ਲਗਾਉਣ ਦੀ ਮੰਗ

**■ ਸਟੇਸ਼ਨ ਸੁਪਰਡੈਂਟ ਨੂੰ ਸੌਂਪਿਆ ਮੰਗ ਪੱਤਰ**



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ, ਰਣਜੀਤ ਪੇਧਨੀ)**-ਧੂਰੀ ਹਲਕੇ ਦੀ ਬਿਹਤਰੀ ਤੇ ਮੰਗਾਂ, ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਯਤਨਸ਼ੀਲ, ਗੈਰ-ਸਿਆਸੀ ਜਥੇਬੰਦੀ 'ਧੂਰੀ ਵਿਕਾਸ ਮੰਚ (ਰਜਿ.)' ਵੱਲੋਂ ਸਥਾਨਕ ਰੇਲਵੇ ਸਟੇਸ਼ਨ ਵਿਖੇ ਮੁਸਾਫ਼ਰਾਂ ਦੀ ਸਹੂਲਤ ਲਈ ਇਲੈਕਟ੍ਰਾਨਿਕ ਲਿਫਟ ਲਗਾਉਣ ਦੀ ਮੰਗ ਨੂੰ ਲੈ ਕੇ ਜਨਰਲ ਮੈਨੇਜਰ, ਉੱਤਰ ਰੇਲਵੇ ਦੇ ਨਾਂ ਇੱਕ ਮੰਗ ਪੱਤਰ ਸਟੇਸ਼ਨ ਸੁਪਰਡੈਂਟ ਧੂਰੀ ਨੂੰ ਸੌਂਪਿਆ ਗਿਆ।ਇਸ ਮੌਕੇ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ ਤੇ ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਨੇ ਰੇਲਵੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਕਿ ਧੂਰੀ ਰੇਲਵੇ ਸਟੇਸ਼ਨ ਪੰਜਾਬ ਦਾ ਇੱਕ ਅਹਿਮ ਜੰਕਸ਼ਨ ਹੈ, ਜਿੱਥੋਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਮੁਸਾਫ਼ਰ ਗੁਜ਼ਰਦੇ ਹਨ, ਪਰ ਸਟੇਸ਼ਨ ਦੇ ਇੱਕ ਪਲੇਟਫਾਰਮ ਤੋਂ ਦੂਜੇ ਪਲੇਟਫਾਰਮ 'ਤੇ ਜਾਣ ਲਈ ਲਿਫਟ ਦੀ ਸਹੂਲਤ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੰਚ ਦੇ ਮੈਂਬਰਾਂ ਨੇ ਦੱਸਿਆ ਕਿ ਸਟੇਸ਼ਨ ਦੀਆਂ ਉੱਚੀਆਂ ਤੇ ਤੰਗ ਪੌੜੀਆਂ ਚੜ੍ਹਨਾ ਬਜ਼ੁਰਗਾਂ, ਦਿਵਿਆਂਗਾਂ, ਗਰਭਵਤੀ ਔਰਤਾਂ ਤੇ ਬਿਮਾਰ ਮਰੀਜ਼ਾਂ ਲਈ ਕਿਸੇ ਸਜ਼ਾ ਤੋਂ ਘੱਟ ਨਹੀਂ ਹੈ।ਭਾਰੀ ਸਾਮਾਨ ਚੁੱਕੀ ਫਿਰਦੇ ਮੁਸਾਫ਼ਰਾਂ ਲਈ ਵੀ ਇਹ ਪੌੜੀਆਂ ਹਾਦਸਿਆਂ ਦਾ ਸਬੱਬ ਬਣ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕਈ ਵਾਰ ਬਜ਼ੁਰਗ ਮੁਸਾਫ਼ਰ ਪੌੜੀਆਂ ਚੜ੍ਹਨ ਤੋਂ ਅਸਮਰੱਥ ਹੋਣ ਕਾਰਨ ਆਪਣੀ ਗੱਡੀ ਤੱਕ ਸਮੇਂ ਸਿਰ ਨਹੀਂ ਪਹੁੰਚ ਪਾਉਂਦੇ। ਧੂਰੀ ਵਿਕਾਸ ਮੰਚ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਦੀ 'ਸੁਗਮ ਭਾਰਤ ਅਭਿਆਨ' ਨੀਤੀ ਤਹਿਤ ਜਨਤਕ ਥਾਵਾਂ ਨੂੰ ਰੁਕਾਵਟ ਮੁਕਤ ਬਣਾਇਆ ਜਾਵੇ ਤੇ ਧੂਰੀ ਸਟੇਸ਼ਨ 'ਤੇ ਤੁਰੰਤ ਇਲੈਕਟ੍ਰਾਨਿਕ ਲਿਫਟਾਂ ਸਥਾਪਤ ਕੀਤੀਆਂ ਜਾਣ।ਸਟੇਸ਼ਨ ਸੁਪਰਡੈਂਟ ਨੇ ਮੰਗ ਪੱਤਰ ਪ੍ਰਾਪਤ ਕਰਦਿਆਂ ਭਰੋਸਾ ਦਿੱਤਾ ਕਿ ਇਹ ਮੰਗ ਉੱਚ ਅਧਿਕਾਰੀਆਂ ਤੱਕ ਪਹੁੰਚਾਈ ਜਾਵੇਗੀ।

## ਮਜ਼ਦੂਰਾਂ ਤੇ ਕਿਸਾਨਾਂ ਵਿਰੁੱਧ ਬਣਾਏ ਨਵੇਂ ਕਾਨੂੰਨ ਵਾਪਸ ਲਵੇ ਸਰਕਾਰ: ਐੱਸ ਕੇ ਐੱਮ

ਪਠਾਨਕੋਟ (ਦਵਿੰਦਰ ਸਿੰਘ)-ਡੀ ਸੀ ਦਫਤਰ ਸਾਹਮਣੇ ਸੰਯੁਕਤ ਕਿਸਾਨ ਮੋਰਚੇ ਅਤੇ ਟ੍ਰੇਡ ਯੂਨੀਅਨਾਂ ਨੇ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਕੀਤਾ।ਇਹ ਰੋਸ ਪ੍ਰਦਰਸ਼ਨ ਦੇਸ਼ ਪੱਧਰ ਤੇ ਸਾਰੇ ਭਾਰਤ ਵਿੱਚ ਡੀ ਸੀ ਦਫਤਰਾਂ ਸਾਹਮਣੇ ਕੀਤੇ ਗਏ ਹਨ ਜਿਸ ਦੀ ਪ੍ਰਧਾਨਗੀ ਪਰਸ਼ੋਤਮ ਕੁਮਾਰ, ਬਲਦੇਵ ਰਾਜ , ਕੇਵਲ ਸਿੰਘ ਕੰਗ, ਮੁਖਤਿਆਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਰਾਜਿੰਦਰ ਸਿੰਘ, ਆਈ. ਐੱਸ. ਗੁਲਾਟੀ, ਦੇ ਸਾਂਝੇ ਪ੍ਰਧਾਨਗੀ ਮੰਡਲ ਨੇ ਕੀਤੀ ਜਿਸ ਨੂੰ ਕੇਵਲ ਕਾਲੀਆ, ਸਤ ਪ੍ਰਕਾਸ਼, ਬਲਵੰਤ ਸਿੰਘ ਘੋ, ਪ੍ਰਕਾਸ਼ ਸਿੰਘ, ਰਣਵੀਰ ਸਿੰਘ, ਸਕੱਤਰ ਸਿੰਘ, ਬਿਲਾਸ ਠਾਕਰ, ਨੇ ਸੰਯੁਕਤ ਕਿਸਾਨ ਮਰਚੇ ਵੱਲੋਂ ਸੰਬੋਧਨ ਕੀਤਾ ਗਿਆ।ਟ੍ਰੇਡ ਯੂਨੀਅਨਾਂ ਸੀਟੂ ਵੱਲੋਂ ਬਿਕਰਮਜੀਤ, ਸੁਰਿੰਦਰ ਸਹਿਗਲ, ਸੀਟਯੂ ਵੱਲੋਂ ਸ਼ਿਵ ਕੁਮਾਰ, ਇਫਟੂ ਵੱਲੋਂ ਵਿਜੈ ਕੁਮਾਰ, ਬਿਜਲੀ ਬੋਰਡ ਦੇ ਪੈਨਸ਼ਨਰਾਂ ਵੱਲੋਂ ਪ੍ਰਧਾਨ ਫੌਜਾ ਸਿੰਘ, ਨਸੀਬ ਸਿੰਘ ਨੇ ਸੰਬੋਧਨ ਕੀਤਾ।

ਇਸਤਰੀ ਸਭਾ ਵੱਲੋਂ ਸੁਧਾ ਰਾਣੀ ਅਤੇ ਦੇਵੀ ਸੈਣੀ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਸੋਧ ਬਿੱਲ-2025 ਲੋਕ ਵਿਰੋਧੀ ਹੈ। ਇਹ ਲੋਕਾਂ ਨੂੰ ਮਿਲ ਰਹੀਆਂ ਸਬਸਿਡੀਆਂ ਅਤੇ ਸਹੂਲਤਾਂ ਖੋਹ ਲਵੇਗਾ।ਬਿਜਲੀ ਲੋਕਾਂ ਦੀ ਜੀਵਨ ਰੇਖਾ ਹੈ। ਇਸ ਬਿੱਲ ਨਾਲ ਬਿਜਲੀ ਬੋਰਡ ਦਾ ਨਿੱਜੀਕਰਨ ਕਰਨ ਲਈ ਰਾਹ ਪੱਧਰਾ ਹੋ ਜਾਵੇਗਾ।ਇਹ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਕੀਤਾ ਗਿਆ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਮਾਰਟ ਮੀਟਰ ਨਾ ਲਗਾਏ ਜਾਣ।ਬੀਜ ਬਿੱਲ ਲੋਕਾਂ ਕੋਲੋਂ ਬੀਜ ਰੱਖਣ ਜਾਂ ਕਿਸੇ ਕੋਲੋਂ ਲੈ ਕੇ ਬੀਜਣ ਦਾ ਹੱਕ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇ ਰਹੀ ਹੈ।ਕਿਸਾਨ ਨੂੰ ਇਹ ਦੱਸਣਾ ਪਵੇਗਾ ਕਿ ਬੀਜ ਕਿੱਥੋਂ ਲਿਆ ਹੈ।ਬੀਜ ਦੇਣ ਵਾਲਾ ਤੇ ਲੈਣ ਵਾਲਾ ਦੋਵੇਂ ਦੋਸ਼ੀ ਹੋਣਗੇ।ਇਹ ਕਾਨੂੰਨ ਵਾਪਸ ਲਿਆ ਜਾਣਾ ਚਾਹੀਦਾ ਹੈ।ਮਨਰੇਗਾ ਦਾ ਨਾਂ ਬਦਲ ਕਿ ਮਜ਼ਦੂਰਾਂ ਦਾ ਰੁਜ਼ਗਾਰ ਖੋਹ ਰਹੀ ਹੈ।ਇਸ ਨਾਲ ਕੇਂਦਰ ਸਰਕਾਰ ਦਾ ਹਿੱਸਾ 90 ਪ੍ਰਤੀਸ਼ਤ ਤੋਂ ਘੱਟ ਕੇ 60 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ।ਰਾਜ ਸਰਕਾਰਾਂ ਇਹ ਭਾਰ ਨਹੀਂ ਚੁੱਕ ਸਕਣਗੀਆਂ ਤੇ ਮਜ਼ਦੂਰਾਂ ਨੂੰ ਰੁਜ਼ਗਾਰ ਨਹੀਂ ਮਿਲੇਗਾ। ਨਵੇਂ ਕਾਨੂੰਨ ਅਨੁਸਾਰ ਸਾਰੇ ਦੇਸ਼ ਵਿਚ ਨਵਾਂ ਕਾਨੂੰਨ ਲਾਗੂ ਨਹੀਂ ਹੋਵੇਗਾ ਸਗੋਂ ਨੋਟੀਫਾਇਡ ਏਰੀਏ ਵਿੱਚ ਹੀ ਲਾਗੂ ਹੋਵੇਗਾ।ਇਸ ਨਾਲ ਮਜ਼ਦੂਰਾਂ ਦੀ ਕੰਮ ਦੀ ਗਰੰਟੀ ਖਤਮ ਹੋ ਜਾਵੇਗੀ।ਮਜ਼ਦੂਰਾਂ ਦੀ ਸੁਰੱਖਿਆ ਲਈ ਲੇਬਰ ਲਾਅ ਬਦਲ ਕੇ ਚਾਰ ਕੋਡ ਬਣਾ ਦਿੱਤੇ ਹਨ ਜਿਹੜੇ ਮਜ਼ਦੂਰਾਂ ਦੇ ਹੱਕ ਦੀ ਗਰੰਟੀ ਨਹੀਂ ਕਰਦੇ।ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰ ਤੇ ਕਿਸਾਨ ਵਿਰੋਧੀ ਇਹ ਸਾਰੇ ਕਾਨੂੰਨ ਕੇਂਦਰ ਸਰਕਾਰ ਵਾਪਸ ਲਵੇ।ਜਿੰਨਾ ਚਿਰ ਇਹ ਕਾਨੂੰਨ ਵਾਪਸ ਨਹੀਂ ਹੁੰਦੇ ਸੰਘਰਸ਼ ਜਾਰੀ ਰਹੇਗਾ।




## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

### * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕਰਨ ਸਮੇਂ ਇਥੋਂ ਦੀ ਪਾਵਨ ਮਰਯਾਦਾ ਦਾ ਧਿਆਨ ਰੱਖਣ ਦੀ ਅਪੀਲ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਹੋਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਦੀ ਵਿਧਾਨ ਸਭਾ ਅੰਦਰ ਚੱਲਦੇ ਸੈਸ਼ਨ ਵਿਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ।ਆਮ ਆਦਮੀ ਪਾਰਟੀ ਦੀ ਆਗੂ ਵੱਲੋਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਕਰਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ 6 ਵਿਦਿਆਰਥੀਆਂ ਵੱਲੋਂ ਪੀਸੀਐੱਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੁਡੀਸ਼ੀਅਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਇੱਕ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਪ੍ਰਸ਼ੰਸਾ ਕੀਤੀ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਰਿਹਾ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰਕੇ ਉੱਚ ਅਹੁਦਿਆਂ 'ਤੇ ਪਹੁੰਚਣ ਤਾਂ ਜੋ ਉਹ ਗੁਰੂ ਬਖ਼ਸ਼ਿਸ਼ ਸਿਧਾਂਤਾਂ ਅਨੁਸਾਰ ਸਮਾਜ ਦੀ ਭਲਾਈ ਲਈ ਕਾਰਜ ਕਰ ਸਕਣ।ਇਸੇ ਦੌਰਾਨ ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿਚ ਇਕ ਨੌਜੁਆਨ ਵੱਲੋਂ ਮਰਯਾਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਪਾਵਨ ਮਰਯਾਦਾ ਹੈ ਅਤੇ ਇਸ ਮਰਯਾਦਾ ਦੇ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ।ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕਰਨ ਸਮੇਂ ਇਥੋਂ ਦੀ ਪਾਵਨ ਮਰਯਾਦਾ ਦਾ ਧਿਆਨ ਰੱਖਿਆ ਜਾਵੇ।

ਅੰਤ੍ਰਿੰਗ ਕਮੇਟੀ ਵੱਲੋਂ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਰੁਟੀਨ ਅਨੁਸਾਰ ਮਾਮਲਿਆਂ ਨੂੰ ਵਿਚਾਰਿਆ ਗਿਆ।ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਓਐੱਸਡੀ ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ ਆਦਿ ਮੌਜੂਦ ਸਨ।



## ਠੰਢ ਦਾ ਸ਼ਿਕੰਜਾ ਜਾਰੀ, ਵਪਾਰੀਆਂ ਦੀ ਚਾਂਦੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ,ਜਗਦੀਸ਼ ਕਮਲੇਸ਼)-ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ, ਠੰਡ ਅਤੇ ਧੁੰਦ ਬਹੁਤ ਜ਼ਿਆਦਾ ਹੈ।ਆਮ ਤੌਰ 'ਤੇ ਜਨਵਰੀ ਵਿੱਚ, ਇਹ ਆਮ ਆਦਮੀ ਲਈ ਕਾਫ਼ੀ ਦੁਖਦਾਈ ਹੁੰਦਾ ਹੈ।ਪਰ ਦੂਜੇ ਪਾਸੇ ਮੌਸਮੀ ਕਾਰੋਬਾਰ ਤੇਜ਼ੀ ਨਾਲ ਵਧ ਰਿਹਾ ਹੈ, ਖਾਸ ਕਰਕੇ ਇਲੈਕਟ੍ਰਿਕ ਕੰਬਲ ਅਤੇ ਜੈਕਟਾਂ ਵਰਗੇ ਲਗਜ਼ਰੀ ਉਤਪਾਦਾਂ ਲਈ।ਇਨ੍ਹਾਂ ਉਤਪਾਦਾਂ ਦੇ ਨਿਰਮਾਤਾ ਇਸ ਮੌਸਮ ਤੋਂ ਕਾਫ਼ੀ ਖੁਸ਼ ਹਨ।ਜੀਐੱਨਡੀਯੂ ਦੇ ਨੇੜੇ ਉਦਯੋਗਿਕ ਕਲੋਨੀ ਵਿੱਚ ਇਲੈਕਟ੍ਰਿਕ ਕੰਬਲ ਅਤੇ ਹੋਰ ਮੌਸਮੀ ਚੀਜ਼ਾਂ ਬਣਾਉਣ ਵਾਲੇ ਅਰੋਮਾ ਬਲੈਂਕੇਟ/ਮੈਡੀਕੋ ਫਾਰਮਾ ਦੇ ਐੱਮਡੀ ਦਿਨੇਸ਼ ਟੁਟੇਜਾ ਕਹਿੰਦੇ ਹਨ ਕਿ ਲੰਬੇ ਸਮੇਂ ਬਾਅਦ ਇਹ ਮੌਸਮੀ ਕਾਰੋਬਾਰ ਮੁੜ ਸੁਰਜੀਤ ਹੋਇਆ ਹੈ।ਉਸਨੇ ਦੱਸਿਆ ਕਿ ਸਿੰਗਲ/ਡਬਲ ਬੈੱਡ ਕੰਬਲਾਂ ਤੋਂ ਇਲਾਵਾ ਉਹ ਸਰੀਰ ਦੇ ਹਰ ਹਿੱਸੇ ਨੂੰ ਠੰਡ ਅਤੇ ਠੰਢ ਤੋਂ ਬਚਾਉਣ ਲਈ ਚੀਜ਼ਾਂ ਵੀ ਬਣਾਉਂਦਾ ਹੈ।ਇਨ੍ਹਾਂ ਵਿੱਚ ਜੈਕਟਾਂ, ਪੈਰਾਂ ਨੂੰ ਗਰਮ ਕਰਨ ਵਾਲੇ, ਗੋਡੇ-ਕੈਪ ਗਰਮ ਕਰਨ ਵਾਲੇ, ਬੈਕ ਬੈਲਟ, ਸਰਵਾਈਕਲ ਸਿਰਹਾਣੇ ਅਤੇ ਐਡਜਸਟੇਬਲ ਸੀਟਾਂ ਸ਼ਾਮਲ ਹਨ।ਉਹ ਕਹਿੰਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਬਿਜਲੀ ਨਾਲ ਚਲਾਈਆਂ ਜਾਂਦੀਆਂ ਹਨ।ਇਹ ਨਾ ਸਿਰਫ਼ ਠੰਡ ਤੋਂ ਬਚਾਉਂਦੀਆਂ ਹਨ ਬਲਕਿ ਕਈ ਬਿਮਾਰੀਆਂ ਤੋਂ ਵੀ ਰਾਹਤ ਦਿੰਦੀਆਂ ਹਨ।ਉਹ ਕਹਿੰਦਾ ਹੈ ਕਿ ਇਨ੍ਹਾਂ ਉਤਪਾਦਾਂ ਦੀ ਮੰਗ ਨਾ ਸਿਰਫ਼ ਦੇਸ਼ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੀ ਹੈ।ਉਨ੍ਹਾਂ ਕਿਹਾ ਕਿ ਇਸ ਵਾਰ ਮੰਗ ਇੰਨੀ ਜ਼ਿਆਦਾ ਹੈ ਕਿ ਸਪਲਾਈ ਮੁਸ਼ਕਲ ਹੁੰਦੀ ਜਾ ਰਹੀ ਹੈ।ਸਥਿਤੀ ਅਜਿਹੀ ਹੈ ਕਿ ਸਪਲਾਈ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਕਰਨੀ ਪੈਂਦੀ ਹੈ।



## ਸਰਹੱਦੀ ਸਪੋਰਟਸ ਅਤੇ ਵੈੱਲਫੇਅਰ ਕਲੱਬ ਨੇ ਕੌਮੀ ਯੁਵਾ ਦਿਵਸ ਬੜੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ

**ਬਟਾਲਾ, (ਤਰਲੋਕ ਬੱਗਾ)**-ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਮੇਰਾ ਯੁਵਾ ਭਾਰਤ, ਗੁਰਦਾਸਪੁਰ ਦੀ ਅਗਵਾਈ ਹੇਠ ਸਰਹੱਦੀ ਸਪੋਰਟਸ ਅਤੇ ਵੈੱਲਫੇਅਰ ਕਲੱਬ ਬਟਾਲਾ ਵੱਲੋਂ ਕੌਮੀ ਯੁਵਾ ਦਿਵਸ ਬਹੁਤ ਹੀ ਜੋਸ਼, ਉਤਸ਼ਾਹ ਅਤੇ ਸ਼ਰਧਾ ਭਾਵ ਨਾਲ ਮਨਾਇਆ ਗਿਆ।ਇਸ ਸਮਾਗਮ ਵਿੱਚ ਨੌਜਵਾਨਾਂ ਦੀ ਵੱਡੀ ਗਿਣਤੀ ਨੇ ਸ਼ਮੂਲੀਅਤ ਕਰਕੇ ਇਸ ਦਿਹਾੜੇ ਨੂੰ ਯਾਦਗਾਰ ਬਣਾਇਆ।ਸਮਾਗਮ ਦੌਰਾਨ ਕਲੱਬ ਦੇ ਚੇਅਰਮੈਨ ਤੇਜ ਪ੍ਰਤਾਪ ਸਿੰਘ ਕਾਹਲੋਂ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ 12 ਤੋਂ 19 ਜਨਵਰੀ ਤੱਕ ਕੌਮੀ ਯੁਵਾ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਨੌਜਵਾਨ ਵਰਗ ਨੂੰ ਦੇਸ਼ ਦੀ ਤਰੱਕੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਅਤੇ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਮੋੜਨਾ ਸਾਡਾ ਸਾਂਝਾ ਫਰਜ਼ ਬਣਦਾ ਹੈ।ਉਨ੍ਹਾਂ ਕਿਹਾ ਕਿ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਅਮੋਲਕ ਸਿੱਖਿਆਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਵਾਮੀ ਜੀ ਦਾ ਜੀਵਨ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹੈ।ਉਨ੍ਹਾਂ ਦੀ ਸੋਚ ਅਤੇ ਆਦਰਸ਼ਾਂ 'ਤੇ ਅਮਲ ਕਰਕੇ ਹੀ ਸਮਾਜਿਕ, ਆਰਥਿਕ ਅਤੇ ਰਾਸ਼ਟਰੀ ਤਰੱਕੀ ਸੰਭਵ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ, ਖੇਡਾਂ ਅਤੇ ਸਮਾਜਿਕ ਸੇਵਾ ਨਾਲ ਜੁੜ ਕੇ ਆਪਣਾ ਭਵਿੱਖ ਮਜ਼ਬੂਤ ਬਣਾਉਣ।ਇਸ ਮੌਕੇ ਸੁਖਵਿੰਦਰ ਸਿੰਘ, ਰਾਮ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜੋ ਨੌਜਵਾਨ ਸੁਚਾਰੂ, ਸਕਾਰਾਤਮਕ ਅਤੇ ਰਚਨਾਤਮਕ ਕਾਰਜਾਂ ਵਿੱਚ ਸਰਗਰਮ ਰਹਿੰਦੇ ਹਨ, ਉਹ ਆਪਣਾ ਭਵਿੱਖ ਆਪ ਹੀ ਸੁਰੱਖਿਅਤ ਅਤੇ ਰੌਸ਼ਨ ਕਰ ਲੈਂਦੇ ਹਨ।ਨੌਜਵਾਨਾਂ ਨੂੰ ਦੇਸ਼, ਸਮਾਜ ਅਤੇ ਪਰਿਵਾਰ ਦੀ ਸੇਵਾ ਨੂੰ ਆਪਣਾ ਮੁੱਖ ਲਕਸ਼ ਬਣਾਉਣ ਲਈ ਉਤਸ਼ਾਹਿਤ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਹਾਜ਼ਰ ਨੌਜਵਾਨਾਂ ਵੱਲੋਂ ਸਾਂਝੇ ਤੌਰ ਤੇ ਇਹ ਪ੍ਰਣ ਲਿਆ ਗਿਆ ਕਿ ਉਹ ਨਸ਼ਿਆਂ ਅਤੇ ਹੋਰ ਭੈੜੀਆਂ ਕੁਰੀਤੀਆਂ ਤੋਂ ਦੂਰ ਰਹਿ ਕੇ ਸਮਾਜਿਕ ਸੇਵਾ, ਦੇਸ਼ ਭਗਤੀ ਅਤੇ ਨੈਤਿਕ ਮੁੱਲਾਂ ਦੀ ਪਾਲਣਾ ਕਰਦੇ ਹੋਏ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਗੇ।




## 2 ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਮਹਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਹਿਰੂ ਪਾਰਕ ਗੁਰਦਾਸਪੁਰ ਤੋਂ ਅਸ਼ਵਨੀ ਕੁਮਾਰ ਪੁੱਤਰ ਗੁਲਜਾਰੀ ਲਾਲ ਵਾਸੀ ਭਾਗੋਕਾਵਾਂ ਥਾਣਾ ਸਦਰ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਹੈ।

ਇਸੇ ਤਰ੍ਹਾਂ ਥਾਣਾ ਕਾਹਨੂੰਵਾਨ ਦੇ ਐੱਸਆਈ ਰਛਪਾਲ ਸਿੰਘ ਨੇ ਸਮੇਤ ਪੁਲਸ ਪਾਰਟੀ ਟੀ. ਪੁਆਇੰਟ ਕਾਲਾ ਬਾਲਾ ਸ਼ਮਸ਼ਾਨਘਾਟ ਤੋਂ ਅੰਮ੍ਰਿਤਪਾਲ ਸਿੰਘ ਉਰਫ ਸੋਨੂੰ ਪੁੱਤਰ ਰਤਨ ਲਾਲ ਵਾਸੀ ਠੇਕੇ ਵਾਲੀ ਗਲੀ ਮਹਿਤਾ ਚੌਕ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਹਾਲ ਵਾਸੀ ਤੁਗਲਵਾਲ ਥਾਣਾ ਕਾਹਨੂੰਵਾਂਨ ਜੋ ਸ਼ਮਸ਼ਾਨਘਾਟ ਵਿੱਚ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਜਿਸ ਨੂੰ ਸ਼ੱਕ ਦੀ ਬਿਨਾਹ ਪਰ ਕਾਬੂ ਕੀਤਾ ਤਾਂ ਉਸ ਪਾਸੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਨੇ ਇਨ੍ਹਾਂ ਦੋਵਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਠਵਾਲ ਵਿਖੇ ਲੋਹੜੀ ਦਾ ਤਿਓਹਾਰ ਮਨਾਇਆ



ਮਜੀਠਾ (ਸੋਇਮ ਆਨੰਦ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਠਵਾਲ ਵਿਖੇ ਸਕੂਲ ਖੁੱਲ੍ਹਦਿਆਂ ਹੀ ਪ੍ਰਿੰਸੀਪਲ ਅਜੇ ਕੁਮਾਰ ਦੀ ਅਗਵਾਈ ਵਿੱਚ ਸਮੂਹ ਸਟਾਫ ਦੇ ਸਹਿਯੋਗ ਨਾਲ ਲੋਹੜੀ ਤੇ ਮਾਘੀ ਦਾ ਤਿਓਹਾਰ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਅਜੇ ਕੁਮਾਰ ਵੱਲੋਂ ਸਕੂਲ ਦੇ ਦਰਜਾ ਚਾਰ ਕਰਮਚਾਰੀ ਅਤੇ ਮਿਡ-ਡੇ-ਮੀਲ ਕੁੱਕ ਬੀਬੀਆਂ ਨੂੰ ਸਰਦੀਆਂ ਦੇ ਗਰਮ ਕੱਪੜੇ ਵੰਡੇ ਗਏ ਅਤੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਪ੍ਰਿੰਸੀਪਲ ਅਜੇ ਕੁਮਾਰ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਲੋਹੜੀ ਤੇ ਮਾਘੀ ਦੇ ਤਿਓਹਾਰ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਅਤੇ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਪ੍ਰਿੰਸੀਪਲ ਅਜੇ ਕੁਮਾਰ ਨਾਲ ਲਖਵਿੰਦਰ ਕੌਰ, ਰਾਜਵਿੰਦਰ ਕੌਰ, ਬਲਵਿੰਦਰਜੀਤ ਕੌਰ, ਗੁਲਜਾਰੀ ਲਾਲ, ਜਗਦੀਪ ਸਿੰਘ ਅਮਨਪਾਲ ਸਿੰਘ, ਕਨਵਰਦੀਪ ਸਿੰਘ, ਅਮਨਦੀਪ ਕੌਰ, ਭੁਪਿੰਦਰ ਕੌਰ, ਅਮਨਦੀਪ ਕੌਰ, ਸੁਪ੍ਰੀਤ ਕੌਰ, ਪ੍ਰਿਤਪਾਲ ਕੌਰ, ਅੰਜੂ ਬਾਲਾ, ਰੇਖਾ, ਸ਼ਬਨਮ, ਜੀਵਨਜੋਤ ਕੌਰ, ਗੀਤਿਕਾ, ਮਨਿੰਦਰ ਕੌਰ ਤੇ ਰਜਿੰਦਰ ਸਿੰਘ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਦੇ ਦਫਤਰ ਮੂਹਰੇ ਰੋਸ ਧਰਨਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਿਤ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨ ਅਤੇ ਬਿਜਲੀ ਬੋਰਡ ਨਾਲ ਸਬੰਧਿਤ ਯੂਨੀਅਨਾਂ, ਦਿਹਾਤੀ ਅਤੇ ਖੇਤ ਮਜ਼ਦੂਰ ਜਥੇਬੰਦੀਆਂ, ਮਨਰੇਗਾ ਅਤੇ ਔਰਤਾਂ ਦੀਆਂ ਜਥੇਬੰਦੀਆਂ ਦੇ ਦੇਸ਼ ਵਿਆਪੀ ਸੱਦੇ ਤੇ ਹਜ਼ਾਰਾਂ ਲੋਕਾਂ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਸਾਹਮਣੇ ਬਿਜਲੀ ਅਤੇ ਬੀਜ ਸੋਧ ਬਿੱਲ ਰੱਦ ਕਰਵਾਉਣ, ਲੇਬਰ ਵਿਰੋਧੀ ਚਾਰ ਕੋਡ ਰੱਦ ਕਰਵਾਉਣ ਅਤੇ ਮਨਰੇਗਾ ਸਕੀਮ ਦਾ ਮੂਲ ਰੂਪ ਬਹਾਲ ਕਰਵਾਉਣ ਆਦਿ ਮੰਗਾਂ ਮਨਵਾਉਣ ਲਈ ਰੋਸ ਧਰਨਾ ਦਿੱਤਾ।ਇਸ ਮੌਕੇ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਡਾਕਟਰ ਸਤਨਾਮ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਲਖਬੀਰ ਸਿੰਘ ਨਿਜ਼ਾਮਪੁਰਾ, ਡਾਕਟਰ ਪਰਵਿੰਦਰ ਸਿੰਘ ਕਰਮਪੁਰਾ,ਭੁਪਿੰਦਰਜੀਤ ਸਿੰਘ ਛੀਨਾ, ਕਾਬਲ ਸਿੰਘ ਛੀਨਾ, ਹਰਜੀਤ ਸਿੰਘ ਝੀਤਾ, ਗੁਰਦੇਵ ਸਿੰਘ ਵਰਪਾਲ, ਬਲਬੀਰ ਸਿੰਘ ਮੂਧਲ, ਉਮਰਾਜ ਸਿੰਘ ਧਰਦਿਉ, ਟਰੇਡ ਯੂਨੀਅਨ ਆਗੂ ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਜਗਤਾਰ ਸਿੰਘ ਕਰਮਪੁਰਾ, ਬਿਜਲੀ ਮੁਲਾਜਮ ਆਗੂ ਨਰਿੰਦਰ ਬੱਲ, ਕੁਲਦੀਪ ਸਿੰਘ ਉਦੋਕੇ ਗੁਰਪ੍ਰੀਤ ਸਿੰਘ ਜੱਸਲ, ਕ੍ਰਿਸ਼ਨ ਸਿੰਘ ਅਤੇ ਨਰੇਗਾ ਅਤੇ ਖੇਤ ਮਜ਼ਦੂਰ ਆਗੂਆਂ ਬਲਕਾਰ ਸਿੰਘ ਦੁਧਾਲਾ, ਅਮਰੀਕ ਸਿੰਘ ਦਾਊਦ, ਮੰਗਲ ਸਿੰਘ ਖੁਜਾਲਾ, ਭੈਣਜੀ ਦੱਸਵਿੰਦਰ ਕੌਰ, ਭੈਣ ਜੀ ਕੰਵਲਜੀਤ ਕੌਰ ਆਦਿ ਨੇ ਕਿਹਾ ਕਿ ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇਸ਼ ਦੀ ਵਾਗਡੋਰ ਕਾਰਪੋਰੇਟ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ ਅਤੇ ਦੇਸ਼ ਦੇ ਖੇਤੀ ਸੈਕਟਰ ਉੱਤੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਲਈ ਬਿਜਲੀ ਅਤੇ ਬੀਜ ਬਿੱਲ ਲਿਆਂਦੇ ਗਏ ਅਤੇ ਮਜ਼ਦੂਰਾਂ ਦੀ ਲੁੱਟ ਕਰਨ ਲਈ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ ਅਤੇ ਮਨਰੇਗਾ ਸਕੀਮ ਤੋੜ ਕੇ ਨਵਾਂ ਕਾਨੂੰਨ ਬਣਾਇਆ ਗਿਆ ਹੈ ਜੋ ਕਿ ਲੋਕ ਵਿਰੋਧੀ ਹੈ।ਉਨ੍ਹਾਂ ਕਿਹਾ ਕਿ ਬਿਜਲੀ ਸੋਧ ਕਾਨੂੰਨ ਲਾਗੂ ਹੋਣ ਨਾਲ ਬਿਜਲੀ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ, ਬੀਜ ਬਿੱਲ ਰਾਹੀਂ ਸਰਕਾਰੀ ਯੂਨੀਵਰਸਿਟੀਆਂ ਕੋਲੋਂ ਬੀਜ ਸੁਧਾਈ ਦਾ ਕੰਮ ਨਾ ਲੈ ਕੇ ਵੱਡੀਆਂ ਕੰਪਨੀਆਂ ਦੇ ਮਹਿੰਗੇ ਬੀਜ ਬਜ਼ਾਰ ਵਿੱਚ ਆਉਣਗੇ ਜਿਸ ਨਾਲ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੀ ਕਿਸਾਨੀ ਹੋਰ ਸੰਕਟ ਵਿੱਚ ਫਸ ਜਾਵੇਗੀ, ਚਾਰ ਲੇਬਰ ਕੋਡ ਲਾਗੂ ਹੋਣ ਨਾਲ ਕੰਮ ਦਾ ਸਮਾਂ ਵਧਾ ਕੇ ਮਜ਼ਦੂਰਾਂ ਦੀ ਲੁੱਟ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ ਅਤੇ ਮਨਰੇਗਾ ਸਕੀਮ ਦਾ ਭੋਗ ਪਾ ਕੇ ਬਣਾਏ ਕਾਨੂੰਨ ਵਿੱਚ ਰੁਜ਼ਗਾਰ ਮਿਲਣਾ ਨਾਮੁਮਕਿਨ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਤਿੱਖਾ ਸੰਘਰਸ਼ ਹੀ ਅਸਲ ਰਾਹ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਰਾਹੀਂ ਮੰਗ ਪੱਤਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਭੇਜਿਆ ਗਿਆ।



## ਕਾਹਨੂੰਵਾਨ ਰੋਡ ਦੇ ਲੋਕਾਂ ਦੀ ਚਿਰੋਕਣੀ ਮੰਗ ਹੋਈ ਪੂਰੀ, ਗਲੀ ਦਾ ਨਿਰਮਾਣ ਕਾਰਜ ਸ਼ੁਰੂ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਲੜੀ ਤਹਿਤ ਕਾਹਨੂੰਵਾਨ ਰੋਡ ਦੇ ਵਾਸੀਆਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।ਇਸ ਮੌਕੇ ਕਾਹਨੂੰਵਾਨ ਰੋਡ ਦੇ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਲੀ ਬਣਨ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਥੋਂ ਦੇ ਵਾਸੀਆਂ ਨੂੰ ਗਲੀ ਨਾ ਬਣਨ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਲੋਕਾਂ ਦੀ ਮੁਸ਼ਕਿਲ ਹੱਲ ਕਰਦਿਆਂ ਗਲੀ ਦਾ ਨਿਰਮਾਣ ਕੰਮ ਸ਼ੁਰੂ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਹਲਕਾ ਵਾਸੀਆਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ, ਜਿਸ ਤਹਿਤ ਉਹ 24 ਘੰਟੇ ਲੋਕਾਂ ਦੇ ਸੰਪਰਕ ਵਿੱਚ ਰਹਿ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦੂਰ ਕਰ ਰਹੇ ਹਨ।ਬਟਾਲਾ ਸ਼ਹਿਰ ਅੰਦਰ ਲੋਕਹਿੱਤ ਵਿੱਚ ਕਰਵਾਏ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਸ਼ੈਰੀ ਕਲਸੀ ਨੇ ਦੱਸਿਆ ਕਿ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ।

ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਕਾਂ ਨੂੰ ਚੌੜਿਆਂ ਕੀਤਾ ਗਿਆ ਹੈ।ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।



## ਡੀ ਸੀ ਉੱਪਲ ਵੱਲੋਂ ਰਿਹਾਇਸ਼ੀ ਹੋਸਟਲ ਸੇਖਵਾਂ ਵਿਖੇ ਸੁਵਿਧਾਵਾਂ ਅਤੇ ਪ੍ਰਬੰਧਾਂ ਦੀ ਸਮੀਖਿਆ

ਗੁਰਦਾਸਪੁਰ, (ਜਨਕ ਮਹਾਜਨ)-ਸ਼੍ਰੀ ਅਦਿੱਤਿਆ ਉਪਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਰਿਹਾਇਸ਼ੀ ਹੋਸਟਲ ਸੇਖਵਾਂ ਸਬੰਧੀ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ, ਜਿਸ ਵਿਚ ਹੋਸਟਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਸੁਵਿਧਾਵਾਂ ਅਤੇ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੋਸਟਲ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਵਾਉਣਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਨੇ ਹੋਸਟਲ ਵਾਰਡਨ ਨੂੰ ਨਿਰਦੇਸ਼ ਦਿੱਤੇ ਕਿ ਵਿਦਿਆਰਥੀਆਂ ਦੀ ਪੜ੍ਹਾਈ, ਰਹਿਣ-ਸਹਿਣ ਅਤੇ ਅਨੁਸ਼ਾਸਨ ਵੱਲ ਖ਼ਾਸ ਧਿਆਨ ਦਿੱਤਾ ਜਾਵੇ। ਮੀਟਿੰਗ ਵਿੱਚ ਦੱਸਿਆ ਗਿਆ ਕਿ ਰਿਹਾਇਸ਼ੀ ਹੋਸਟਲ ਸੇਖਵਾਂ ਵਿੱਚ ਇਸ ਸਮੇਂ 52 ਵਿਦਿਆਰਥੀ ਪੜ੍ਹ ਰਹੇ ਹਨ, ਜਦਕਿ ਹੋਸਟਲ ਦੀ ਕੁੱਲ ਸਮਰੱਥਾ 100 ਵਿਦਿਆਰਥੀਆਂ ਦੀ ਹੈ। ਇਹ ਹੋਸਟਲ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਸਿਰਫ਼ ਲੜਕਿਆਂ ਲਈ ਹੈ। ਹੋਸਟਲ ਵਿੱਚ ਅਨਾਥ ਬੱਚੇ, ਇਕੱਲੇ ਮਾਪਿਆਂ ਵਾਲੇ ਬੱਚੇ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਅਤੇ ਹੋਰ ਯੋਗ ਵਰਗਾਂ ਦੇ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਾਫ਼, ਪੌਸ਼ਟਿਕ ਅਤੇ ਉਨ੍ਹਾਂ ਦੀ ਰੁਚੀ ਅਨੁਸਾਰ ਭੋਜਨ ਦਿੱਤਾ ਜਾਵੇ, ਜਿਸ ਦੀ ਨਿਗਰਾਨੀ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਕੀਤੀ ਜਾਵੇ। ਇਸ ਮੌਕੇ ਅਨਿਲ ਕੁਮਾਰ ਡਿਪਟੀ ਡੀਈਓ (ਸ), ਡੀ ਡੀ ਐੱਫ ਸ਼ਰਦ ਸੇਠ ਸਮੇਤ ਸਬੰਧਤ ਅਧਿਕਾਰੀ ਮੌਜੂਦ ਸਨ।



## ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਨਾਂਦੇੜ ਵਿਖੇ ਦੋ ਦਿਨਾ ਧਾਰਮਿਕ ਸਮਾਗਮ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਹੱਕ ਤੇ ਸੱਚ ਦੀ ਖਾਤਿਰ ਧਰਮ ਲਈ ਸੀਸ ਨਿਸ਼ਾਵਰ ਕਰਨ ਵਾਲੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਧਾਰਮਿਕ ਸਮਾਗਮ 24 ਜਨਵਰੀ ਦਿਨ ਸ਼ਨੀਵਾਰ ਤੇ 25 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ) ਵਿਖੇ ਪੂਰੀ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਏ ਜਾ ਰਹੇ ਹਨ।ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵੱਡੇ ਸਹਿਯੋਗ ਸਦਕਾ ਦਮਦਮੀ ਟਕਸਾਲ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੀ ਅਗਵਾਈ ਹੇਠ ਮਨਾਏ ਜਾ ਰਹੇ ਇਨ੍ਹਾਂ ਦੋ ਦਿਨਾ ਸ਼ਤਾਬਦੀ ਸਮਾਗਮਾਂ 'ਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਵੱਧ ਚੜ੍ਹ ਕੇ ਪੁੱਜਣ ਦਾ ਸੱਦਾ ਦਿੰਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਚੇਅਰਮੈਨ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਮਹਾਂਰਾਸ਼ਟਰ ਸਰਕਾਰ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਗਿ. ਕੁਲਵੰਤ ਸਿੰਘ ਨੇ ਕਿਹਾ ਕਿ ਰਾਜ ਪੱਧਰੀ ਹੋ ਰਹੇ ਇਹ ਧਾਰਮਿਕ ਸਮਾਗਮ ਬਹੁਤ ਵਿਸ਼ਾਲ ਪੱਧਰ 'ਤੇ ਮਨਾਏ ਜਾਣਗੇ ਤੇ ਨੌਵੀਂ ਪਾਤਸ਼ਾਹੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇਨ੍ਹਾਂ ਸ਼ਤਾਬਦੀ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਉਘੇ ਕੀਰਤਨੀਏ ਭਾਈ ਚਮਨਦੀਪ ਸਿੰਘ ਦਿੱਲੀ ਵਾਲੇ ਤੇ ਭਾਈ ਚਰਨਜੀਤ ਸਿੰਘ ਹੀਰਾ, ਸਿੱਖ ਪ੍ਰਚਾਰਕ ਬਾਬਾ ਬੰਤਾ ਸਿੰਘ, ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਬਲਜੀਤ ਸਿੰਘ, ਸੱਚਖੰਡ ਤਖਤ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਰਜੀਤ ਸਿੰਘ ਖਾਲਸਾ, ਭਾਈ ਤੇਜਵਿੰਦਰ ਸਿੰਘ ਤੇ ਭਾਈ ਤੇਜਵੰਤ ਸਿੰਘ ਤੋਂ ਇਲਾਵਾ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਆਪਣੇ ਜਥਿਆਂ ਸਮੇਤ ਹਾਜ਼ਰੀ ਭਰਨਗੇ।ਇਸਦੇ ਨਾਲ ਬਹੁਤ ਸਾਰੀਆਂ ਪੰਥਕ ਸ਼ਖਸ਼ੀਅਤਾਂ, ਸੰਤ ਮਹਾਂਪੁਰਸ਼, ਪੰਥਕ ਵਿਦਵਾਨਾਂ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਦੇਸ਼ ਵਿਦੇਸ਼ ਤੋਂ ਹੋਰ ਵੱਡੀ ਗਿਣਤੀ 'ਚ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਸ਼ਖਸੀਅਤਾਂ ਇਨ੍ਹਾਂ ਸਮਾਗਮਾਂ 'ਚ ਸ਼ਾਮਿਲ ਹੋਣਗੀਆਂ।ਦੋਨਾਂ ਸ਼ਖਸੀਅਤਾਂ ਨੇ ਸਮੂਹ ਨਾਮ ਲੇਵਾ ਸੰਗਤਾਂ ਨੂੰ ਅਪੀਲ਼ ਕਰਦੇ ਹੋਏ ਕਿਹਾ ਕਿ ਸਮਾਗਮ ਦੌਰਾਨ ਸੰਗਤਾਂ ਲਈ ਰਹਿਣ-ਸਹਿਣ ਤੇ ਲੰਗਰਾਂ ਦਾ ਖੁੱਲ੍ਹਾ ਪ੍ਰਬੰਧ ਕੀਤਾ ਗਿਆ ਹੈ ਤੇ ਆਵਾਜਾਈ ਲਈ ਹਰ ਸੁਵਿਧਾ ਉਪਲੱਬਧ ਹੈ।ਇਸ ਲਈ ਸਮੂਹ ਸੰਗਤਾਂ ਹੁੰਮ-ਹੁੰਮਾ ਕੇ ਵੱਡੀ ਗਿਣਤੀ ਚ ਸ੍ਰੀ ਹਜ਼ੂਰ ਸਾਹਿਬ ਪਹੁੰਚਣ ਤੇ ਸ਼ਤਾਬਦੀ ਸਮਾਗਮਾਂ 'ਚ ਭਾਗ ਲੈ ਕੇ ਗੁਰੂ ਸਾਹਿਬ ਦੀ ਅਮੁੱਲੀ ਸ਼ਹਾਦਤ ਨੂੰ ਆਪਣਾ ਨਮਨ ਸਿਜਦਾ ਜ਼ਰੂਰ ਕਰਨ।

## ਖਾਲਸਾ ਕਾਲਜ ਮਹਿਤਾ ਵਿਖੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਇਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਵਿਖੇ ਮਾਘੀ ਦੇ ਪਾਵਨ ਦਿਹਾੜੇ ਤੇ ਕਾਲਜ ਵੱਲੋਂ ਮੁਕਤਸਰ ਦੇ ਇਤਿਹਾਸਿਕ ਮਾਘੀ ਮੇਲੇ ਅਤੇ ਲੋਹੜੀ ਦੇ ਤਿਉਹਾਰ ਨਾਲ ਸੰਬੰਧਿਤ ਇੱਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ।ਇਸ ਸੈਮੀਨਾਰ ਵਿੱਚ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਖਾਲਸਾ ਕਾਲਜ ਦੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹੋਏ ਮੁਕਤਸਰ ਦੇ ਮਾਘੀ ਮੇਲੇ ਦੀ ਧਾਰਮਿਕ, ਇਤਿਹਾਸਿਕ ਅਤੇ ਸਭਿਆਚਾਰਿਕ ਮਹੱਤਤਾ ਉੱਤੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਸਬੰਧ ਖਿਦਰਾਣੇ ਦੀ ਢਾਬ ਵਿਖੇ ਹੋਈ ਮੁਗਲਾਂ ਤੇ ਸਿੱਖ ਫੌਜਾਂ ਵਿਚਕਾਰ ਭਿਅੰਕਰ ਲੜਾਈ ਨਾਲ ਹੈ ਜਿਸ ਵਿੱਚ ਮਾਝੇ ਦੇ ਉਹ 40 ਸਿੱਖ ਜਿਹੜੇ ਆਨੰਦਪੁਰ ਦੇ ਕਿਲੇ ਦੀ ਘੇਰਾਬੰਦੀ ਸਮੇਂ ਗੁਰੂ ਜੀ ਨੂੰ ਬੇਦਾਵਾ ਦੇ ਕੇ ਉਨ੍ਹਾਂ ਦਾ ਸਾਥ ਛੱਡ ਗਏ ਸਨ, ਮਹਾਂ ਸਿੰਘ ਦੀ ਅਗਵਾਈ ਹੇਠ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ।ਉਨ੍ਹਾਂ ਦੀ ਲਾਸਾਨੀ ਸ਼ਹਾਦਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਟੁੱਟੀ ਗੰਢੀ ਅਤੇ ਉਨ੍ਹਾਂ ਨੂੰ ਮੁਕਤੀ ਦਾ ਵਰ ਦਿੱਤਾ ਜਿਸ ਕਰਕੇ ਖਿਦਰਾਣੇ ਦੀ ਢਾਬ ਦਾ ਨਾਮ ਮੁਕਤਸਰ ਪੈ ਗਿਆ।ਉਨ੍ਹਾਂ ਕਿਹਾ ਕਿ 40 ਮੁਕਤਿਆਂ ਅਤੇ ਸ਼੍ਰੀ ਮੁਕਤਸਰ ਸਾਹਿਬ ਨਾਲ ਸਿੱਖ ਇਤਿਹਾਸ ਦਾ ਉਹ ਸੁਨਹਿਰੀ ਪੰਨਾ ਜੁੜਿਆ ਹੈ ਜਿਸ ਵਿੱਚ ਪਛਤਾਵਾ ਪ੍ਰੇਰਨਾ ਬਣਿਆ, ਪ੍ਰੇਰਨਾ ਵਿੱਚੋਂ ਲਾਸਾਨੀ ਸ਼ਹਾਦਤਾਂ ਅਤੇ ਸ਼ਹਾਦਤਾਂ ਵਿੱਚੋਂ ਬੇਮਿਸਾਲ ਇਤਿਹਾਸ ਨੇ ਜਨਮ ਲਿਆ।ਉਨ੍ਹਾਂ ਦੱਸਿਆ ਕਿ ਮੁਕਤਸਰ ਦੀ ਜੰਗ ਵਿੱਚ ਜਿੱਥੇ 40 ਮੁਕਤਿਆਂ ਦੀ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ ਉੱਥੇ ਹੀ ਇਨ੍ਹਾਂ 40 ਸਿੰਘਾਂ ਨੂੰ ਮੈਦਾਨ-ਏ-ਜੰਗ ਵਿੱਚ ਵੰਗਾਰ ਕੇ ਲੈ ਕੇ ਆਉਣ ਵਾਲੀ ਮਾਈ ਭਾਗੋ ਦਾ ਨਾਮ ਵੀ ਸਿੱਖ ਇਤਿਹਾਸ ਚ ਬਹੁਤ ਸ਼ਾਨ ਨਾਲ ਲਿਆ ਜਾਂਦਾ ਹੈ।ਅੱਜ ਵੀ ਮਾਈ ਭਾਗੋ ਦੀਆਂ ਵਾਰਸਾਂ ਨੂੰ ਅੱਗੇ ਆਉਣ ਦੀ ਤੇ ਜ਼ੁਲਮ ਦੇ ਵਿਰੁੱਧ ਡਟਣ ਦੀ ਸਖਤ ਲੋੜ ਹੈ ਜਿਸ ਤਰ੍ਹਾਂ ਮਾਈ ਭਾਗੋ ਨੇ ਦਲੇਰੀ ਦੇ ਨਾਲ ਜੰਗ ਵਿੱਚ ਤੇਗ ਦੇ ਜੋਹਰ ਵਿਖਾਏ ਸਨ ਸੀ ਉਵੇਂ ਹੀ ਅੱਜ ਦੀ ਔਰਤ ਅੱਗੇ ਵੀ ਕਈ ਜੰਗਾਂ ਹਨ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕਰਨਾ ਹੈ।ਇਹ ਮੁਕਾਬਲਾ ਕੇਵਲ ਮਾਈ ਭਾਗੋ ਦੀਆਂ ਸਿੱਖਿਆਵਾਂ ਸਦਕਾ ਹੀ ਪ੍ਰਾਪਤ ਹੋ ਸਕਦਾ ਹੈ।ਉਂਾਂ ਨੇ ਲੋਹੜੀ ਦੇ ਤਿਉਹਾਰ ਨਾਲ ਜੁੜੀਆਂ ਪੰਜਾਬੀ ਲੋਕ-ਪਰੰਪਰਾਵਾਂ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਇਸ ਮੌਕੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਸੁਖਦੇਵ ਸਿੰਘ, ਸੁਖਜੀਤ ਸਿੰਘ, ਮੈਡਮ ਕੁਲਦੀਪ ਕੌਰ ਅਤੇ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ।



## ਸੱਚਖੰਡ ਵਾਸੀ ਸੰਤ ਬਾਬਾ ਦਯਾ ਸਿੰਘ ਜੀ ਸੁਰਸਿੰਘ ਵਾਲਿਆਂ ਦੇ ਬਰਸੀ ਸਮਾਗਮ 19 ਨੂੰ

ਝਬਾਲ,(ਹਰਜਿੰਦਰ ਸਿੰਘ ਸੋਨੀ)-ਧੰਨ-ਧੰਨ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰੋਂ ਘਰੋਂ ਵਰੋਸਾਇ ਮਹਾਨ ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ 11ਵੇਂ ਜਾਨਸ਼ੀਨ ਸੱਚਖੰਡ ਵਾਸੀ ਸ਼੍ਰੀ ਮਾਨ ਸੰਤ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆ ਦੇ 12ਵੇਂ ਸਾਲਾਨਾ ਬਰਸੀ ਸਮਾਗਮ ਦੇਸ਼ ਵਿਦੇਸ਼,ਇਲਾਕੇ ਅਤੇ ਨਗਰ ਸੁਰਸਿੰਘ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਮੁਤਾਬਿਕ 6 ਮਾਘ-19 ਜਨਵਰੀ ਦਿਨ ਸੋਮਵਾਰ ਨੂੰ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਏ ਜਾ ਰਹੇ ਹਨ।ਮਨਾਏ ਜਾ ਰਹੇ ਬਰਸੀ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਬਿਧੀ ਚੰਦ ਜੀ ਦੇ ਅੰਸ਼ ਵੰਸ਼ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ ਮੌਜੂਦਾ 12ਵੇਂ ਮੁਖੀ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਨਿਹੰਗ ਸਿੰਘ ਛਾਉਣੀ ਹੈੱਡ ਕੁਆਰਟਰ ਸੁਰਸਿੰਘ ਵਾਲਿਆਂ ਨੇ ਦੱਸਿਆ ਕਿ 17 ਜਨਵਰੀ ਦਿਨ ਸ਼ਨੀਵਾਰ ਨੂੰ ਜੁਗੋ ਜੁਗ ਅਟੱਲ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਹੋਵੇਗੀ। ਅਤੇ ਵੱਖ-ਵੱਖ ਸਕੂਲੀ ਬੱਚਿਆਂ ਦੇ 9 ਤੋਂ 10 ਵਜੇ ਤੱਕ ਧਾਰਮਿਕ ਮੁਕਾਬਲੇ ਕਰਵਾਏ ਜਾਣਗੇ।ਐਤਵਾਰ 18 ਜਨਵਰੀ ਨੂੰ ਫਰੀ ਮੈਡੀਕਲ ਕੈਂਪ ਅਤੇ ਸ਼ਾਮ 6 ਤੋਂ ਰਾਤ 11 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ।ਜਥੇਦਾਰ ਬਾਬਾ ਅਵਤਾਰ ਸਿੰਘ ਨੇ ਕਰਵਾਏ ਜਾ ਰਹੇ ਅੰਮ੍ਰਿਤ ਸੰਚਾਰ ਦੌਰਾਨ ਸੰਗਤਾਂ ਨੂੰ ਖੰਡੇ ਬਾਟੇ ਦਾ ਪਾਹੁਲ ਛਕਣ ਦੀ ਅਪੀਲ ਕਰਦਿਆਂ ਅੱਗੇ ਕਿਹਾ ਕਿ 19 ਜਨਵਰੀ ਸੋਮਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਦੀਵਾਨ ਹਾਲ ਵਿਖੇ ਸਜਾਏ ਗਏ ਧਾਰਮਿਕ ਦੀਵਾਨਾਂ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਉਥੇ ਹੀ ਜਥੇਦਾਰ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼, ਨਿਰਮਲੇ ਭੇਖ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਤੋਂ ਇਲਾਵਾ ਰਾਜਸੀ ਸ਼ਖ਼ਸੀਅਤਾਂ ਵੀ ਹਾਜ਼ਰੀਆਂ ਭਰਨਗੀਆ ਜਦਕਿ ਬਰਸੀ ਸਮਾਗਮ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ ਅਤੇ ਸ਼ਾਮ ਵੇਲੇ ਨਿਹੰਗ ਸਿੰਘ ਜਥੇਬੰਦੀਆਂ ਮਹੱਲਾ ਖੇਡਣਗੀਆਂ। ਉਨਾਂ ਸਮੁੱਚੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਮਨਾਏ ਜਾ ਰਹੇ ਬਰਸੀ ਸਮਾਗਮ ਮੌਕੇ ਸੰਗਤਾ ਹੁੰਮ ਹੁਮਾ ਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।



## ਆਮ ਆਦਮੀ ਕਲੀਨਿਕਾਂ 'ਚ ਐਂਟੀ-ਰੈਬੀਜ਼ ਵੈਕਸੀਨ ਸੂਬਾ ਵਾਸੀਆਂ ਲਈ ਮੀਲ ਪੱਥਰ ਸਾਬਤ ਹੋ ਰਹੀ : ਧੁੰਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕੁੱਤਿਆਂ ਦੇ ਵੱਢਣ ਕਾਰਨ ਮੌਤ ਹੋ ਜਾਣ ਦੀਆਂ ਖ਼ਬਰਾਂ ਸਾਡੇ ਮੁਲਕ ਵਿੱਚ ਆਮ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ।ਪੰਜਾਬ ਵਿੱਚ ਹਰ ਸਾਲ ਕੁੱਤਿਆਂ ਦੇ ਵੱਢਣ ਦੇ ਲਗਭਗ ਤਿੰਨ ਲੱਖ ਮਾਮਲੇ ਸਾਹਮਣੇ ਆਉਂਦੇ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰਾਂ 'ਤੇ ਰੈਬੀਜ਼ ਦਾ ਖ਼ਤਰਾ ਬਣਿਆ ਰਹਿੰਦਾ ਸੀ।ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਬੀਮਾਰੀ 100 ਫ਼ੀਸਦੀ ਘਾਤਕ ਹੁੰਦੀ ਹੈ ਪਰ ਸਮੇਂ ਸਿਰ ਟੀਕਾਕਰਨ ਨਾਲ ਇਸ ਦੀ ਪੂਰੀ ਤਰ੍ਹਾਂ ਰੋਕਥਾਮ ਕੀਤੀ ਜਾ ਸਕਦੀ ਹੈ।ਪਹਿਲਾਂ ਐਂਟੀ-ਰੈਬੀਜ਼ ਟੀਕਾਕਰਨ (ਏਆਰਵੀ) ਸਿਰਫ਼ 48 ਪ੍ਰਾਇਮਰੀ ਸਿਹਤ ਕੇਂਦਰਾਂ ਵਿੱਚ ਹੀ ਉਪਲੱਬਧ ਸੀ, ਜਿਸ ਕਾਰਨ ਪੀੜਤਾਂ, ਜਿਨਾਂ ਵਿੱਚ ਅਕਸਰ ਬੱਚੇ, ਬਜ਼ੁਰਗ ਅਤੇ ਮਜ਼ਦੂਰ ਕਾਮੇ ਹੁੰਦੇ ਹਨ, ਨੂੰ ਘਰਾਂ ਤੋਂ ਦੂਰ ਜਾਣਾ ਪੈਂਦਾ ਸੀ, ਘੰਟਿਆਂ ਤੱਕ ਉਡੀਕ ਕਰਨੀ ਪੈਂਦੀ ਸੀ, ਉਨ੍ਹਾਂ ਦੀ ਮਜ਼ਦੂਰੀ ਦਾ ਨੁਕਸਾਨ ਹੁੰਦਾ ਸੀ ਅਤੇ ਕਈ ਮਾਮਲਿਆਂ ਵਿੱਚ, ਜ਼ਰੂਰੀ ਪੰਜ ਖੁਰਾਕਾਂ ਵਾਲੇ ਟੀਕਾਕਰਨ ਤਰਤੀਬ ਨੂੰ ਵਿਚਕਾਰੋਂ ਛੱਡਣ ਲਈ ਮਜਬੂਰ ਹੋਣਾ ਪੈਂਦਾ ਸੀ।ਇਹ ਪਾੜਾ ਪ੍ਰਣਾਲੀਗਤ ਸੀ ਅਤੇ ਕੀਮਤੀ ਮਨੁੱਖੀ ਜਾਨਾਂ 'ਤੇ ਇਸ ਦਾ ਜੋਖ਼ਮ ਗੰਭੀਰ ਸੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੁਣ ਇਸ ਢੰਗ ਪ੍ਰਕਿਰਿਆ ਨੂੰ ਨਵਾਂ ਰੂਪ ਦਿੱਤਾ ਗਿਆ ਹੈ।ਸੂਬੇ ਭਰ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਸਥਾਪਿਤ ਕੀਤੇ ਗਏ 881 ਆਮ ਆਦਮੀ ਕਲੀਨਿਕਾਂ ਦੇ ਵਿਸ਼ਾਲ ਨੈੱਟਵਰਕ ਦਾ ਲਾਭ ਉਠਾਉਂਦਿਆਂ, ਪੰਜਾਬ ਸਰਕਾਰ ਨੇ ਪ੍ਰਾਇਮਰੀ ਕੇਅਰ ਪੱਧਰ 'ਤੇ ਏਆਰਵੀ ਸੇਵਾਵਾਂ ਨੂੰ ਯਕੀਨੀ ਬਣਾ ਕੇ ਆਪਣੇ ਸਭ ਤੋਂ ਅਹਿਮ ਜਨਤਕ ਸਿਹਤ ਸੁਧਾਰ ਨੂੰ ਯਕੀਨੀ ਬਣਾਇਆ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਵਿਧਾਇਕ ਸ. ਸਰਵਨ ਸਿੰਘ ਧੁੰਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ, ਪੰਜਾਬ ਸਰਕਾਰ ਪਹੁੰਚ ਯੋਗ ਅਤੇ ਕਿਫ਼ਾਇਤੀ ਸਿਹਤ ਸੰਭਾਲ ਸੇਵਾਵਾਂ ਰਾਹੀਂ ਸੂਬੇ ਦੇ ਹਰ ਵਿਅਕਤੀ ਦੀ ਰੱਖਿਆ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਕੋਲ ਉਪਲੱਬਧ ਡਾਟੇ ਅਨੁਸਾਰ ਹਰ ਸਾਲ ਕੁੱਤਿਆਂ ਦੇ ਕੱਟਣ ਦੇ ਲਗਭਗ 3 ਲੱਖ ਮਾਮਲੇ ਸਾਹਮਣੇ ਆਉਂਦੇ ਹਨ ਅਤੇ ਸੂਬੇ ਨੇ 881 ਆਮ ਆਦਮੀ ਕਲੀਨਿਕਾਂ ਵਿੱਚ ਐਂਟੀ-ਰੈਬੀਜ਼ ਟੀਕਾਕਰਨ ਸੇਵਾਵਾਂ ਯਕੀਨੀ ਬਣਾ ਕੇ ਜਨਤਕ ਸਿਹਤ ਖੇਤਰ ਵਿੱਚ ਇਕ ਅਹਿਮ ਮੀਲ ਪੱਥਰ ਸਥਾਪਤ ਕੀਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਮੇਂ ਸਿਰ, ਸੰਪੂਰਨ ਇਲਾਜ ਪ੍ਰਦਾਨ ਕਰਕੇ ਇੱਕ ਸੁਰੱਖਿਅਤ, ਸਿਹਤਮੰਦ ਪੰਜਾਬ ਸਿਰਜਣ ਵਿੱਚ ਵੱਡਾ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ, ਜਿੱਥੇ ਪਹਿਲਾਂ ਹੀ ਓਪੀਡੀ ਵਿੱਚ 4.6 ਕਰੋੜ ਤੋਂ ਵੱਧ ਮਰੀਜ਼ਾਂ ਦੀ ਆਮਦ ਹੁੰਦੀ ਹੈ ਅਤੇ ਜੋ ਰੋਜ਼ਾਨਾ ਲਗਭਗ 70,000 ਮਰੀਜ਼ਾਂ ਨੂੰ ਇਲਾਜ ਪ੍ਰਦਾਨ ਕਰਦੇ ਹਨ, ਪੰਜਾਬ ਦੀ ਪ੍ਰਾਇਮਰੀ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਵਜੋਂ ਉੱਭਰੇ ਹਨ।ਇਨ੍ਹਾਂ ਸਾਰੇ ਕਲੀਨਿਕਾਂ ਵਿੱਚ ਏਆਰਵੀ ਸੇਵਾਵਾਂ ਨੂੰ ਏਕੀਕ੍ਰਿਤ ਕਰਕੇ, ਮਾਨ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਕੁੱਤੇ ਦੇ ਕੱਟਣ ਦਾ ਅਰਥ ਹੁਣ ਘਬਰਾਹਟ, ਖਰਚਾ ਜਾਂ ਦੇਰੀ ਨਹੀਂ ਹੈ।ਹੁਣ ਇਹ ਇਲਾਜ ਤੁਰੰਤ ਘਰ ਦੇ ਨਜ਼ਦੀਕ, ਬਿਨਾਂ ਕਤਾਰਾਂ ਵਿੱਚ ਲੱਗੇ ਅਤੇ ਬਿਨਾਂ ਕਿਸੇ ਵਿੱਤੀ ਬੋਝ ਦੇ ਉਪਲਬਧ ਕਰਵਾਇਆ ਜਾ ਰਿਹਾ ਹੈ ਅਤੇ ਪੂਰੀਆਂ ਪੰਜ ਖੁਰਾਕਾਂ ਵਾਲਾ ਇਹ ਟੀਕਾਕਰਨ ਕੋਰਸ ਨਜ਼ਦੀਕੀ ਕਲੀਨਿਕ 'ਤੇ ਮੁਫ਼ਤ ਪ੍ਰਦਾਨ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪੀੜਤਾਂ ਨੂੰ ਤੁਰੰਤ ਦੇਖਭਾਲ, ਸਹੀ ਸਲਾਹ, ਢਾਂਚਾਗਤ ਫਾਲੋ-ਅੱਪ ਅਤੇ ਨਿਰੰਤਰ ਡਾਕਟਰੀ ਨਿਗਰਾਨੀ ਪ੍ਰਦਾਨ ਕੀਤੀ ਜਾਂਦੀ ਹੈ। ਪੇਂਡੂ ਪਰਿਵਾਰਾਂ ਅਤੇ ਰੋਜ਼ਾਨਾ ਦਿਹਾੜੀ ਕਰਨ ਵਾਲਿਆਂ ਲਈ ਇਹ ਤਬਦੀਲੀ ਬਿਨਾਂ ਕਿਸੇ ਜੋਖ਼ਮ ਤੋਂ ਸੁਰੱਖਿਆ ਯਕੀਨੀ ਬਣਾਉਂਦੀ ਹੈ।



## ਮਨਰੇਗਾ ਦੀ ਬਹਾਲੀ ਤੇ ਹੋਰ ਮੰਗਾਂ ਨੂੰ ਲੈ ਕੇ ਡੀ ਸੀ ਦਫਤਰ ਅੱਗੇ ਵਿਸ਼ਾਲ ਇਕੱਠ

### * ਸਰਕਾਰ ਤੋਂ ਬਿਜਲੀ ਸੋਧ ਬਿੱਲ-2025 ਨੂੰ ਵਾਪਸ ਲੈਣ ਦੀ ਕੀਤੀ ਮੰਗ

ਧਾਰੀਵਾਲ/ਗੁਰਦਾਸਪੁਰ,(ਮਨਦੀਪ ਸਿੰਘ ਵਿੱਕੀ,ਜਨਕ ਮਹਾਜਨ)-ਕਿਸਾਨਾਂ, ਮਜ਼ਦੂਰਾਂ, ਬਿਜਲੀ ਕਾਮਿਆਂ ਤੇ ਹੋਰ ਲੋਕ ਹਿਤੈਸ਼ੀ ਜਥੇਬੰਦੀਆਂ ਵੱਲੋਂ ਡੀਸੀ ਦਫਤਰ ਗੁਰਦਾਸਪੁਰ ਸਾਹਮਣੇ ਵਿਸ਼ਾਲ ਤੇ ਰੋਹ ਭਰਪੂਰ ਧਰਨ ਦਿੱਤਾ ਗਿਆ।ਇਸ ਧਰਨੇ ਦੀਆਂ ਮੁੱਖ ਮੰਗਾਂ ਵਿੱਚ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਵਾਪਸ ਲੈਣ, ਮਨਰੇਗਾ ਕਾਨੂੰਨ ਨੂੰ ਬਹਾਲ ਕਰਨ ਤੇ ਚਾਰ ਸਿਵਿਲ ਕੋਡ ਰੱਦ ਕਰਕੇ ਪੁਰਾਣੇ 44 ਕਾਨੂੰਨ ਬਹਾਲ ਕਰਨ, ਬੇਰੁਜ਼ਗਾਰੀ ਦੂਰ ਕਰਨ ਆਦਿ ਸ਼ਾਮਿਲ ਸਨ।ਇਸ ਧਰਨੇ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਬਲਬੀਰ ਸਿੰਘ ਕੱਤੋਵਾਲ, ਲਖਵਿੰਦਰ ਸਿੰਘ ਮਰੜ, ਰਾਜ ਗੁਰਵਿੰਦਰ ਸਿੰਘ ਲਾਡੀ, ਤਰਲੋਕ ਸਿੰਘ ਬਹਿਰਾਮਪੁਰ, ਦਿਲਬਾਗ ਸਿੰਘ ਡੋਗਰ, ਮੱਖਣ ਸਿੰਘ ਕੁਹਾੜ, ਅਸ਼ਵਨੀ ਕੁਮਾਰ ਲਖਣ ਕਲਾਂ, ਗੁਰਮੁਖ ਸਿੰਘ ਖਹਿਰਾ, ਬਲਬੀਰ ਸਿੰਘ ਬੈਂਸ, ਗੁਰਮੀਤ ਸਿੰਘ ਮਗਰਾਲਾ, ਬਲਵਿੰਦਰ ਸਿੰਘ ਔਲਖ ਰਾਜੂ, ਐੱਸ. ਪੀ. ਸਿੰਘ ਗੋਸਲ, ਵਿਜੇ ਸੋਹਲ, ਜੋਗਿੰਦਰ ਪਾਲ ਪਨਿਆੜ, ਧਿਆਨ ਸਿੰਘ ਠਾਕਰ, ਸੰਜੀਵ ਮਿੰਟੂ, ਬਿਮਲ ਕੌਰ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਧੀਰ ਸਿੰਘ ਸਿੱਧੂ, ਦਿਲਬਾਗ ਸਿੰਘ, ਹੰਸਾ ਸਿੰਘ ਬਟਾਲਾ ਬਲਬੀਰ ਸਿੰਘ ਮੱਲੀ, ਸੰਜੀਵ ਸੈਣੀ, ਜਗਤਾਰ ਸਿੰਘ ਖੁੰਡਾ, ਬਲਵਿੰਦਰ ਸਿੰਘ ਉਦੀਪੁਰੀ, ਸਾਹਿਬ ਸਿੰਘ ਧਾਲੀਵਾਲ, ਗੁਰਵੇਲ ਸਿੰਘ ਬਲਪੁਰੀਆ, ਮੇਜਰ ਸਿੰਘ ਕੋਟ ਟੋਡਰਮੱਲ, ਦਿਲਬਾਗ ਸਿੰਘ ਨਵਾਂ ਪਿੰਡ, ਰਾਜਬੀਰ ਸਿੰਘ ਬਟਾਲਾ ਡੀਪੂ, ਤਰਨਜੀਤ ਸਿੰਘ ਆਦਿ ਨੇ ਸਾਂਝੇ ਤੌਰ 'ਤੇ ਕੀਤੀ।ਪ੍ਰਧਾਨਗੀ ਮੰਡਲ ਤੋਂ ਇਲਾਵਾ ਸਤਬੀਰ ਸਿੰਘ ਸੁਲਤਾਨੀ, ਕਰਨੈਲ ਸਿੰਘ ਸ਼ੇਰਪੁਰ, ਲਖਬੀਰ ਸਿੰਘ, ਗੁਰਦੀਪ ਕੌਰ ਗੋਸਲ, ਹਰਜੀਤ ਸਿੰਘ ਕਾਹਲੋਂ, ਮੰਗਤ ਸਿੰਘ ਜੀਵਨ ਚੱਕ, ਗੁਲਜਾਰ ਸਿੰਘ ਬਸੰਤਕੋਟ, ਬਲਵਿੰਦਰ ਕੌਰ ਕਾਲਾ ਅਫਗਾਨਾ, ਹਜ਼ਾਰਾ ਸਿੰਘ ਗਿੱਲ, ਅਜੀਤ ਸਿੰਘ ਹੁੰਦਲ, ਰੂਪ ਸਿੰਘ ਪੱਡਾ, ਪਲਵਿੰਦਰ ਸਿੰਘ ਮਠੋਲਾ, ਸੰਜੀਵ ਸ਼ਰਮਾ, ਰਘਬੀਰ ਸਿੰਘ ਚਾਹਲ, ਮਨਮੋਹਣ ਸਿੰਘ ਛੀਨਾ ਆਦਿ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਸਰਕਾਰ ਤੇ ਦੋਸ਼ ਲਾਇਆ ਕਿ ਉਹ ਕਿਸਾਨਾਂ ਮਜ਼ਦੂਰਾਂ ਤੇ ਹੋਰ ਸਭ ਮਿਹਨਤਕਸ਼ਾਂ ਨੂੰ ਬਰਬਾਦ ਕਰ ਰਹੀ ਹੈ। ਗਰੀਬਾਂ ਦੀਆਂ ਜੇਬਾਂ ਤੇ ਡਾਕਾ ਮਾਰ ਕੇ ਅਡਾਨੀਆਂ ਅੰਬਾਨੀਆਂ ਨੂੰ ਲਾਭ ਪਹੁੰਚਾ ਰਹੀ ਹੈ।ਸਾਰੇ ਅਧਿਕਾਰ ਆਪਣੇ ਕੋਲ ਰੱਖ ਕੇ ਫੈਡਰਲ ਢਾਂਚਾ ਬਰਬਾਦ ਕਰ ਰਹੀ ਹੈ।ਬਿਜਲੀ ਸੋਧ ਬਿੱਲ ਨਾਲ ਜਿੱਥੇ ਲੋਕਾਂ ਨੂੰ ਮੁਫਤ ਜਾਂ ਸਸਤੀ ਬਿਜਲੀ ਦੀ ਸਹੂਲਤ ਖਤਮ ਹੋ ਜਾਵੇਗੀ ਅਤੇ ਇਸ ਦਾ ਲਾਭ ਨਿੱਜੀ ਕੰਪਨੀਆਂ ਨੂੰ ਹੋਵੇਗਾ।ਮਨਰੇਗਾ ਨਾਲ ਗਰੀਬਾਂ ਨੂੰ ਪਹਿਲਾਂ ਹੀ ਮਸਾ 50 ਦਿਨ ਸਾਲ ਚ ਕੰਮ ਮਿਲਦਾ ਸੀ ਹੁਣ ਰਾਜਾਂ ਤੇ 10% ਦੀ ਥਾਂ 40% ਖਰਚਾ ਪਾ ਕੇ ਕੇਂਦਰ ਦੀ ਮਨ ਮਰਜ਼ੀ ਨਾਲ ਕੀ ਕੰਮ ਦੇ ਕੇ ਉਹਨਾਂ ਤੋਂ ਮਾੜੀ ਮੋਟੀ ਮਿਲਦੀ ਰੋਟੀ ਰੋਜੀ ਵੀ ਖੋਹ ਰਹੀ ਹੈ ।ਨਵਾਂ ਬੀਜ ਬਿੱਲ ਸਿਰਫ ਕੁਝ ਕੁ ਵੱਡੀਆਂ ਕੰਪਨੀਆਂ ਨੂੰ ਲਾਭ ਦੇਣ ਲਈ ਹੀ ਲਿਆਂਦਾ ਜਾ ਰਿਹਾ ਹੈ।ਇਸ ਸਮੇਂ ਮਜ਼ਦੂਰਾਂ ਦੀਆਂ ਲੰਬੀਆਂ ਲੜਾਈਆਂ ਨਾਲ ਪ੍ਰਾਪਤ ਕੀਤੇ 44 ਕਾਨੂੰਨ ਖਤਮ ਕਰਕੇ ਜੋ ਚਾਰ ਕੋਡ ਬਣਾਏ ਹਨ ਉਹ ਨਿਰੋਲ ਕਾਰਪੋਰੇਟਾਂ ਨੂੰ ਹੋਰ ਖੁਸ਼ਹਾਲ ਕਰ ਲਈ ਹਨ, ਜਦ ਕਿ ਮਜ਼ਦੂਰਾਂ ਦੀ ਡਿਊਟੀ ਅੱਠ ਘੰਟੇ ਦੀ ਥਾਂ 12 ਘੰਟੇ ਕਰ ਦਿੱਤੀ ਹੈ।ਵਰਤੋ ਤੇ ਸੁੱਟੋ ਦੀ ਨੀਤੀ ਮਜ਼ਦੂਰ ਵਰਗ ਤੇ ਲਾਗੂ ਕੀਤੀ ਗਈ ਹੈ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਮਜ਼ਦੂਰ ਜਮਾਤ ਨੂੰ ਜਾਤਾਂ ਧਰਮਾਂ ਦੇ ਨਾਂ ਤੇ ਵੰਡਣ ਦੀ ਨੀਤੀ ਹਰਗਿਜ਼ ਸਫਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜੇ ਕੇਂਦਰ ਸਰਕਾਰ ਨੇ ਆਪਣੀਆਂ ਲੋਕ ਵਿਰੋਧੀ ਨੀਤੀਆਂ ਵਿੱਚ ਤਬਦੀਲੀ ਨਾ ਕੀਤੀ ਤਾਂ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ।ਉਨ੍ਹਾਂ ਨੇ ਸਪਸ਼ਟ ਕਿਹਾ ਕਿ ਇਹ ਦੇਸ਼ ਮੋਦੀ ਜਾਂ ਸ਼ਾਹ ਦਾ ਨਹੀਂ ਇਹ ਮਿਹਨਤਕਸ਼ ਲੋਕਾਂ ਦਾ ਦੇਸ਼ ਹੈ ਤੇ ਉਹ ਇਸ ਦੇਸ਼ ਨੂੰ ਬਚਾਉਣ ਲਈ ਆਖਰੀ ਸਾਹ ਤੱਕ ਵੀ ਲੜਦੇ ਰਹਿਣਗੇ।ਇਸ ਮੌਕੇ ਵੈਨੇਜ਼ੁਏਲਾ ਤੇ ਅਮਰੀਕਾ ਦੇ ਹਮਲੇ ਦੀ ਨਿਖੇਦੀ ਕੀਤੀ ਗਈ, ਜੇਲਾਂ ਵਿੱਚ ਬੰਦ ਸਾਰੇ ਬੁੱਧੀ ਜੀਵੀ ਤੇ ਸਮਾਜਿਕ ਕਾਰਕੁਨ ਤੇ ਕੈਦ ਕੱਟ ਚੁੱਕੇ ਸਾਰੇ ਹੀ ਕੈਦੀ ਰਿਹਾ ਕਰਨ, ਪੱਤਰਕਾਰਾਂ ਤੇ ਨਜਾਇਜ਼ ਕੀਤੇ ਪਰਚੇ ਰੱਦ ਕਰਨ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੋਦ ਨੂੰ ਫੌਰੀ ਰਿਹਾ ਕਰਨ ਆਦਿ ਦੇ ਮਤੇ ਵੀ ਪਾਸ ਕੀਤੇ ਗਏ।



17 Jan Page 12.qxd 1/16/2026 9:17 PM Page 1



## ਜਨਮ ਦਿਨ ਮੁਬਾਰਕ




ਗੁਰਪ੍ਰਤਾਪ ਸਿੰਘ ਪਟਿਆਲਾ



ਤੇਜਸ਼ ਸ਼ਰਮਾ ਕੈਨੇਡਾ



ਤਨਵੀਰ ਕੌਰ ਬਿਆਸ



ਸਰਗੁਨਦੀਪ ਵਜ਼ੀਰ ਭੁੱਲਰ

# ਰਾਜਪਾਲ ਨੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਦੀ ਕੀਤੀ ਅਪੀਲ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਪੀ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨੌਜਵਾਨਾਂ ਨੂੰ ਆਪਣੀ ਯੋਗਤਾ ਅਤੇ ਸਿੱਖਿਆ ਦੀ ਵਰਤੋਂ ਦੇਸ਼ ਦੀ ਸੇਵਾ ਅਤੇ ਸਮਾਜ ਦੀ ਭਲਾਈ ਲਈ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇਸ਼ ਦਾ ਭਵਿੱਖ ਹਨ, ਜਿਨ੍ਹਾਂ 'ਤੇ ਭਾਰਤ ਦੀ ਤਰੱਕੀ ਨਿਰਭਰ ਕਰਦੀ ਹੈ। ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐਨ ਆਈ ਟੀ), ਜਲੰਧਰ ਦੇ 21ਵੇਂ ਡਿਗਰੀ ਵੰਡ ਸਮਾਰੋਹ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਕਨਵੋਕੇਸ਼ਨ ਵਿਦਿਆਰਥੀਆਂ ਦੇ ਜੀਵਨ ਦੇ ਸਭ ਤੋਂ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੁੰਦਾ ਹੈ, ਜੋ ਉਸ ਦਿਨ ਦਾ ਪ੍ਰਤੀਕ ਹੈ, ਜਦੋਂ ਸਾਲਾਂ ਦੀ ਸਖ਼ਤ ਮਿਹਨਤ ਨੂੰ ਫ਼ਲ ਮਿਲਦਾ ਹੈ। ਸਮਾਰੋਹ ਦੌਰਾਨ ਕੁੱਲ 1,454 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 1,011 ਬੀ.ਟੈਕ, 237 ਐਮ.ਟੈਕ, 23 ਐਮ.ਬੀ.ਏ., 90 ਐਮ.ਐਸ.ਸੀ. ਅਤੇ 92 ਪੀ.ਐਚ.ਡੀ. ਗ੍ਰੈਜੂਏਟ ਸ਼ਾਮਲ ਹਨ। ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ 31 ਮੈਡਲ, ਜਿਨ੍ਹਾਂ ਵਿੱਚ 30 ਵਿਸ਼ਾ-ਵਾਰ ਮੈਡਲ ਅਤੇ ਇੱਕ ਓਵਰਆਲ ਬੀ.ਟੈਕ ਟੌਪਰ ਮੈਡਲ ਸ਼ਾਮਲ ਹੈ, ਪ੍ਰਦਾਨ ਕੀਤੇ ਗਏ। ਰਾਜਪਾਲ ਨੇ ਐਨ.ਆਈ.ਟੀ. ਜਲੰਧਰ ਨੂੰ ਦੇਸ਼ ਦੇ ਪ੍ਰਮੁੱਖ ਸੰਸਥਾਨਾਂ ਵਿੱਚੋਂ ਇੱਕ ਦੱਸਦਿਆਂ ਕਿਹਾ ਕਿ ਇੱਥੋਂ ਪਾਸ ਹੋਣ ਵਾਲੇ ਵਿਦਿਆਰਥੀ ਸਫ਼ਲਤਾ ਪ੍ਰਾਪਤ ਕਰਕੇ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਤੋਂ ਪਹਿਲਾਂ ਬੋਰਡ ਆਫ਼ ਗਵਰਨਰਜ਼ ਦੇ ਚੇਅਰਪਰਸਨ, ਪ੍ਰੋ. ਜੇ.ਐਸ. ਯਾਦਵ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ।ਜਦਕਿ ਡਾਇਰੈਕਟਰ ਪ੍ਰੋ. ਬਿਨੋਦ ਕੁਮਾਰ ਕਨੌਜੀਆ ਨੇ ਸੰਸਥਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਮਿਆਰੀ ਸਿੱਖਿਆ ਤੇ ਖੋਜ ਰਾਹੀਂ ਰਾਸ਼ਟਰ ਨਿਰਮਾਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਬਰਾੜ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ ਵੀ ਮੌਜੂਦ ਸਨ।

# ਪੰਜਾਬ ਗ੍ਰਾਮੀਣ ਬੈਂਕ ਨੇ ਮਨਾਇਆ ਸਥਾਪਨਾ ਦਿਵਸ



**ਫਗਵਾੜਾ (ਡਾ. ਰਮਨ)**- ਪੰਜਾਬ ਗ੍ਰਾਮੀਣ ਬੈਂਕ ਬੰਗਾ ਰੋਡ ਫਗਵਾੜਾ ਵਿਖੇ ਬੈਂਕ ਦੇ 16ਵੇਂ ਸਥਾਪਨਾ ਦਿਵਸ ਮੌਕੇ ਗ੍ਰਾਹਕ ਮਿਲਣੀ ਦਾ ਆਯੋਜਨ ਬ੍ਰਾਂਚ ਮੈਨੇਜਰ ਸਤਨਾਮ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਬੈਂਕ ਦੇ ਅਸਿਸਟੈਂਟ ਮੈਨੇਜਰ ਅਨੁਰਾਗ ਬਾਂਸਲ ਅਤੇ ਜੋਤੀ ਸਹਾਰਨ ਦੀ ਅਗਵਾਈ ਹੇਠ ਸਮੂਹ ਸਟਾਫ ਵਲੋਂ ਬੈਂਕ ਦੇ ਗ੍ਰਾਹਕਾਂ ਨੂੰ ਜੀ ਆਇਆਂ ਆਖਿਆ ਗਿਆ। ਮੈਨੇਜਰ ਸਤਨਾਮ ਸਿੰਘ ਨੇ ਗ੍ਰਾਹਕਾਂ ਨੂੰ ਬੈਂਕ ਦੀਆਂ ਸਕੀਮਾਂ ਜਿਵੇਂ ਘਰ ਵਾਸਤੇ ਲੋਨ, ਕਾਰ, ਸਕੂਟਰ ਵਾਸਤੇ ਲੋਨ ਤੋਂ ਇਲਾਵਾ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਯੋਜਨਾ, ਅਟਲ ਪੈਨਸ਼ਨ ਯੋਜਨਾ ਅਤੇ ਜਨ-ਧੰਨ ਯੋਜਨਾ ਆਦਿ ਦੀ ਜਾਣਕਾਰੀ ਦਿੰਦਿਆਂ ਇਹਨਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਆ। ਉਹਨਾਂ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਵੱਲੋਂ ਬਹੁਤ ਹੀ ਘੱਟ ਵਿਆਜ 'ਤੇ ਕਰਜ਼ਾ ਦਿੱਤਾ ਜਾਂਦਾ ਹੈ। ਨਾਲ ਹੀ ਦੱਸਿਆ ਕਿ ਬੈਂਕ ਵਲੋਂ ਪਿਛਲੇ 16 ਸਾਲਾਂ ਦੌਰਾਨ ਗ੍ਰਾਹਕਾਂ ਦੀ ਗਿਣਤੀ ਨੂੰ 8014 ਤੱਕ ਵਧਾਇਆ ਗਿਆ ਹੈ ਅਤੇ ਵਧੀਆ ਸੇਵਾਵਾਂ ਦੇ ਨਾਲ ਬ੍ਰਾਂਚ ਵਿਖੇ ਵਧੀਆ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸਮਾਗਮ ਦੌਰਾਨ ਬੈਂਕ ਦਾ ਸਹਿਯੋਗ ਕਰਨ ਵਾਲੇ ਗ੍ਰਾਹਕਾਂ ਅਤੇ ਪਤਵੰਤਿਆਂ ਨੂੰ ਸਨਮਾਨਤ ਕੀਤਾ। ਪਿੰਡ ਵਜੀਦੋਵਾਲ ਦੇ ਸਰਪੰਚ ਰਿਪਲ ਕੁਮਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕਰਦਿਆਂ ਮੈਨੇਜਰ ਸਤਨਾਮ ਸਿੰਘ ਅਤੇ ਸਮੂਹ ਸਟਾਫ ਨੇ ਕਿਹਾ ਕਿ ਸਰਪੰਚ ਰਿਪਲ ਕੁਮਾਰ ਵਲੋਂ ਬੈਂਕ ਨੂੰ ਹਮੇਸ਼ਾ ਵਡਮੁੱਲਾ ਸਹਿਯੋਗ ਪ੍ਰਾਪਤ ਹੋ ਰਿਹਾ ਹੈ, ਜਿਸ ਦੇ ਲਈ ਉਹ ਤਹਿ ਦਿਲੋਂ ਧੰਨਵਾਦੀ ਹਨ। ਇਸ ਮੌਕੇ ਆਫਿਸ ਅਸਿਸਟੈਂਟ ਬਹਾਦਰ ਲਾਲ, ਸੋਨੀਆ, ਹਰਭਜਨ ਸਿੰਘ ਤੋਂ ਇਲਾਵਾ ਰਾਮ ਮੂਰਤੀ, ਸੱਤਿਆ ਦੇਵੀ, ਸ਼ਿਵ ਕੁਮਾਰ, ਅਵਤਾਰ ਸਿੰਘ, ਮਹਿੰਦਰ ਪਾਲ, ਸੋਮਨਾਥ, ਮਲਕੀਤ ਚੰਦ, ਬਨਾਰਸੀ ਦਾਸ ਆਦਿ ਵੀ ਹਾਜ਼ਰ ਸਨ।


## ਜੰਗੀ ਜ਼ਖਮੀ ਫਾਊਂਡੇਸ਼ਨ ਨੇ 10ਵਾਂ ਰੱਖਿਆ ਸੇਵਾਵਾਂ ਵੈਟਰਨਜ਼ ਦਿਵਸ ਮਾਣ-ਸਨਮਾਨ ਨਾਲ ਮਨਾਇਆ

**ਜਲੰਧਰ (ਸੁਰਿੰਦਰ ਕੁਮਾਰ)**- ਜੰਗੀ ਜ਼ਖਮੀ ਫਾਊਂਡੇਸ਼ਨ ਨੇ 14 ਜਨਵਰੀ ਨੂੰ 10ਵਾਂ ਰੱਖਿਆ ਸੇਵਾਵਾਂ ਵੈਟਰਨਜ਼ ਦਿਵਸ ਮਨਾਇਆ। ਇਸ ਮੌਕੇ 'ਤੇ ਅਪਾਹਜ ਸਾਬਕਾ ਸੈਨਿਕਾਂ ਦੀ ਆਜ਼ਾਦੀ ਤੇ ਸਵੈ-ਨਿਰਭਰਤਾ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਤੌਰ 'ਤੇ ਸੋਧੇ ਹੋਏ ਸਕੂਟਰਾਂ ਦੀ ਵੰਡ ਸ਼ਾਮਲ ਸੀ। ਇਹ ਪਹਿਲਕਦਮੀ ਨਿਸ਼ਠਾਬੱਧ ਪੁਨਰਵਾਸ ਅਤੇ ਜੀਵਨ ਭਰ ਸਹਾਇਤਾ ਦੁਆਰਾ ਮੁਸ਼ਕਿਲਾਂ ਨੂੰ ਤਾਕਤ ਵਿੱਚ ਬਦਲਣ ਲਈ ਫਾਊਂਡੇਸ਼ਨ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ।ਵੈਟਰਨਜ਼ ਰੈਲੀ ਦੌਰਾਨ, ਪੰਜਾਬ ਦੇ ਇੱਕ ਜ਼ਿਲ੍ਹੇ ਦੇ ਜੰਗੀ ਜ਼ਖਮੀ ਸਾਬਕਾ ਸੈਨਿਕਾਂ ਨੂੰ 12 ਸੋਧੇ ਹੋਏ ਸਕੂਟਰ ਭੇਟ ਕੀਤੇ ਗਏ। ਲਗਭਗ 2,500 ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਵਾਰਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ, ਜਿਸ ਨਾਲ ਦੋਸਤੀ, ਸ਼ੁਕਰਗੁਜ਼ਾਰੀ ਅਤੇ ਸਾਂਝੇ ਸੰਕਲਪ ਦਾ ਮਾਹੌਲ ਬਣਿਆ।

# ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਕਾਮਰੇਡ ਚਮਨ ਲਾਲ ਸ਼ਰਮਾ ਜੀ ਸਾਬਕਾ ਕੌਂਸਲਰ ਅੰਮ੍ਰਿਤਸਰ ਦੀ ਪਿਛਲੇ ਦਿਨਾਂ ਵਿੱਚ 8 ਜਨਵਰੀ 2026 ਨੂੰ ਮੌਤ ਹੋ ਗਈ ਸੀ। ਸ਼ਰਮਾ ਜੀ ਦੀ ਉਮਰ 103 ਸਾਲ ਦੇ ਕਰੀਬ ਹੋ ਚੁੱਕੀ ਸੀ। ਇਸ ਮਹਾਨ ਕਮਿਊਨਿਸਟ ਨੂੰ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮਹਾਨ ਦੇਸ਼ ਭਗਤ ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਜਵਾਲਾ ਸਿੰਘ ਠੱਠੀਆਂ, ਕਾਮਰੇਡ ਫਜ਼ਲ ਇਲਾਹੀ ਕੁਰਬਾਨ ਤੇ ਕਾਮਰੇਡ ਅੱਛਰ ਸਿੰਘ ਛੀਨਾ ਦੇ ਲੈਕਚਰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ।

ਚਮਨ ਲਾਲ ਸ਼ਰਮਾ ਜੀ ਦੇ ਆਪਣੇ ਵਿਚਾਰ ਅਨੁਸਾਰ ਬਾਬਾ ਸੋਹਣ ਸਿੰਘ ਭਕਨਾ ਜੀ ਨੇ ਆਪਣੇ ਲੈਕਚਰ ਵਿੱਚ ਜਦੋਂ ਇਹ ਕਹਿਣਾ ਕਿ ਬਟਨ ਦੱਬਣ ਨਾਲ ਧਰਤੀ ਵਿੱਚੋਂ ਪਾਣੀ ਬਾਹਰ ਨਿਕਲ ਆਉਂਦਾ ਹੈ। ਬੌਲਦਾਂ ਦੀ ਥਾਂ ਮਸ਼ੀਨ ਪੈਲੀਆਂ ਵਾਹੇਗੀ । ਅਸੀਂ ਸੋਚਣਾ ਕਿ ਇਹ ਕਿਸ ਤਰ੍ਹਾਂ ਹੋ ਸਕਦਾ, ਪਰ ਵੇਖਦਿਆਂ ਹੀ ਵੇਖਦਿਆਂ ਬਾਬਾ ਜੀ ਦੀਆਂ ਗੱਲਾਂ ਸੱਚੀਆਂ ਹੋ ਗਈਆਂ।



ਚਮਨ ਲਾਲ ਜੀ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸਤਲੁਜ ਕਾਟਨ ਮਿੱਲ ਉਕਾੜਾ ਤੋਂ ਕੀਤੀ। ਇਹ ਮਿੱਲ ਪਾਕਿਸਤਾਨ ਦੇ ਜ਼ਿਲ੍ਹੇ ਮਿੰਟਗੁਮਰੀ ਵਿੱਚ ਸੀ। ਇਸ ਮਿੱਲ ਵਿੱਚ ਚਮਨ ਲਾਲ ਜੀ ਦਾ ਵੱਡਾ ਭਰਾ ਗਿਰਧਾਰੀ ਲਾਲ ਏਟਕ ਵਿੱਚ ਕੰਮ ਕਰਦਾ ਸੀ ਤੇ ਉਨ੍ਹਾਂ ਤੋਂ ਹੀ ਸ਼ਰਮਾ ਜੀ ਨੂੰ ਕਮਿਊਨਿਸਟ ਵਿਚਾਰਾਂ ਦੀ ਚੇਟਕ ਲੱਗੀ । ਚਮਨ ਲਾਲ ਜੀ ਦੀ ਮਾਤਾ ਦਾ ਨਾਂਅ ਈਸ਼ਰ ਦੇਵੀ ਤੇ ਪਿਤਾ ਦਾ ਨਾਂਅ ਪੰਡਤ ਸੋਹਣ ਲਾਲ ਸੀ। ਇਨ੍ਹਾਂ ਦੇ ਭਰਾਵਾਂ ਦੇ ਨਾਂਅ ਗਿਰਧਾਰੀ ਲਾਲ ਤੇ ਕ੍ਰਿਸ਼ਨ ਲਾਲ ਅਤੇ ਭੈਣਾਂ ਦੇ ਨਾਂਅ ਵਿੱਦਿਆ, ਕੁਸ਼ੱਲਿਆ ਤੇ ਸ਼ਾਂਤੀ। ਸ਼ਰਮਾ ਜੀ 8 ਜਮਾਤਾਂ ਪਾਸ ਸਨ। ਆਪ ਉਰਦੂ, ਫਾਰਸੀ ਤੇ ਗੁਰਮੁਖੀ ਜਾਣਦੇ ਸਨ। ਚਮਨ ਲਾਲ ਜੀ ਦੀ ਪਤਨੀ ਦਾ ਨਾਂਅ ਕਮਲਾ ਰਾਣੀ ਸੀ । ਸ਼ਰਮਾ ਜੀ ਦਾ ਵੱਡਾ ਪੁੱਤਰ ਅਸ਼ਨਵੀ ਕੁਮਾਰ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਰਹੇ ਹਨ ਤੇ ਇਸ ਵੇਲੇ ਸੀ ਪੀ ਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਹਨ। ਛੋਟਾ ਪੁੱਤਰ ਰਾਜੇਸ਼ ਕੁਮਾਰ ਸਰਬ ਭਾਰਤ ਨੌਜਵਾਨ ਸਭਾ ਦੇ ਸਰਗਰਮ ਮੈਂਬਰ ਤੇ ਸੀ ਪੀ ਆਈ ਦੇ ਮੈਂਬਰ ਹਨ। ਇਸ ਵੇਲੇ ਕਾਰਖਾਨਾ ਚਲਾਉਣ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਦੇ ਭਰਾ ਗਿਰਧਾਰੀ ਲਾਲ ਦਾ ਪੁੱਤਰ ਸੁਰਿੰਦਰ ਕੁਮਾਰ ਵੀ ਨੌਜਵਾਨ ਸਭਾ ਤੇ ਪਾਰਟੀ ਵਿੱਚ ਸਰਗਰਮ ਰਿਹਾ ਹੈ।

ਜਿਸ ਵਕਤ ਚਮਨ ਲਾਲ ਜੀ ਉਕਾੜਾ ਮਿੱਲ ਵਿੱਚ ਕੰਮ ਕਰਦੇ ਸਨ ਤੇ 1946 ਵਿੱਚ ਉਕਾੜੇ ਵਿਖੇ ਸੀ ਪੀ ਆਈ ਪੰਜਾਬ ਦੀ ਕਾਨਫਰੰਸ ਹੋਈ। ਉੱਥੇ ਦੇਸ਼ ਭਗਤ ਪ੍ਰਿਥਵੀ ਸਿੰਘ ਆਜ਼ਾਦ ਨੇ ਝੰਡਾ ਝੁਲਾਇਆ ਸੀ। ਇੱਥੇ ਹੀ ਸ਼ਰਮਾ ਜੀ ਨੂੰ ਬਾਬਾ ਕੇਸਰ ਸਿੰਘ ਠੱਠਗੜ੍ਹ, ਭਾਈ ਜਵਾਲਾ ਸਿੰਘ ਠੱਠੀਆਂ ਤੇ ਕ੍ਰਿਸ਼ਨ ਸਚਦੇਵਾ ਨੂੰ ਮਿਲਣ ਤੇ ਸੁਣਨ ਦਾ ਮੌਕਾ ਮਿਲਿਆ । ਇਸੇ ਆਰੇ ਪਾਹਰੇ ਵਿੱਚ ਲਾਹੌਰ ਦੇ ਲਾਗਲੇ ਜ਼ਿਲ੍ਹਾ ਜੀਓ ਬੱਗਾ ਵਿਖੇ ਸੀ ਪੀ ਆਈ ਪੰਜਾਬ ਦਾ ਸਪੈਸ਼ਲ ਇਜਲਾਸ ਹੋਇਆ ਤੇ ਇਜਲਾਸ ਵਿੱਚ ਸ਼ਹੀਦ ਭਗਤ ਸਿੰਘ ਦੇ ਸਾਥੀ ਅਜੈ ਕੁਮਾਰ ਘੋਸ਼ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਉਸ ਵੇਲੇ ਕਾਮਰੇਡ ਜਗਜੀਤ ਸਿੰਘ ਆਨੰਦ, ਗੁਰਬਖ਼ਸ਼ ਸਿੰਘ ਚੱਠਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਦੋਵੇਂ ਧੀਆਂ ਉਰਮਿਲਾ ਆਨੰਦ ਤੇ ਅਨੂ ਪ੍ਰੀਆ (ਵੈਨੇਜ਼ੁਏਲਾ) ਅਤੇ ਬਾਕੀ ਪਾਤਰ ਪਿੰਡਾਂ ਵਿੱਚ ਪ੍ਰਸਿੱਧ ਨਾਟਕ ਹੁੱਲੇ-ਹੁਲਾਰੇ ਖੇਡਿਆ ਕਰਦੇ ਸਨ। ਪਿੰਡ ਕਾਨ-ਕਾਸਾ ਨਾਟਕ ਖੇਡਣ ਤੋਂ ਬਾਅਦ ਅੰਗਰੇਜ਼ਾਂ ਨੇ ਜਗਜੀਤ ਸਿੰਘ ਆਨੰਦ ਸਮੇਤ ਸਾਰੇ ਪਾਤਰ ਗ੍ਰਿਫਤਾਰ ਕਰ ਲਏ ਸਨ।

15 ਅਗਸਤ 1947 ਨੂੰ ਦੇਸ਼ ਤਾਂ ਸਾਮਰਾਜੀ ਅੰਗਰੇਜ਼ ਹਕੂਮਤ ਤੋਂ ਆਜ਼ਾਦ ਹੋ ਗਿਆ, ਪਰ ਉਹ ਜਾਣ ਲੱਗੇ ਦੇਸ਼ ਦੇ ਦੋ ਟੁਕੜੇ ਕਰਕੇ ਹਿੰਦੁਸਤਾਨ ਤੇ ਪਾਕਿਸਤਾਨ ਬਣਾ ਗਏ। ਇਕੱਠੇ ਦੇਸ਼ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਭਰਾਵਾਂ ਵਾਂਗੂੰ ਵਸਦੇ ਸਨ । ਜਦੋਂ ਦੋ ਮੁਲਖ ਬਣ ਗਏ ਤੇ ਉਹ ਹੀ ਵਸੋਂ ਇੱਕ-ਦੂਜੇ ਦੇ ਖ਼ੂਨ ਦੀ ਪਿਆਸੀ ਹੋ ਗਈ। ਦੋਹੀਂ ਪਾਸੀਂ ਮਨੁੱਖੀ ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ ਅਤੇ 10 ਲੱਖ ਦੇ ਕਰੀਬ ਲੋਕ ਮਾਰੇ ਗਏ। ਚਮਨ ਲਾਲ ਸ਼ਰਮਾ ਜੀ ਵੀ ਉਕਾੜੇ ਤੋਂ ਆਪਣੇ ਪਰਵਾਰ ਸਮੇਤ ਇੱਕ ਕਾਫਲੇ ਨਾਲ ਚੱਲੇ। ਰਸਤੇ ਵਿੱਚ ਕਾਫਲੇ 'ਤੇ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ ਤੇ 11 ਲੋਕ ਮਾਰੇ ਗਏ ਸਨ।

ਸ਼ਰਮਾ ਜੀ ਵਾਲੇ ਕਾਫਲੇ ਨਾਲ ਹੋਰ ਪਿੰਡਾਂ ਵਾਲੇ ਜੁੜ ਗਏ। ਕਾਫਲਾ ਰਾਵੀ ਦਰਿਆ ਦੇ ਪਾਕਿਸਤਾਨ ਵਾਲੇ ਕੰਢੇ 'ਤੇ ਪਹੁੰਚ ਗਿਆ। ਦਰਿਆ ਮੀਲ ਡੇਢ ਮੀਲ ਚੌੜਾ ਸੀ। ਦਰਿਆ ਪਾਰ ਕਰਨ ਲਈ ਕੱਚਾ ਕੋਠਾ ਢਾਹ ਕੇ ਛਤੀਰੀਆਂ ਦੀ ਆਰਜ਼ੀ ਬੇੜੀ ਬਣਾਈ, ਜਿਸ ਨੂੰ ਟੱਲਾ ਆਖਦੇ ਸਨ। ਸਵਾਰੀਆਂ ਬਿਠਾ ਕੇ ਟੱਲੇ ਨੂੰ ਧੱਕਣ ਤੇ ਨਾਲ ਨਾਲ ਪਾਣੀ ਵਿੱਚ ਤਰਨ ਦਾ ਕੰਮ ਚਮਨ ਲਾਲ ਜੀ ਵੀ ਕਰਦੇ ਸਨ। ਕਾਫਲਾ ਬੜਾ ਵੱਡਾ ਸੀ ਤੇ 14-15 ਦਿਨ ਤੋਂ ਲੋਕ ਦਰਿਆ ਦੇ ਕੰਢੇ 'ਤੇ ਬੈਠੇ ਸਨ। ਇਸ ਹਾਲਤ ਵਿੱਚ ਇੱਕ ਦਿਆਲੂ ਮੁਸਲਮਾਨ ਮਲਾਹ ਆਪਣੀ ਬੇੜੀ ਲੈ ਕੇ ਆਇਆ ਤੇ ਉਸ ਨੇ ਰਾਤ-ਦਿਨ ਇੱਕ ਕਰਕੇ ਲੋਕਾਂ ਨੂੰ ਦਰਿਆ ਪਾਰ ਕਰਕੇ ਹਿੰਦੁਸਤਾਨ ਪਹੁੰਚਾਇਆ ਸੀ।

ਚਮਨ ਲਾਲ ਜੀ ਦਾ ਪਰਵਾਰ ਅੰਮ੍ਰਿਤਸਰ ਆ ਗਿਆ। ਕਾਰਖਾਨਿਆਂ ਵਿੱਚ ਵਰਕਰਾਂ ਦੀ ਬਹੁਤ ਲੋੜ ਸੀ। ਉਹ ਇਸ ਲਈ ਕਿ ਮੁਸਲਮਾਨ ਵਰਕਰ ਪਾਕਿਸਤਾਨ ਜਾ ਚੁੱਕੇ ਸਨ। ਸ਼ਰਮਾ ਜੀ ਹਰੀਪੁਰਾ ਅੰਮ੍ਰਿਤਸਰ ਵਿਖੇ ਹਨੂੰਮਾਨ ਕਾਰਖਾਨੇ ਵਿੱਚ ਮਜ਼ਦੂਰੀ ਕਰਨ ਲੱਗ ਪਏ। ਚਮਨ ਲਾਲ ਜੀ ਟੀਕਾ ਰਾਮ ਸੁਖਨ ਨੂੰ ਉਕਾੜੇ ਵੀ ਮਿਲ ਚੁੱਕੇ ਸਨ, ਪਰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹਿਜਰਤ ਕੈਂਪ ਵਿੱਚ ਵੀ ਮੇਲ ਹੋਇਆ।

ਚਮਨ ਲਾਲ ਜੀ ਨੂੰ ਪਤਾ ਲੱਗਣ ਅਨੁਸਾਰ ਕਿ ਦਿੱਲੀ ਵਿਖੇ ਉਕਾੜਾ ਮਿੱਲ ਵਿੱਚ ਕੀਤੇ ਹੋਏ ਕੰਮ ਦੇ ਪੈਸੇ ਮਿਲਦੇ ਹਨ। ਉਹ ਪੈਸੇ ਮਿਲਣ ਦੀ ਆਸ ਵਿੱਚ 1948 ਵਿੱਚ ਦਿੱਲੀ ਚਲੇ ਗਏ। ਘੰਟਾ ਘਰ ਦੇ ਲਾਗੇ ਬਿਰਲੇ ਦੀ ਮਿੱਲ ਸੀ, ਉੱਥੋਂ ਉਨ੍ਹਾਂ ਨੂੰ ਪੈਸੇ ਮਿਲ ਗਏ, ਪਰ ਉਹ ਦਿੱਲੀ ਹੀ ਕਾਰਖਾਨੇ ਵਿੱਚ ਇੱਕ ਸਾਲ ਕੰਮ ਕਰਦੇ ਰਹੇ। ਉਨ੍ਹਾਂ ਉੱਥੇ ਮਕਾਨ ਵੀ ਆਪਣਾ ਲਿਆ ਹੋਇਆ ਸੀ, ਜੋ ਵਾਪਸੀ 'ਤੇ ਆਪਣੇ ਮਜ਼ਦੂਰ ਸਾਥੀ ਨੂੰ ਮੁਫ਼ਤ ਹੀ ਦੇ ਆਏ ਸਨ।

ਆਜ਼ਾਦ ਭਾਰਤ ਵਿੱਚ ਜਦੋਂ ਪਹਿਲੀ ਵਾਰ 1953 ਵਿੱਚ ਮਿਉਂਸਪਲ ਕਮੇਟੀ ਅੰਮ੍ਰਿਤਸਰ ਦੀ ਚੋਣ ਹੋਈ ਤੇ ਚਮਨ ਲਾਲ ਜੀ ਮਜ਼ਦੂਰ ਯੂਨੀਅਨ ਵੱਲੋਂ ਚੋਣ ਜਿੱਤ ਗਏ ਸਨ। ਇਸੇ ਤਰ੍ਹਾਂ 1967 ਵਿੱਚ ਮੁੜ ਚੋਣ ਜਿੱਤੇ ਸਨ। ਉਨ੍ਹਾਂ ਨੂੰ ਮਿਉਂਸਪਲ ਕਾਰਪੋਰੇਸ਼ਨ ਨੇ ਮਿਉਂਸਪਲ ਕਮੇਟੀ ਦੇ ਪਹਿਲੇ ਕੌਂਸਲਰ ਹੋਣ ਕਰਕੇ 2015 ਵਿੱਚ ਸਨਮਾਨਿਤ ਕੀਤਾ ਸੀ। ਆਪ ਨੇ ਅੰਨ ਸੱਤਿਆਗ੍ਰਹਿ ਵਿੱਚ 6 ਮਹੀਨੇ ਕੈਦ ਵੀ ਕੱਟੀ ਸੀ। ਆਪ ਪਟਿਆਲਾ ਜੇਲ੍ਹ ਵਿੱਚ ਕੈਦ ਸਾਥੀਆਂ ਦੇ ਆਗੂ ਰਹੇ ਸਨ। ਆਪ ਜੀ ਦੇ ਘਰ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਆਮ ਹੀ ਆਉਣ-ਜਾਣ ਸੀ। ਸੁਤੰਤਰ ਨੂੰ ਸ਼ਹਿਰ ਵਿੱਚ ਲੁਕਵੇਂ ਰੂਪ ਵਿੱਚ ਠਹਿਰਾਉਣ ਦੀ ਜ਼ਿੰਮੇਵਾਰੀ ਚਮਨ ਲਾਲ ਜੀ ਦੀ ਹੁੰਦੀ ਸੀ। ਸ਼ਰਮਾ ਜੀ ਦੇ ਘਰ ਹੀ ਸੁਤੰਤਰ ਦੀ ਮੁਲਾਕਾਤ ਉਨ੍ਹਾਂ ਨੇ ਕਾਮਰੇਡ ਸੱਤਪਾਲ ਡਾਂਗ ਤੇ ਵਿਮਲਾ ਡਾਂਗ ਜੀ ਨਾਲ ਕਰਾਈ ਸੀ।

ਚਮਨ ਲਾਲ ਜੀ ਲਾਲ ਪਾਰਟੀ ਦੇ ਅੰਮ੍ਰਿਤਸਰ ਸ਼ਹਿਰ ਦੇ ਸਕੱਤਰ ਰਹੇ ਸਨ। ਆਪ ਅੰਮ੍ਰਿਤਸਰ ਸ਼ਹਿਰ ਦੀ ਕਮਿਊਨਿਸਟ ਪਾਰਟੀ ਦੇ ਮੀਤ ਸਕੱਤਰ, ਜ਼ਿਲ੍ਹਾ ਐਗਜ਼ੈਕਟਿਵ ਤੇ ਕੌਂਸਲ ਮੈਂਬਰ ਅਤੇ ਟੈਕਸਟਾਇਲ ਮਜ਼ਦੂਰ ਯੂਨੀਅਨ ਅੰਮ੍ਰਿਤਸਰ ਦੇ ਸਕੱਤਰ ਵੀ ਰਹੇ । ਕਾਮਰੇਡ ਚਮਨ ਲਾਲ ਸ਼ਰਮਾ ਜੀ ਨਮਿਤ ਸ਼ਰਧਾਂਜਲੀ ਸਮਾਗਮ 17 ਜਨਵਰੀ 2026 ਨੂੰ ਹੋ ਰਿਹਾ ਹੈ। ਉਨ੍ਹਾਂ ਨੂੰ ਹਾਰਦਿਕ ਸ਼ਰਧਾਂਜਲੀ ਅਰਪਿਤ ਕੀਤੀ ਜਾਂਦੀ ਹੈ।

# ਸੰਪਰਕ : 98760-78731

# ਸਿਵਲ ਹਸਪਤਾਲ 'ਚ ਔਰਤ ਰੋਗ ਮਾਹਰ ਡਾਕਟਰ ਨਿਯੁਕਤ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਵਿਖੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਗਾਇਨੀਕੋਲੋਜਿਸਟ ਡਾ. ਸ਼ਾਰੂ ਪਠਾਨੀਆ ਨੇ ਆਪਣੀ ਡਿਊਟੀ ਜੁਆਇਨ ਕਰ ਲਈ ਹੈ। ਇਸ ਨਿਯੁਕਤੀ ਨਾਲ ਖੇਤਰ ਦੀਆਂ ਮਹਿਲਾਵਾਂ ਨੂੰ ਗਾਇਨੀਕੋਲੋਜੀ ਨਾਲ ਸੰਬੰਧਤ ਵਿਸ਼ੇਸ਼ ਇਲਾਜ ਸੇਵਾਵਾਂ ਸਬ ਡਵੀਜ਼ਨ ਪੱਧਰ 'ਤੇ ਹੀ ਉਪਲਬੱਧ ਹੋਣਗੀਆਂ।ਇਸ ਸਬੰਧੀ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੀ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਨੇ ਦੱਸਿਆ ਕਿ ਨਵੇਂ ਇਸਤਰੀ ਰੋਗ ਮਾਹਰ ਡਾਕਟਰ ਦੀ ਤਾਇਨਾਤੀ ਨਾਲ ਗਰਭਵਤੀ ਮਹਿਲਾਵਾਂ ਦੀ ਦੇਖਭਾਲ, ਸੁਰੱਖਿਅਤ ਡਿਲੀਵਰੀ, ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਦੀ ਨਿਗਰਾਨੀ ਅਤੇ ਹੋਰ ਇਸਤਰੀ ਰੋਗਾਂ ਦਾ ਇਲਾਜ ਹੋਰ ਬਿਹਤਰ ਢੰਗ ਨਾਲ ਕੀਤਾ ਜਾ ਸਕੇਗਾ। ਇਸ ਨਾਲ ਮਹਿਲਾਵਾਂ ਨੂੰ ਇਲਾਜ ਲਈ ਦੂਰ-ਦਰਾਜ਼ ਦੇ ਵੱਡੇ ਹਸਪਤਾਲਾਂ ਵੱਲ ਜਾਣ ਦੀ ਲੋੜ ਵੀ ਘੱਟ ਹੋਵੇਗੀ।ਹਸਪਤਾਲ ਪ੍ਰਬੰਧਨ ਵੱਲੋਂ ਨਵੇਂ ਡਾਕਟਰ ਦਾ ਸਵਾਗਤ ਕਰਦਿਆਂ ਉਮੀਦ ਜਤਾਈ ਗਈ ਕਿ ਉਹ ਆਪਣੀ ਪੇਸ਼ਾਵਰ ਮੁਹਾਰਤ ਅਤੇ ਤਜਰਬੇ ਨਾਲ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨਗੇ।



# ਖੈਰ ਦੀ ਲੱਕੜ ਨਾਲ ਲੱਦੀ ਗੱਡੀ ਫੜੀ, 70 ਮੋਛੇ ਬਰਾਮਦ

**ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਥਾਨਕ ਜੰਗਲਾਤ ਵਿਭਾਗ ਨੇ ਸਰਕਾਰੀ ਜੰਗਲ 'ਚੋਂ ਵੱਢੇ ਖੈਰਾਂ ਦੇ 70 ਮੋਛਿਆਂ ਸਮੇਤ ਦੋ ਵਿਅਕਤੀਆਂ ਅਤੇ ਇੱਕ ਬੋਲੈਰੋ ਗੱਡੀ ਨੂੰ ਕਾਬੂ ਕੀਤਾ ਹੈ। ਵਿਭਾਗ ਨੇ ਕਰਨਪੁਰ ਦੇ ਸਰਕਾਰੀ ਜੰਗਲ 'ਚੋਂ ਖੈਰ ਵੱਢੇ ਹੋਣ ਦੀ ਪੁਸ਼ਟੀ ਕੀਤੀ ਹੈ।ਵਣ ਰੇਂਜ ਅਫ਼ਸਰ ਦਲਜੀਤ ਕੁਮਾਰ ਤਲਵਾੜਾ ਨੇ ਦੱਸਿਆ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਨੇ ਅਗਲੇ ਹੁਕਮਾਂ ਤੱਕ ਸੂਬੇ ਅੰਦਰ ਦਰਖਤਾਂ ਦੀ ਕਟਾਈ 'ਤੇ ਰੋਕ ਲਗਾਈ ਹੋਈ ਹੈ। ਜੰਗਲਾਤ ਵਿਭਾਗ ਵੱਲੋਂ ਲੱਕੜ ਦੀ ਨਾਜਾਇਜ਼ ਕਟਾਈ ਨੂੰ ਰੋਕਣ ਲਈ ਤਲਵਾੜਾ ਵਣ ਰੇਂਜ ਅੰਦਰ ਰਾਤ ਦੇ ਨਾਕੇ ਲਗਾਏ ਗਏ ਹਨ। ਫਾਰੈਸਟਰ ਸੁਖਦੇਵ ਰਾਜ, ਇੰਚਾਰਜ ਕਰਨਪੁਰ ਬਲਾਕ, ਵਣ ਗਾਰਡ ਅਸ਼ਵਨੀ ਕੁਮਾਰ ਸ੍ਰੀ ਪੰਡਾਇਣ ਬੀਟ ਤੇ ਅਸ਼ਵਨੀ ਕੁਮਾਰ ਵਣ ਗਾਰਡ ਇੰਚਾਰਜ ਬੱਜਰ ਬੱਟੂ ਬੀਟ ਗਸ਼ਤ 'ਤੇ ਸਨ। ਉਨ੍ਹਾਂ ਕਰਨਪੁਰ ਬੀਟ 'ਚ ਰਾਤ ਕਰੀਬ 9 ਵਜੇ ਇੱਕ ਗੱਡੀ ਮਹਿੰਦਰਾ ਪਿਕਅੱਪ ਕਰਨਪੁਰ ਸਰਕਾਰੀ ਜੰਗਲ 'ਚ ਘੁੰਮਦੀ ਹੋਈ ਦੇਖੀ। ਮੁਲਾਜ਼ਮਾਂ ਵੱਲੋਂ ਗੱਡੀ ਨੂੰ ਰੋਕਣ ਦਾ ਇਸ਼ਾਰਾ ਕਰਨ 'ਤੇ ਚਾਲਕ ਤੇ ਉਸ ਨਾਲ ਬੈਠੇ ਵਿਅਕਤੀ ਨੇ ਗੱਡੀ ਨੂੰ ਭਜਾ ਲਿਆ। ਗਸ਼ਤ ਟੀਮ ਨੇ ਗੱਡੀ ਦਾ ਪਿੱਛਾ ਕੀਤਾ, ਅਤੇ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਚੌਂਕ ਤਲਵਾੜਾ ਦੇ ਨਜ਼ਦੀਕ ਗੱਡੀ ਨੂੰ ਕਾਬੂ ਕਰ ਲਿਆ। ਗੱਡੀ ਦੇ ਚਾਲਕ ਦੀ ਰਵੀ ਕੁਮਾਰ ਵਾਸੀ ਪਿੰਡ ਬਰਿੰਗਲੀ ਅਤੇ ਨਾਲ ਬੈਠੇ ਵਿਅਕਤੀ ਦੀ ਯਾਦਵਿੰਦਰ ਮਿਨਹਾਸ ਵਾਸੀ ਪਲਾਹੜ ਵਜੋਂ ਪਛਾਣ ਹੋਈ ਹੈ। ਗੱਡੀ ਵਿੱਚ ਲੱਦੇ 70 ਮੋਛੇ ਖੈਰ ਦੀ ਲੱਕੜ ਸੰਬੰਧੀ ਉਹ ਕੋਈ ਵੀ ਸਬੂਤ ਪੇਸ਼ ਨਾ ਕਰ ਸਕੇ। ਵਿਭਾਗ ਵੱਲੋਂ ਸਖ਼ਤੀ ਨਾਲ ਪੁੱਛ ਪੜਤਾਲ ਕਰਨ 'ਤੇ ਵਿਅਕਤੀਆਂ ਨੇ ਕਰਨਪੁਰ ਦੇ ਸਰਕਾਰੀ ਜੰਗਲ ਵਿੱਚੋਂ ਖੈਰ ਦੇ ਦਰੱਖਤ ਵੱਢਣ ਦੀ ਗੱਲ ਸਵੀਕਾਰ ਕੀਤੀ ਹੈ।ਵਣ ਰੇਂਜ ਅਫ਼ਸਰ ਦਲਜੀਤ ਕੁਮਾਰ ਨੇ ਦਸਿਆ ਕਿ ਉਕਤ ਖੈਰ ਦੇ ਮੋਛੇ ਕਰਨਪੁਰ 'ਚ ਪੈਂਦੇ ਸਰਕਾਰੀ ਜੰਗਲ ਵਿੱਚੋਂ ਵੱਢਣ ਦੀ ਪੁਸ਼ਟੀ ਹੋਈ ਹੈ। ਲੱਕੜ ਦੀ ਬਜ਼ਾਰ ਕੀਮਤ 4 ਲੱਖ 27 ਹਜ਼ਾਰ ਦੇ ਕਰੀਬ ਹੈ। ਵਿਭਾਗ ਨੇ 4.27 ਲੱਖ ਰੁਪਏ ਦੀ ਡੈਮੇਜ਼ ਰਿਪੋਰਟ ਕੱਟ ਕੇ ਮੁਲਜ਼ਮਾਂ ਕੋਲੋਂ ਰਕਮ ਵਸੂਲ ਕਰ ਲਈ ਹੈ। ਵਿਭਾਗ ਦੀ ਟੀਮ ਅਗਲੇਰੀ ਜਾਂਚ ਵਿਚ ਜੁੱਟ ਗਈ ਹੈ। ਉਨ੍ਹਾਂ ਮੁਲਜ਼ਮਾਂ ਵੱਲੋਂ ਸਹਿਯੋਗ ਨਾ ਕਰਨ 'ਤੇ ਪੁਲਸ ਕਾਰਵਾਈ ਅਮਲ 'ਚ ਲਿਆਉਣ ਦੀ ਗੱਲ ਕਹੀ।



**ਆਤਿਸ਼ੀ ਦਾ ਫਰਜ਼ੀ ਵੀਡੀਓ ਦਾ ਮਾਮਲਾ**

# ਅਦਾਲਤ ਨੇ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਫਰਜ਼ੀ ਵੀਡੀਓ ਤੁਰੰਤ ਹਟਾਉਣ ਦੇ ਦਿੱਤੇ ਹੁਕਮ

**ਜਲੰਧਰ/ਚੰਡੀਗੜ੍ਹ, (ਨ ਜ ਸ)**- ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੱਡਾ ਝਟਕਾ ਦਿੰਦਿਆਂ ਜਲੰਧਰ ਦੀ ਇੱਕ ਅਦਾਲਤ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਆਤਿਸ਼ੀ ਨਾਲ ਸਬੰਧਤ ਫਰਜ਼ੀ ਵੀਡੀਓ ਮਾਮਲੇ ਵਿੱਚ ਵੱਡਾ ਹੁਕਮ ਜਾਰੀ ਕੀਤਾ ਹੈ। ਫੋਰੈਂਸਿਕ ਰਿਪੋਰਟ ਦੇ ਅਧਾਰ 'ਤੇ, ਜਿਸ ਵਿੱਚ ਸਾਬਤ ਹੋਇਆ ਕਿ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਇਹ ਫਰਜ਼ੀ ਸੀ, ਅਦਾਲਤ ਨੇ ਇਸ ਨੂੰ ਸਾਰੇ ਪ੍ਰਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਤੁਰੰਤ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਦੇ ਇਸ ਫੈਸਲੇ ਨਾਲ ਭਾਜਪਾ ਦੀ ਝੂਠ ਅਤੇ ਨਫਰਤ ਦੀ ਰਾਜਨੀਤੀ ਸਿੱਧੇ ਤੌਰ 'ਤੇ ਬੇਨਕਾਬ ਹੋਈ ਹੈ। ਅਦਾਲਤ ਨੇ ਫੇਸਬੁੱਕ, ਇੰਸਟਾਗ੍ਰਾਮ, ਐਕਸ ਤੇ ਟੈਲੀਗ੍ਰਾਮ ਨੂੰ 24 ਘੰਟਿਆਂ ਦੇ ਅੰਦਰ ਇਸ ਫਰਜ਼ੀ ਤੇ ਛੇੜਛਾੜ ਕੀਤੀ ਵੀਡੀਓ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਗਲਤ ਜਾਣਕਾਰੀ ਦੇ ਫੈਲਾਅ ਵਿਰੁੱਧ ਸਖ਼ਤ ਰੁਖ ਅਖਤਿਆਰ ਕਰਦਿਆਂ ਅਦਾਲਤ ਨੇ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸਾਈਬਰ ਕ੍ਰਾਈਮ ਵਿਭਾਗ ਤੋਂ ਜਾਣਕਾਰੀ ਮਿਲਣ 'ਤੇ ਅਜਿਹੀ ਕਿਸੇ ਵੀ ਵੀਡੀਓ ਨੂੰ ਤੁਰੰਤ ਹਟਾਇਆ ਜਾਵੇ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੀ ਫਰਜ਼ੀ ਸਮੱਗਰੀ ਦੇ ਪ੍ਰਸਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਅਦਾਲਤ ਦੇ ਹੁਕਮਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਇਕ ਵਾਰ ਫਿਰ ਭਾਜਪਾ ਦੇ ਝੂਠ, ਫਰੇਬ ਅਤੇ ਗਲਤ ਇਰਾਦੇ ਪੂਰੀ ਤਰ੍ਹਾਂ ਬੇਨਕਾਬ ਹੋ ਗਏ ਹਨ।



## ਜੰਡੋਲੀ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ 19 ਤੋਂ ਸ਼ੁਰੂ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸੰਤ ਬਾਬਾ ਹਰਨਾਮ ਸਿੰਘ ਦੀ ਯਾਦ ਵਿੱਚ ਪਿੰਡ ਜੰਡੋਲੀ ਵਿਖੇ ਫੁੱਟਬਾਲ ਟੂਰਨਾਮੈਂਟ 19 ਜਨਵਰੀ ਤੋਂ ਸ਼ੁਰੂ ਹੋ ਰਿਹਾ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਸੁਖਵਿੰਦਰ ਸਿੰਘ ਸੋਨੀ ਪ੍ਰਧਾਨ, ਸੁਖਵਿੰਦਰ ਸਿੰਘ ਗਰੇਵਾਲ ਸਾਬਕਾ ਪ੍ਰਧਾਨ, ਬਲਵੀਰ ਸਿੰਘ ਸਰਪੰਚ ਜੰਡੋਲੀ, ਬਲਵੀਰ ਸਿੰਘ ਪ੍ਰਧਾਨ ਨੌਜਵਾਨ ਸਭਾ, ਕੁਲਦੀਪ ਰਾਣਾ ਪ੍ਰਧਾਨ ਛਿੰਝ ਮੇਲਾ ਕਮੇਟੀ, ਦਿਲਜੀਤ ਸਿੰਘ ਪ੍ਰਧਾਨ ਨੌਜਵਾਨ ਸਭਾ, ਡਾਕਟਰ ਕੁਲਵਿੰਦਰ ਸਿੰਘ ਪ੍ਰਧਾਨ ਸਤਿਗੁਰੂ ਨਿਰੰਜਨ ਦਾਸ ਟਰੱਸਟ, ਚਰਨਜੀਤ ਸਿੰਘ, ਭੁਪਿੰਦਰ ਸਿੰਘ, ਅਮਰੀਕ ਸਿੰਘ, ਜੁਝਾਰ ਸਿੰਘ, ਮਨਦੀਪ ਸਿੰਘ ਸਮੇਤ ਪਿੰਡ ਦੀਆਂ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਹੋਈਆਂ।



## ਬਹਿਰਾਮ ਵਿਖੇ ਸਾਲਾਨਾ ਮੇਲਾ 31 ਤੋਂ



**ਬੰਗਾ (ਅਵਤਾਰ ਕਲੇਰ)**- ਦਾਤਾ ਅਬਦੁੱਲ ਰਹਿਮਾਨ ਜੀ ਸੱਯਦ ਦੀ ਯਾਦ 'ਚ 46ਵਾਂ ਸਲਾਨਾ ਮੇਲਾ ਰੌਜ਼ਾ ਬਾਗ਼ ਸ਼ਰੀਫ਼ ਬਹਿਰਾਮ ਵਿਖੇ 31 ਜਨਵਰੀ ਅਤੇ 1 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਪੋਸਟਰ ਜਾਰੀ ਕਰਦਿਆਂ ਗੱਦੀ ਨਸ਼ੀਨ ਬਾਬਾ ਜੋਨੀ ਸ਼ਾਹ ਕਾਦਰੀ ਨੇ ਦੱਸਿਆ ਕਿ ਸਾਈਂ ਉਮਰੇ ਸ਼ਾਹ ਕਾਦਰੀ ਗੱਦੀਨਸ਼ੀਨ ਰੌਜ਼ਾ ਸ਼ਰੀਫ਼ ਮੰਢਾਲੀ, ਸ਼ੀਲਾ ਮਹੰਤ ਸਾਬਰੀ, ਬਾਬਾ ਅਸ਼ੋਕ ਸ਼ਾਹ ਕਾਦਰੀ ਦੇ ਅਸ਼ੀਰਵਾਦ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮੇਲਾ ਮਨਾਇਆ ਜਾ ਰਿਹਾ ਹੈ। 31 ਜਨਵਰੀ ਸ਼ਾਮ ਨੂੰ ਝੰਡੇ ਦੀ ਰਸਮ, ਚਿਰਾਗ ਰੋਸ਼ਨ ਅਤੇ ਰਾਤ ਨੂੰ ਕਵਾਲੀਆਂ ਦੀ ਮਹਿਫ਼ਿਲ ਹੋਵੇਗੀ। 1 ਫਰਵਰੀ ਸਵੇਰੇ ਚਾਦਰ ਦੀ ਰਸਮ ਅਦਾ ਕਰਨ ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰ ਅਤੇ ਕਵਾਲ ਪਾਰਟੀਆਂ ਹਾਜ਼ਰੀਆਂ ਭਰਨਗੇ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਇਸ ਮੌਕੇ ਬਾਬਾ ਜੋਨੀ ਸ਼ਾਹ ਕਾਦਰੀ, ਇਕਬਾਲ ਸਿੰਘ ਕਾਹਲੋਂ, ਹਰਪਾਲ ਸਿੰਘ ਕਾਹਲੋਂ, ਆਲਮ ਕਾਹਲੋਂ, ਹਰਪ੍ਰੀਤ ਸਿੰਘ ਕਾਹਲੋਂ, ਮੋਹਣ ਲਾਲ ਸਰਪੰਚ, ਮਹਿੰਦਰ ਪਾਲ ਸੰਮਤੀ ਮੈਂਬਰ, ਜਿੰਦਰ ਅਟਵਾਲ, ਸੁਰਜੀਤ ਸਿੰਘ ਠੀਂਡਾ, ਜੀਤਾ ਪੂਨੀਆਂ, ਕਾਲਾ, ਪ੍ਰੇਮ ਕੁਲਥਮ, ਛਿੰਦੀ, ਪਰਮਜੀਤ ਸਿੰਘ ਢੱਡਾ, ਸਤਨਾਮ ਸਿੰਘ, ਕੁਲਵਿੰਦਰ ਸਿੰਘ, ਸਿਮਰਨਜੀਤ ਕੌਰ, ਸੁਰਿੰਦਰ ਕੌਰ, ਬਲਵੀਰ ਕੌਰ, ਜਸਵੀਰ ਕੌਰ ਆਦਿ ਹਾਜ਼ਰ ਸਨ।

# ਕਾਰਡ ਬਣਾਉਣ ਲਈ 4 ਰੁਪਏ ਮਿਹਨਤਾਨਾ ਨਿਰਧਾਰਤ ਕਰਨਾ ਇੱਕ ਕੋਝਾ ਮਜ਼ਾਕ : ਸਤਨਾਮ ਦੀਪਕ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਇੱਕ ਅਹਿਮ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਅੰਦਰ ਪੰਜਾਬ ਦੇ ਹਰੇਕ ਪਰਵਾਰ ਨੂੰ 10 ਲੱਖ ਰੁਪਏ ਦਾ ਹਸਪਤਾਲ ਅੰਦਰ ਮੁਫ਼ਤ ਇਲਾਜ ਕਰਵਾਉਣ ਦੀ ਸੁਵਿਧਾ ਮਿਲੇਗੀ। ਇਸ ਯੋਜਨਾ ਦੇ ਕਾਰਡ ਬਣਾਉਣ ਲਈ ਸਰਕਾਰ ਵਲੋਂ ਸੀ ਐੱਸ ਸੀ ਵੀ ਐੱਲ ਈ ਨੂੰ ਨਿਰਧਾਰਤ ਕੀਤਾ ਗਿਆ ਹੈ ਜੋ ਕਿ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਇਹ ਕਾਰਡ ਬਣਾਉਣਗੇ। ਇਹ ਯੋਜਨਾ ਲੋਕਾਂ ਦੀ ਭਲਾਈ ਲਈ ਇਕ ਬਹੁਤ ਹੀ ਮਹੱਤਵਪੂਰਨ ਹੈ। ਇਸ ਸੰਬੰਧੀ ਸੀ ਐੱਸ ਸੀ ਵੀ ਐੱਲ ਈ ਐੱਸ ਪੀ ਵੀ ਸੋਸਾਇਟੀ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਦੀਪਕ ਨੇ ਦੱਸਿਆ ਕਿ ਸਰਕਾਰ ਵਲੋਂ ਸਮੇਂ ਸਮੇਂ 'ਤੇ ਚਲਾਈਆਂ ਜਾਂਦੀਆਂ ਯੋਜਨਾਵਾਂ ਨੂੰ ਘਰ ਘਰ ਤੱਕ ਪਹੁੰਚਣ ਲਈ ਵੀ ਐੱਲ ਈ ਦਾ ਇੱਕ ਅਹਿਮ ਰੋਲ ਹੁੰਦਾ ਹੈ ਜੋ ਕਿ ਸਰਕਾਰ ਲਈ ਇਕ ਵਲੰਟੀਅਰ ਦੇ ਤੌਰ 'ਤੇ ਕੰਮ ਕਰਦਾ ਹੈ ਕਿਉਂਕਿ ਸੀ ਐੱਸ ਸੀ ਵਲੋਂ ਕਿਸੇ ਵੀ ਵੀ ਐੱਲ ਈ ਨੂੰ ਕੋਈ ਨਿਰਧਾਰਤ ਤਨਖਾਹ ਨਹੀਂ ਦਿੱਤੀ ਜਾਂਦੀ ਸਗੋਂ ਵੀ ਐੱਲ ਈ ਵਲੋਂ ਪਿੰਡਾਂ ਵਿਚ ਆਪਣੇ ਖਰਚੇ 'ਤੇ ਸੀ ਐੱਸ ਸੀ ਸੈਂਟਰ ਖੋਲ੍ਹੇ ਜਾਂਦੇ ਹਨ ਜਿਸ ਵਿਚ ਉਹ ਆਪਣੇ ਖਰਚੇ 'ਤੇ ਲੱਖਾਂ ਰੁਪਏ ਲਗਾ ਕੇ ਕੰਪਿਊਟਰ, ਲੈਪਟੋਪ, ਪ੍ਰਿੰਟਰ, ਡਿਵਾਈਸ ਅਤੇ ਹੋਰ ਵੀ ਕੀਮਤੀ ਮਸ਼ੀਨਾਂ ਲਗਾ ਕੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਕੋਲ ਹੀ ਸਾਰੀਆਂ ਸਹੂਲਤਾਂ ਦਿੰਦੇ ਹਨ ਅਤੇ ਆਪਣਾ ਅਤੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਇਸ ਦੇ ਨਾਲ ਹੀ ਉਸ ਨੂੰ ਆਪਣੇ ਸੈਂਟਰ ਦੇ ਖਰਚੇ ਜਿਵੇਂ ਬਿਜਲੀ ਦਾ ਬਿੱਲ, ਇੰਟਰਨੈਟ ਦਾ ਬਿੱਲ ਅਤੇ ਬਿਲਡਿੰਗ ਦਾ ਕਿਰਾਇਆ ਆਦਿ ਆਪਣੀ ਇਸੇ ਤੁੱਛ ਜਿਹੀ ਆਮਦਨ ਵਿਚੋਂ ਹੀ ਪੂਰੇ ਕਰਨੇ ਪੈਂਦੇ ਹਨ। ਹੁਣ ਸਰਕਾਰ ਵਲੋਂ ਵੀ ਐੱਲ ਈ ਨੂੰ 10 ਲੱਖ ਦੀ ਸਿਹਤ ਯੋਜਨਾ ਵਾਲਾ ਕਾਰਡ ਬਣਾਉਣ ਲਈ ਜੋ 4 ਰੁਪਏ ਮਿਹਨਤਾਨਾ ਨਿਰਧਾਰਤ ਕੀਤਾ ਗਿਆ ਹੈ ਉਹ ਵੀ ਐੱਲ ਈ ਨਾਲ ਇਕ ਕੋਝਾ ਮਜ਼ਾਕ ਹੀ ਕੀਤਾ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਜ਼ਿਲ੍ਹਾ ਉੱਪ ਪ੍ਰਧਾਨ ਅਵਤਾਰ ਸਿੰਘ ਧੀਮਾਨ ਅਤੇ ਸਕੱਤਰ ਜੀਵਨ ਕੁਮਾਰ ਨੇ ਦੱਸਿਆ ਕਿ ਵੀ ਐੱਲ ਈ ਨੂੰ ਸਰਕਾਰ ਵਲੋਂ ਹਦਾਇਤ ਹੈ ਕਿ ਰੋਜ਼ਾਨਾ 35 ਤੋਂ 40 ਕਾਰਡ ਬਣਾਏ ਜਾਣ ਪ੍ਰੰਤੂ ਜਿਨ੍ਹਾਂ ਸਮਾਂ ਇੱਕ ਕਾਰਡ ਬਣਾਉਣ ਲਈ ਲੱਗਦਾ ਹੈ ਉਸ ਅਨੁਸਾਰ 35 ਤੋਂ 40 ਕਾਰਡ ਨਹੀਂ ਬਣ ਸਕਦੇ। ਉਨ੍ਹਾਂ ਦੱਸਿਆ ਕਿ ਜੇਕਰ 40 ਕਾਰਡ ਬਣ ਵੀ ਜਾਣ ਤਾਂ ਵੀ ਕਾਰਡ ਦੀ ਡਲਿਵਰੀ ਤੱਕ 7 ਰੁਪਏ ਕਾਰਡ ਦੇ ਹਿਸਾਬ ਨਾਲ ਕੇਵਲ 280 ਰੁਪਏ ਹੀ ਬਣਦੇ ਹਨ। ਜੇਕਰ ਵੀ ਐੱਲ ਈ ਇਹ ਕਾਰਡ ਬਣਾਉਂਦਾ ਹੈ ਤਾਂ ਉਸ ਦੇ ਰੋਜ਼ਾਨਾ ਦੇ ਬਾਕੀ ਕੰਮ ਰਹਿ ਜਾਣਗੇ ਅਤੇ ਜੇਕਰ ਇਹ ਦੇਖਿਆ ਜਾਵੇ ਤਾਂ ਇਹ ਮਿਹਨਤਾਨਾ ਇਕ ਅਨਪੜ੍ਹ ਮਜ਼ਦੂਰ ਦੀ ਦਿਹਾੜੀ ਜੋ ਅੱਜ ਲਗਭਗ 600 ਰੁਪਏ ਹੁੰਦੀ ਹੈ ਉਸ ਤੋਂ ਵੀ ਅੱਧੀ ਹੀ ਹੈ ਜਿਸ ਨਾਲ ਉਸ ਦਾ ਗੁਜ਼ਾਰਾ ਕਦੀ ਵੀ ਨਹੀਂ ਹੋ ਸਕਦਾ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇੱਕ ਵੀ ਐੱਲ ਈ ਨੂੰ ਪ੍ਰਤੀ ਵਿਅਕਤੀ ਘੱਟ ਤੋਂ ਘੱਟ 50 ਰੁਪਏ ਮਿਹਨਤਾਨਾ ਕੀਤਾ ਜਾਵੇ।



# ਐਕਟਿਵਾ ਨੂੰ ਟੱਕਰ ਮਾਰ ਕੇ ਭੱਜਣ ਵਾਲਿਆਂ 'ਤੇ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਵੇ : ਅਲਾਵਲਪੁਰ ਵਾਸੀ



**ਅਲਾਵਲਪੁਰ (ਮਦਨ ਬੰਗੜ)**- ਪਿਛਲੇ ਦਿਨੀਂ ਮਿਤੀ 31 ਦਸੰਬਰ ਨੂੰ ਸ਼ਾਮ 5:45 'ਤੇ ਅਲਾਵਲਪੁਰ ਨਜ਼ਦੀਕ ਐਕਟਿਵਾ ਸਵਾਰ ਅਲਾਵਲਪੁਰ ਵਾਸੀ ਰਾਹੁਲ ਨੂੰ ਕਾਰ ਸਵਾਰ ਟੱਕਰ ਮਾਰ ਕੇ ਸੜਕ ਵਿੱਚ ਤੜਫਦੇ ਹੀ ਛੱਡ ਕੇ ਕਾਰ ਸਵਾਰ ਫਰਾਰ ਹੋ ਗਏ ਸਨ। ਜਿਸ ਤੋਂ ਬਾਅਦ ਐਕਟਿਵਾ ਸਵਾਰ ਰਾਹੁਲ ਦੀ ਮੌਤ ਹੋ ਗਈ ਸੀ। ਅੱਜ ਸਮੂਹ ਸ਼ਹਿਰ ਵਾਸੀਆਂ ਦੇ ਭਾਰੀ ਇਕੱਠ ਨੇ ਅਲਾਵਲਪੁਰ ਪੁਲਸ ਚੌਂਕੀ ਨੂੰ ਇੱਕ ਮੰਗ ਪੱਤਰ ਦਿੱਤਾ। ਜਿਸ ਵਿਚ ਉਹਨਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਲਾਵਲਪੁਰ ਦੇ ਰਾਹੁਲ ਨੂੰ ਟੱਕਰ ਮਾਰਨ ਵਾਲੇ ਕਾਰ ਸਵਾਰ ਅਲਾਵਲਪੁਰ ਨਿਵਾਸੀ ਦੋ ਦੋਸ਼ੀਆਂ ਉੱਪਰ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਵੇ । ਉਨਾਂ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਕਿ ਅਗਰ ਦੋ ਦਿਨਾਂ ਦੇ ਵਿੱਚ ਦੋਸ਼ੀਆਂ ਨੂੰ ਕਾਬੂ ਕਰਕੇ ਉਹਨਾਂ ਉੱਪਰ ਕਤਲ ਦਾ ਮੁਕੱਦਮਾ ਨਾ ਦਰਜ ਕੀਤਾ ਗਿਆ, ਤਾਂ ਸਮੂਹ ਸ਼ਹਿਰ ਵਾਸੀ ਵੱਡੇ ਪੱਧਰ 'ਤੇ ਪ੍ਰਸ਼ਾਸਨ ਖਿਲਾਫ ਪ੍ਰਦਰਸ਼ਨ ਕਰਨਗੇ। ਇਸ ਮੌਕੇ ਰਾਜੀਵ ਪਾਂਜਾ, ਮੁਕੰਦਰ ਲਾਲ, ਨਰੇਸ਼ ਕੁਮਾਰ ਮਿੰਟੀ, ਪਰਮਜੀਤ, ਸੁਭਾਸ਼ ਭਨੋਟ, ਜੰਗ ਬਹਾਦਰ, ਨਰੇਸ਼ ਕੁਮਾਰ, ਨਰਿੰਦਰ ਸ਼ਰਮਾ, ਰਾਜੇਸ਼ ਚੋਡਾ, ਰਮਨ ਭੰਡਾਰੀ, ਅੰਕੁਰ ਮਿਸ਼ਰਾ, ਅਸ਼ਵਨੀ ਸ਼ਰਮਾ, ਸੁਭਾਸ਼ ਅਗਰਵਾਲ ਆਦਿ ਤੋਂ ਇਲਾਵਾ ਸ਼ਹਿਰ ਵਾਸੀ ਸ਼ਾਮਲ ਸਨ ।

## ਅਕਵਿੰਦਰ ਸਿੰਘ ਗੋਸਲ ਬਣੇ ਟ੍ਰੇਡਰਜ਼ ਕਮਿਸ਼ਨ ਦੇ ਚੇਅਰਪਰਸਨ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਟਰੇਡਰਜ਼ ਮਾਰਕੀਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਕਬਿੰਦਰ ਸਿੰਘ ਗੋਸਲ ਨੂੰ ਟ੍ਰੇਡਰਜ਼ ਕਮਿਸ਼ਨ, ਵਿਧਾਨ ਸਭਾ ਹਲਕਾ ਮੁਹਾਲੀ ਦਾ ਚੇਅਰਪਰਸਨ ਤੇ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਐਸ ਏ ਐਸ ਨਗਰ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਸਰਕਾਰ ਵਲੋਂ ਮਲਕੀਤ ਸਿੰਘ, ਰਾਜੇਸ਼ ਰਾਣਾ, ਅਮਿਤ ਕੁਮਾਰ, ਗੁਰਚਰਨ ਸਿੰਘ, ਅਸ਼ੋਕ ਕੁਮਾਰ, ਪਦਮ ਭੂਸ਼ਣ, ਜਸਪਾਲ ਸਿੰਘ, ਪੰਕਜ ਸ਼ਰਮਾ, ਮਗਨ ਲਾਲ, ਰਾਮ ਕੁਮਾਰ ਵਰਮਾ ਨੂੰ ਟ੍ਰੇਡਰਜ਼ ਕਮਿਸ਼ਨ ਵਿਧਾਨਸਭਾ ਹਲਕਾ ਮੁਹਾਲੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਮਾਰਕੀਟ ਕਮੇਟੀ ਮੁਹਾਲੀ ਦੇ ਚੇਅਰਮੈਨ ਗੋਵਿੰਦਰ ਮਿੱਤਲ ਵੱਲੋਂ ਅਕਬਿੰਦਰ ਸਿੰਘ ਗੋਸਲ ਨੂੰ ਟ੍ਰੇਡਰਜ਼ ਕਮਿਸ਼ਨ, ਵਿਧਾਨਸਭਾ ਹਲਕਾ ਮੁਹਾਲੀ ਦਾ ਚੇਅਰਪਰਸਨ ਨਿਯੁਕਤ ਕੀਤੇ ਜਾਣ ਤੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਟ੍ਰੇਡ ਵਿੰਗ ਜਿਲ੍ਹਾ ਮੁਹਾਲੀ ਦੇ ਪ੍ਰਧਾਨ ਤਰਲੋਚਨ ਸਿੰਘ ਬੈਦਵਾਣ, ਅਤੇ ਟ੍ਰੇਡਰਜ਼ ਕਮਿਸ਼ਨ ਵਿਧਾਨਸਭਾ ਹਲਕਾ ਮੁਹਾਲੀ ਦੇ ਮੈਂਬਰ ਜਸਪਾਲ ਸਿੰਘ, ਪਦਮ ਭੂਸ਼ਣ ਮੈਂਬਰ ਅਤੇ ਅਸ਼ੋਕ ਕੁਮਾਰ ਨੀਟਾ ਵੀ ਹਾਜ਼ਰ ਸਨ।



# ਲੜਕੀ ਦੀਆਂ ਲੱਤਾਂ ਉੱਪਰੋਂ ਲੰਘਿਆ ਟਿੱਪਰ

**ਮਾਹਿਲਪੁਰ (ਸ.ਫ਼ਰੀ)**- ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ ਤੇ ਪੈਂਦਾ ਸ਼ਹਿਰ ਮਾਹਿਲਪੁਰ ਦੇ ਮੇਨ ਚੌਂਕ ਵਿੱਚ ਇਕ ਲੜਕੀ ਦੀਆਂ ਲੱਤਾਂ ਉਤੋਂ ਟਿੱਪਰ ਲੰਘਣ ਨਾਲ ਦੋਵੇਂ ਲੱਤਾਂ ਨਕਾਰਾ ਹੋ ਗਈਆਂ । ਮੌਕੇ ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਲਖਵਿੰਦਰ ਕੌਰ ਪੁੱਤਰੀ ਜਸਵੀਰ ਸਿੰਘ (26)ਵਾਸੀ ਮਹਿਮਦੋਵਾਲ ਕਲਾਂ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਸਵੇਰੇ ਲਗਭਗ ਸਾਢੇ ਕੋ ਨੌ ਵਜੇ ਆਪਣੀ ਐਕਟਿਵਾ ਨੰਬਰ ਪੀ ਬੀ 07 ਏ ਕੇ 1330 ਤੇ ਜਦੋਂ ਮਾਹਿਲਪੁਰ ਮੇਨ ਚੌਂਕ ਵਿੱਚ ਪਹੁੰਚੀ ਤਾਂ ਹੁਸ਼ਿਆਰਪੁਰ ਵਲੋਂ ਆ ਰਹੇ ਬਜ਼ਰੀ ਨਾਲ ਭਰੇ ਟਿੱਪਰ ਜੋ ਗੁਰਦਾਸਪੁਰ ਤੋਂ ਆ ਰਿਹਾ ਸੀ ਦੇ ਪਿਛਲੇ ਟਾਇਰਾਂ ਥੱਲੇ ਆਉਣ ਨਾ ਦੋਵੇਂ ਲੱਤਾਂ ਚਕਨਾਚੂਰ ਹੋ ਗਈਆਂ । ਇਹ ਨੌਜਵਾਨ ਲੜਕੀ ਆਦਰਸ਼ ਅਕੈਡਮੀ ਮਾਹਿਲਪੁਰ ਵਿੱਚ ਨੌਕਰੀ ਕਰ ਰਹੀ ਸੀ। 112 ਨੰਬਰ ਤੇ ਫੋਨ ਕਰਨ ਉਪਰੰਤ ਐਂਬੂਲੈਂਸ ਨਾ ਪਹੁੰਚਣ ਤੇ ਰਾਹਗੀਰਾਂ ਨੇ ਲੜਕੀ ਨੂੰ ਐਕਟਿਵਾ ਦੇ ਸਹਾਰੇ ਨਾਲ ਸਿਵਲ ਹਸਪਤਾਲ ਮਾਹਿਲਪੁਰ ਪਹੁੰਚਾਇਆ। ਜਿਥੇ ਸਰਜੀਕਲ ਡਾਕਟਰ ਬਲਜਿੰਦਰ ਕੁਮਾਰ ਨੇ ਮੁਢਲੀ ਸਹਾਇਤਾ ਦੇ ਕੇ ਲੜਕੀ ਦੇ ਹਾਲਾਤ ਨਾਜ਼ੁਕ ਦੇਖਦੇ ਹੋਏ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਥਾਣਾ ਮਾਹਿਲਪੁਰ ਦੀ ਪੁਲਸ ਨੇ ਟਿੱਪਰ ਨੂੰ ਕਬਜ਼ੇ ਵਿਚ ਲੈ ਕੇ ਡਰਾਈਵਰ ਤੋਂ ਕੀਤੀ ਪੁੱਛਗਿੱਛ ਜਾ ਰਹੀ ਹੈ।




# ਧੀਆਂ ਨੂੰ ਸਨਮਾਨਤ ਕਰਕੇ ਲੋਹੜੀ ਦਾ ਤਿਉਹਾਰ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਸ਼ਹਿਰ ਦੇ ਮੁਹੱਲਾ ਦਸਮੇਸ਼ ਨਗਰ ਵਿਖੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਵੱਲੋਂ ਲੋਹੜੀ ਅਤੇ ਮਾਘੀ ਦਾ ਪਵਿੱਤਰ ਦਿਹਾੜਾ ਬਹੁਤ ਹੀ ਸ਼ਲਾਘਾਯੋਗ ਤਰੀਕੇ ਨਾਲ ਮਨਾਇਆ ਗਿਆ । ਇਸ ਮੌਕੇ ਸੰਸਥਾ ਦੇ ਪ੍ਰਧਾਨ ਹਰਿੰਦਰ ਸਿੰਘ ਵੱਲੋਂ ਇਲਾਕੇ ਦੀ ਕੁੱਝ ਲੜਕੀਆਂ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ । ਜਿਨ੍ਹਾਂ ਲੜਕੀਆਂ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ, ਜਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ, ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ । ਸਿਮਰਨਜੀਤ ਬੈਂਸ (ਪੁਤਰੀ ਵਰਿੰਦਰ ਬੈਂਸ ) ਨੇ ਬੀ ਡੀ ਐਸ ਵਿੱਚ ਡਾਕਟਰ ਦੀ ਡੀਗਰੀ ਪ੍ਰਾਪਤ ਕੀਤੀ । ਮੁਸਕਾਨ ਸਿੰਘ (ਪੁਤਰੀ ਵੀਰ ਸਿੰਘ) ਨੇ ਲਵਲੀ ਯੂਨੀਵਰਸਿਟੀ ਤੋਂ ਵਪਾਰ ਵਿਗਿਆਨ (ਬੈਚਲਰ ਇਨ ਬਿਜ਼ਨਸ ਸਾਇੰਸ ਬੀ ਬੀ ਏ) ਵਿੱਚ ਸਨਾਤਕ ਦੀ ਡੀਗਰੀ ਪ੍ਰਾਪਤ ਕੀਤੀ । ਹੁਣ ਇਹ ਲੜਕੀ ਅਮਰੀਕਾ ਦੀ ਕੰਪਨੀ ਵਿੱਚ ਐਚ ਆਰ ਵੱਜੋਂ ਨੌਕਰੀ ਵੀ ਕਰ ਰਹੀ ਹੈ । ਦਲਜੀਤ ਕੌਰ (ਪੁਤਰੀ ਚਮਨ ਲਾਲ ) ਨੇ ਫਾਰਮੇਸੀ ਵਿੱਚ ਡਿਗਰੀ (ਬੀ ਫਰਮਾ ) ਹਾਸਲ ਕੀਤੀ । ਰਸਮਪ੍ਰੀਤ ਕੌਰ ਛੇਵੀਂ ਜਮਾਤ ਵਿੱਚ ਹੈ । ਉਹ ਖੋ ਖੋ ਖੇਡ ਵਿੱਚ ਵੀ ਸਕੂਲ ਦੀ ਟੀਮ ਵੀ ਲਗਾਤਾਰ ਖੇਡਦੀ ਹੈ ਅਤੇ ਵਿਦਿਆ ਵਿੱਚ ਵੀ ਬਹੁਤ ਵਧੀਆ ਅੰਕ ਪ੍ਰਾਪਤ ਕਰ ਰਹੀ ਹੈ । ਸੋਨਾਕਸ਼ੀ ਰੱਲ ਵੀ ਛੇਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਵਿਦਿਆ ਵਿੱਚ ਬੇਹਤਰੀਨ ਪ੍ਰਦਰਸ਼ਨ ਕੀਤਾ ਹੈ । ਇਸ ਮੌਕੇ ਹਰਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਮਾਘੀ ਸਭਾ ਨੂੰ ਯਾਦ ਕਰਦਿਆਂ ਚਾਲੀ ਮੁਕਤਿਆਂ ਨੂੰ ਵੀ ਯਾਦ ਕੀਤਾ ਗਿਆ। ਬੱਚਿਆਂ ਨੇ ਲਕੜੀਆਂ ਨੂੰ ਅਗਨੀ ਵਖਾਈ ਗਈ । ਬੀਬੀਆਂ ਭੈਣਾਂ ਨੇ ਧਾਰਮਿਕ ਅਤੇ ਲੋਹੜੀ ਦੇ ਗੀਤ ਗਾਏ। ਸਮੂਹ ਮੁਹੱਲਾ ਨਿਵਾਸੀ ਅਮਰਜੀਤ ਕੌਰ, ਮੱਖਣ ਸਿੰਘ, ਹਰਜੀਤ ਸਿੰਘ, ਸਤਨਾਮ ਸਿੰਘ, ਪਰਮਿੰਦਰ ਸਿੰਘ ਰਿੰਕੂ, ਗੁਰਮੀਤ ਸਿੰਘ ਨਿੱਝਰ, ਅਵਤਾਰ ਸਿੰਘ, ਬਲਵਿੰਦਰ ਕੌਰ, ਹਰਪ੍ਰੀਤ ਕੌਰ, ਸੁਮਨ, ਬਖਸ਼ੀਸ਼ ਕੌਰ, ਜੀਵਨ ਕੌਰ , ਪਰਮਿੰਦਰ ਕੌਰ, ਸੁਖਵਿੰਦਰ ਕੌਰ, ਰਵਿੰਦਰ ਕੁਮਾਰ, ਤੋਸ਼ਨਾ , ਜਸਵੀਰ ਕੌਰ ਆਦਿ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ । ਬੱਚੇ ਜਸਪ੍ਰੀਤ ਸਿੰਘ, ਗੁਰਲੀਨ ਕੌਰ, ਏਕਮ ਰੱਲ , ਜਪਮਨ ਸਿੰਘ ਆਦਿ ਵੀ ਹਾਜ਼ਰ ਸਨ ।



# ਘਰ ਖੜ੍ਹੀ ਮਹਿੰਦਰਾ ਬਲੈਰੋ ਦਾ ਟੋਲ ਕੱਟਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਾਵੇਂ ਸਰਕਾਰ ਵੱਲੋਂ ਆਨਲਾਈਨ ਸਿਸਟਮ ਤਹਿਤ ਟੋਲ ਪਲਾਜ਼ੇ ਤੋਂ ਲੰਘਣ ਵਾਲੀਆਂ ਗੱਡੀਆਂ ਦਾ ਟੋਲ ਕੱਟਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਘਰ ਖੜ੍ਹੀ ਮਹਿੰਦਰਾ ਬਲੈਰੋ ਗੱਡੀ ਦਾ ਟੋਲ ਕੱਟਣਾ ਇਲਾਕੇ 'ਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਗੱਡੀ ਚਾਲਕ ਪੁਨੀਤ ਕੁਮਾਰ ਵਾਸੀ ਤੇਗ ਬਹਾਦਰ ਨਗਰ ਬੰਗਾ ਰੋਡ ਨਵਾਂਸ਼ਹਿਰ ਨੇ ਦੱਸਿਆ ਕਿ ਉਨ੍ਹਾਂ ਦੀ ਮਹਿੰਦਰਾ ਬਲੈਰੋ ਗੱਡੀ ਨੰਬਰ ਪੀ ਬੀ 32 ਏ ਡੀ 6196 ਜੋ ਕਿ ਕੁਝ ਦਿਨਾਂ ਤੋਂ ਉਸ ਦੇ ਘਰ ਦੇ ਕੋਲ ਖੜੀ ਹੈ। ਉਸ ਦਾ ਅੱਜ ਲਾਡੋਵਾਲੀ ਟੋਲ ਪਲਾਜ਼ੇ ਤੇ ਗੱਡੀ ਨੰਬਰ ਪੀ ਬੀ 32 ਏਡੀ 6196 ਦਾ ਸਵੇਰੇ 10.35 ਵਜੇ ਇਕ ਟੈਕਸਨ ਆਈ ਡੀ ਤਹਿਤ 220 ਰੁਪਏ ਕੱਟਣ ਦਾ ਮੈਸੇਜ ਪ੍ਰਾਪਤ ਹੋਇਆ ਹੈ। ਪੁਨੀਤ ਨੇ ਇਸ ਮਾਮਲੇ ਵਿਚ ਬਣਦੀ ਜਾਂਚ ਕਰਕੇ ਇਸ ਮਾਮਲੇ ਵਿਚ ਸ਼ਾਮਲ ਅਣਪਛਾਤਿਆਂ ਖਿਲਾਫ਼ ਬਣਦੀ ਕਾਰਵਾਈ ਕਰਨ ਤੇ ਉਸ ਦੇ ਕੱਟੇ ਗਏ ਪੈਸੇ ਉਸ ਦੇ ਬੈਂਕ ਖਾਤੇ ਵਿਚ ਵਾਪਸ ਕਰਵਾਉਣ ਦੀ ਪੁਰਜ਼ੋਰ ਮੰਗ ਵੀ ਕੀਤੀ ਹੈ।



## ਵਿਧਾਇਕ ਨੇ 5 ਪ੍ਰਮੁੱਖ ਸੜਕਾਂ ਦੇ ਰੱਖੇ ਨੀਂਹ ਪੱਥਰ

**ਮੋਹਾਲੀ (ਗੁਰਜੀਤ ਬਿੱਲਾ)**- ਮੋਹਾਲੀ ਹਲਕੇ ਦੇ ਵਿਧਾਇਕ ਸ. ਕੁਲਵੰਤ ਸਿੰਘ ਵੱਲੋਂ ਅੱਜ ਹਲਕੇ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਨੂੰ ਜੋੜਨ ਵਾਲੇ ਸੜਕੀ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ ਵੱਡਾ ਕਦਮ ਚੁੱਕਿਆ ਗਿਆ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ 'ਤੇ ਤਿੰਨ ਨੀਂਹ ਪੱਥਰ ਰੱਖ ਕੇ ਕੁੱਲ 5 ਅਹਿਮ ਸੜਕਾਂ ਦੇ ਨਿਰਮਾਣ ਅਤੇ ਰੱਖ-ਰਖਾਅ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ।



## ਗੁਰੂ ਰਵਿਦਾਸ ਜੈਯੰਤੀ ਤੇ ਰਾਜ ਪੱਧਰੀ ਸਮਾਰੋਹ 31 ਨੂੰ

**ਚੰਡੀਗੜ੍ਹ, (ਨ ਜ ਸ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੰਤ ਮਹਾਪੁਰਖਾਂ ਦੀ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਜੁੜੇ ਪਹਿਲੂਆਂ ਦੀ ਜਾਣਕਾਰੀ ਅੱਜ ਦੀ ਯੁਵਾ ਪੀੜੀ ਤੱਕ ਪਹੁੰਚਾਉਣ ਲਈ ਉਨ੍ਹਾਂ ਦੀ ਜੈਯੰਤਿਆਂ 'ਤੇ ਸਰਕਾਰੀ ਤੌਰ 'ਤੇ ਸਮਾਰੋਹ ਦਾ ਆਯੋਜਨ ਕਰਨ ਦੀ ਸ਼ੁਰੂਆਤ ਕਰ ਸਮਾਜ ਵਿੱਚ ਸਮਾਜਿਕ ਸਮਰਸਤਾ ਨੂੰ ਇੱਕ ਸੰਦੇਸ਼ ਦਿੱਤਾ ਹੈ। ਇਸ ਦਿਸ਼ਾ ਵਿੱਚ ਸਰਕਾਰ ਵੱਲੋਂ ਸੰਤ ਸ਼ਿਰੋਮਣੀ ਗੁਰੂ ਰਵਿਦਾਸ ਜੀ ਦੀ ਜੈਯੰਤੀ ਦੇ ਮੌਕੇ 'ਤੇ 31 ਜਨਵਰੀ ਨੂੰ ਕੁਰੂਕਸ਼ੇਤਰ ਦੇ ਉਮਰੀ ਵਿੱਚ ਰਾਜ ਪੱਧਰੀ ਸਮਾਰੋਹ ਦਾ ਆਯੋਜਨ ਕੀਤਾ ਜਾਵੇਗਾ। ਇਸ ਸਮਾਰੋਹ ਦੀ ਅਗਵਾਈ ਸੂਬੇ ਦੇ ਕੈਬਨਿਟ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਕਰਨਗੇ।